# 3. ਹਿੰਦੁਸਤਾਨੀ ਸੰਗੀਤ ਅਤੇ ਸੂਫ਼ੀ ਸੰਗੀਤ : ਵਿਭਿੰਨ ਇਤਿਹਾਸਿਕ ਪਰਿਪੇਖ

ਭਾਰਤ ਦੇ ਇਤਿਹਾਸ ਵਿਚ ਭਗਤੀ ਦੀ ਵਿਕਾਸਧਾਰਾ ਤੇ ਝਾਤ ਪਾਈਏ ਤਾਂ ਪਤਾ ਚਲਦਾ ਹੈ ਕਿ ਭਗਤੀ ਅਤੇ ਧਰਮ ਦਾ ਆਰੰਭ ਆਦਿ ਕਾਲ ਤੋਂ ਹੀ ਸੰਗੀਤ ਨਾਲ ਜੁੜਿਆ ਹੋਇਆ ਹੈ। ਵੈਦਿਕ ਯੁੱਗ ਤੋਂ ਹੀ ਅਧਿਆਤਮਿਕ ਸੰਗੀਤ ਦੀ ਰਚਨਾ ਦਾ ਇਤਿਹਾਸ ਸ਼ੁਰੂ ਹੋ ਜਾਂਦਾ ਹੈ। ਭਾਰਤ ਦੀ ਵਿਸ਼ਾਲ ਸੰਸਕ੍ਰਿਤੀ ਵਿਚ ਅਨੇਕ ਧਰਮ ਹਨ, ਜਿਵੇਂ ਕਿ ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ, ਇਸਲਾਮ ਧਰਮ ਅਤੇ ਸਿੱਖ ਧਰਮ ਆਦਿ। ਹਰੇਕ ਧਰਮ ਨੇ ਆਪਣੀ-ਆਪਣੀ ਪਰੰਪਰਾ ਅਤੇ ਰੀਤੀ-ਰਿਵਾਜ਼ ਦੇ ਅਨੁਸਾਰ ਅਧਿਆਤਮਿਕ ਭਾਵਾਂ ਦੀ ਅਨੁਭੂਤੀ ਦੇ ਲਈ ਸੰਗੀਤ ਦਾ ਪ੍ਰਯੋਗ ਕੀਤਾ ਹੈ। ਸੰਗੀਤ ਨੂੰ ਰਿਸ਼ੀਆਂ-ਮੁਨੀਆਂ, ਗੁਰੂਆਂ, ਪੀਰਾਂ, ਫ਼ਕੀਰਾਂ, ਸੂਫ਼ੀਆਂ ਨੇ ਪ੍ਰਮਾਤਮਾ ਦੀ ਪ੍ਰਾਪਤੀ ਦਾ ਸੁਗਮ ਸਾਧਨ ਮੰਨਿਆ ਹੈ ਅਤੇ ਕਈਆਂ ਨੇ ਸੰਗੀਤ ਨੂੰ ਹੀ ਨਾਦ ਬ੍ਰਹਮ ਕਹਿ ਕੇ ਈਸ਼ਵਰ ਦਾ ਰੂਪ ਮੰਨਿਆ ਹੈ।

ਸੰਗੀਤ ਅਧਿਆਤਮਿਕ ਅਭਿਵਿਅਕਤੀ ਦਾ ਸਭ ਤੋਂ ਉੱਚ ਮਾਧਿਅਮ ਹੈ। ਅਨਹਦ ਨਾਦ ਦੀ ਆਲੌਕਿਕ ਧੁਨੀ ਅਧਿਆਤਮਿਕਤਾ ਦੇ ਪਰਦੇ ਖੋਲ੍ਹ ਕੇ ਪ੍ਰਾਣੀ ਮਾਤਰ ਨੂੰ ਉਸ ਪ੍ਰਮੇਸ਼ਵਰ ਦੇ ਨਾਲ ਜੋੜਦੀ ਹੈ। ਪ੍ਰਾਚੀਨ ਰਿਸ਼ੀਆਂ-ਮੁਨੀਆਂ ਨੇ ਇਸ਼ਟ ਦੀ ਅਰਾਧਨਾ ਦੇ ਲਈ ਭਗਤੀ ਕਾਵਿ ਦੀ ਸਿਰਜਣਾ ਕੀਤੀ। ਇਹ ਗੀਤ ਕਾਵਿ (ਭਗਤੀ ਕਾਵਿ) ਸੰਗੀਤ ਨਾਲ ਓਤ-ਪ੍ਰੋਤ ਮਿਲਦੇ ਹਨ। ਵੈਦਿਕ ਕਾਲ ਤੋਂ ਹੀ ਗਾਇਨ ਦੀਆਂ ਵਿਭਿੰਨ ਪਦਿੱਤੀਆਂ (ਸ਼ੈਲੀਆਂ) ਅਧਿਆਤਮਿਕ ਰਸ ਨਾਲ ਪ੍ਰਵਾਹਿਤ ਪਾਈਆਂ ਜਾਂਦੀਆਂ ਹਨ। ਸੰਗੀਤ ਕਲਾ ਆਰੰਭ ਤੋਂ ਹੀ ਅਧਿਆਤਮ ਦਾ ਆਧਾਰ ਲੈ ਕੇ ਉਸੇ ਦੀ ਛਤਰ ਛਾਇਆ ਹੇਠ ਵਿਕਸਿਤ ਹੋਈ। "ਸਭੀ ਕਲਾਓ ਮੇਂ ਅਧਿਆਤਮਿਕ ਪਕਸ਼ ਕੀ ਪ੍ਰਧਾਨਤਾ ਹੋਨੇ ਕੇ ਕਾਰਨ ਭਾਰਤੀਏ ਸੰਗੀਤ ਕਲਾ ਭੀ ਪ੍ਰਾਰੰਭ ਸੇ ਹੀ ਧਰਮ ਦਾ ਆਧਾਰ ਲੇਕਰ ਚਲੀ ਹੈ। ਸੰਗੀਤ ਕਲਾ ਦਾ ਚਰਮ ਆਦਰਸ਼ ਮੋਕਸ਼ ਪ੍ਰਾਪਤੀ, ਆਤਮਾ ਕਾ ਪ੍ਰਮਾਤਮਾ ਸੇ ਮਿਲਨ, ਤਥਾ ਪਰਮ ਸ਼ਾਂਤੀ ਕੋ ਪ੍ਰਧਾਨ ਕਰਨਾ ਮਾਨਾ ਗਆ ਹੈ।"[1]

ਜੇਕਰ ਵਾਸਤਵਿਕ ਰੂਪ ਵਿਚ ਦੇਖਿਆ ਜਾਵੇ ਤਾਂ ਅਧਿਆਤਮਿਕ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਦਾ ਮੂਲ ਮਾਧਿਅਮ ਸੰਗੀਤ ਹੀ ਹੈ, ਜੋ ਅੱਜ ਤੱਕ ਪਰੰਪਰਾਗਤ ਰੂਪ ਵਿਚ ਹੀ ਚਲ ਰਿਹਾ ਹੈ। ਕੋਈ ਵੀ ਭਗਤ ਸੰਗੀਤ ਤੋਂ ਬਿਨ੍ਹਾਂ ਉਸ ਪ੍ਰਮਾਤਮਾ ਨਾਲ ਇਕਸੁਰਤਾ ਹਾਸਿਲ ਨਹੀਂ ਕਰ ਸਕਦਾ। "ਵਿਕਾਸ ਕਰਮ ਮੇਂ ਭਕਤੀ ਔਰ ਸੰਗੀਤ ਹਮੇਸ਼ਾ ਏਕ ਦੂਸਰੇ ਕੇ ਪੂਰਕ ਰਹੇ ਹੈਂ, ਏਕ ਔਰ ਸੰਗੀਤ ਕੋ ਭਕਤੀ ਸਾਹਿਤਅ ਦਾ ਅਪਾਰ ਭੰਡਾਰ ਮਿਲਾ, ਵਿਭਿੰਨ ਛੰਦੋਂ ਸੇ ਲੈਅ ਔਰ ਤਾਲ ਕੇ ਵਿਵਿਧ ਰੂਪ ਵਿਕਸਿਤ ਹੁਏ, ਕਾਵਿਅ ਕੇ ਵਿਭਿੰਨ ਰੂਪੋਂ ਸੇ ਸੰਗੀਤ ਜੁੜਾ ਔਰ ਭਕਤੀ ਭਾਵਨਾ ਕੀ ਪ੍ਰਧਾਨਤਾ ਕੇ ਕਾਰਨ ਧਰਮ ਕੇ ਸਾਥ ਸੰਗੀਤ ਕਾ ਭੀ ਪ੍ਰਚਾਰ ਪ੍ਰਸਾਰ ਹੂਆ।"[2] ਸੰਗੀਤ ਰੂਪੀ ਨਾਦ ਬਹੁਤ ਹੀ ਸੂਖਮ ਅਤੇ ਸਰਬ ਵਿਆਪਕ ਹੈ। ਇਸੇ ਨਾਦ ਦੀ ਅਰਾਧਨਾ ਨਾਲ ਸੰਤਾਂ, ਯੋਗੀਆਂ ਨੇ ਸਰਬ ਵਿਆਪਕ ਅਤੇ ਸਰਬ ਸ਼ਕਤੀਮਾਨ ਪ੍ਰਭੂ ਨਾਲ ਇਕਸੁਰਤਾ ਹਾਸਿਲ ਕੀਤੀ ਹੈ। "ਭਾਰਤ ਮੇਂ ਸੰਗੀਤ ਕੀ ਪਰੰਪਰਾ ਬਹੁਤ ਪ੍ਰਾਚੀਨ ਕਾਲ ਸੇ ਚਲੀ ਆ ਰਹੀ ਹੈ। ਵੈਦਿਕ

---

[1] ਖੰਨਾ, ਜਤਿੰਦਰ ਸਿੰਘ, ਮੱਧਅਕਾਲੀਨ ਧਰਮੋ ਮੇਂ ਸ਼ਾਸਤਰੀ ਸੰਗੀਤ ਕਾ ਤੁਲਨਾਤਮਿਕ ਅਧਿਐਨ, ਪੰਨਾ 91.
[2] ਸ੍ਰੀ ਵਾਸਤਵ, ਸੁਧਾ, ਭਾਰਤੀਏ ਸੰਗੀਤ ਕਾ ਮੂਲ ਆਧਾਰ, ਪੰਨਾ 42.

ਯੁਗ ਮੇਂ ਯਗ ਆਦਿ ਧਾਰਮਿਕ ਅਨੁਸ਼ਠਾਨੋਂ ਮੇਂ ਸਮੇਂ ਕੇ ਵਿਭਿੰਨ ਦੇਵੀ-ਦੇਵਤਾਓਂ ਕੇ ਲਿਏ ਜੋ ਸਸਵਰ ਮੰਤਰ ਗਾਏ ਜਾਤੇ ਥੇ, ਵੇ ਭਕਤੀ ਸੰਗੀਤ ਕਾ ਸਬਸੇ ਪ੍ਰਾਚੀਨ ਰੂਪ ਹੈਂ।"[1]

"ਸੰਸਾਰ ਦੇ ਅਨੇਕ ਮਹਾਤਮਾਵਾਂ ਨਿਰਗੁਣ ਤੇ ਸਗੁਣ ਸੰਤਾਂ ਨੇ ਸੰਗੀਤ ਨੂੰ ਇੱਕ ਰੱਬੀ ਮਾਧਿਅਮ ਦੇ ਰੂਪ ਵਿਚ ਸਵੀਕਾਰਿਆ ਹੈ। ਇਹਨਾਂ ਭਗਤਾਂ ਨੇ ਆਪਣੀ ਭਾਵਨਾ, ਅਰਾਧਨਾ ਅਤੇ ਉਪਾਸਨਾ ਨੂੰ ਪ੍ਰਗਟਾਉਣ ਵਾਸਤੇ ਸੰਗੀਤ ਨੂੰ ਮਾਧਿਅਮ ਬਣਾਇਆ।"[2]

ਸੰਗੀਤ ਨੂੰ ਧਰਮ, ਅਰਥ, ਕਾਮ ਅਤੇ ਮੋਕਸ਼ ਚਾਰੇ ਪੁਰਸਾਰਥਾਂ ਦਾ ਸਾਧਨ ਦੱਸਿਆ ਗਿਆ ਹੈ। ਅਨੇਕ ਯੋਗੀਆਂ, ਰਿਸ਼ੀਆਂ-ਮੁਨੀਆਂ ਦੇ ਚਿੰਤਨ, ਮਨਨ ਅਤੇ ਸਾਧਨਾ ਨਾਲ ਹੀ ਸੰਗੀਤ ਦਾ ਸਵਰੂਪ ਸਥਿਰ ਹੋਇਆ। ਸੰਗੀਤ ਦਾ ਮੂਲ ਰੂਪ ਵਿਚ ਲਕਸ਼ ਹੀ ਇਸ਼ਟਦੇਵ ਦੀ ਅਰਾਧਨਾ ਅਤੇ ਮੋਕਸ਼ ਪ੍ਰਾਪਤੀ ਹੈ। "ਜਿਸ ਪ੍ਰਕਾਰ ਸਰੀਰ ਦਾ ਸਪੰਨਦਨ ਪ੍ਰਾਣ ਹੈ, ਉਸੀ ਪ੍ਰਕਾਰ ਸੰਗੀਤ-ਕਾ ਸਪੰਨਦਨ ਭਕਤੀ ਹੈ ਔਰ ਭਕਤੀ ਕਾ ਸੰਗੀਤ। ...ਬਿਨ੍ਹਾਂ ਭਕਤੀ ਕੇ ਕੋਈ ਭੀ ਤਤਵ ਪੂਰਣਤਵ ਨਹੀਂ ਪਾਤਾ। ਇਸ ਤੱਥ ਕੋ ਦ੍ਰਿਸ਼ਟੀਗਤ ਰਖਤੇ ਹੂਏ ਵਿਸ਼ਵ ਕੇ ਸੰਪੂਰਣ ਸਾਹਿਤ ਕਾ ਅਵਲੋਕਨ ਕੀਏ ਜਾਨੇ ਪਰ ਵਿਦਿਤ ਹੋਤਾ ਹੈ ਕਿ ਜੋ ਕੁਝ ਭੀ ਅਮਰ ਸਾਹਿਤਅ (classic) ਹੈ। ਉਸਕੀ ਬੁਨਿਆਦ ਭਕਤੀ ਹੈ ਔਰ ਅਮਰਤਵ ਸੰਗੀਤ।"[3]

ਪ੍ਰਮਾਤਮਾ ਨੇ ਮਾਨਵ ਜਾਤੀ ਤੇ ਵਿਸ਼ੇਸ਼ ਕ੍ਰਿਪਾ ਕਰਕੇ ਜਿਨ੍ਹਾਂ ਅਨੇਕ ਸ਼ਕਤੀਆਂ ਦਾ ਵਰਦਾਨ ਦਿੱਤਾ ਹੈ, ਉਹਨਾਂ ਵਿਚੋਂ ਸੰਗੀਤ ਸਭ ਤੋਂ ਵਿਸ਼ੇਸ਼ ਹੈ। ਜੇਕਰ ਮਾਨਵ ਨੂੰ ਪ੍ਰਮਾਤਮਾ ਵੱਲੋਂ ਪ੍ਰਾਪਤ ਹੋਰ ਸ਼ਕਤੀਆਂ ਤਾਂ ਇਸੇ ਤਰ੍ਹਾਂ ਹੀ ਮਿਲੀਆਂ ਹੁੰਦੀਆਂ ਪਰ ਸੰਗੀਤਕ ਸ਼ਕਤੀ ਦਾ ਵਰਦਾਨ ਉਸਨੂੰ ਪ੍ਰਾਪਤ ਨਾ ਹੁੰਦਾ ਤਾਂ ਮਨੁੱਖ ਆਪਣੇ ਹਿਰਦੇ ਦੇ ਭਾਵਾਂ, ਆਪਣੀਆਂ ਅਨੁਭੂਤੀਆਂ ਅਤੇ ਆਪਣੀਆਂ ਕਲਪਨਾਵਾਂ ਦਾ ਪ੍ਰਗਟਾ ਕਰਨ ਵਿਚ ਸ਼ਾਇਦ ਅਸਮਰਥ ਹੀ ਰਹਿੰਦਾ। ਪ੍ਰਮਾਤਮਾ ਨੇ ਮਨੁੱਖ ਨੂੰ ਇਹ ਸੰਗੀਤਕ ਸ਼ਕਤੀ ਦੇ ਕੇ ਸੰਪੂਰਨਤਾ ਪ੍ਰਦਾਨ ਕੀਤੀ। ਇਸ ਅਦੁੱਤੀ ਸੰਗੀਤਕ ਸ਼ਕਤੀ ਦੇ ਕਾਰਣ ਹੀ ਮਨੁੱਖ ਆਪਣੇ ਅੰਦਰੂਨੀ ਭਾਵਾਂ ਅਤੇ ਵਿਚਾਰਾਂ ਨੂੰ ਦੂਸਰਿਆਂ ਤੱਕ ਸਹਿਜ ਭਾਵ ਨਾਲ ਪਹੁੰਚਾ ਸਕਿਆ। ਮਾਨਵ ਇਸ ਭਾਵ ਅਭਿਵਿਅਕਤੀ ਦੇ ਕਾਰਨ ਹੀ ਬ੍ਰਹਿਮੰਡ ਦੇ ਬਾਕੀ ਸਭ ਪ੍ਰਾਣੀਆਂ ਤੋਂ ਉੱਤਮ ਮੰਨਿਆ ਗਿਆ ਹੈ।

ਈਸ਼ਵਰ ਦਾ ਮਾਨਵ ਨੂੰ ਸਭ ਤੋਂ ਪਵਿੱਤਰ ਵਰਦਾਨ ਸੰਗੀਤ ਹੀ ਹੈ, ਜੋ ਕਿ ਸੂਖਮ, ਸਰਵਵਿਆਪੀ ਅਤੇ ਸਰਵ ਪ੍ਰਵਾਨਤ ਕਲਾ ਹੈ। ਲਲਿਤ ਕਾਲਾਵਾਂ ਦੇ ਅਨੁਭਵ ਅਤੇ ਆਨੰਦ ਦਾ ਸੰਬੰਧ ਮਨੁੱਖ ਦੀਆਂ ਇੰਦਰੀਆਂ ਨਾਲ ਹੈ। ਇਨ੍ਹਾਂ ਵਿਚ ਅੱਖਾਂ ਅਤੇ ਕੰਨਾਂ ਦੁਆਰਾ ਪ੍ਰਾਪਤ ਕੀਤੇ ਆਨੰਦ ਨੂੰ ਖਾਸ ਮੁਕਾਮ ਹਾਸਿਲ ਹੈ। ਅੱਖਾਂ ਦੁਆਰਾ ਕੇਵਲ ਸਥੂਲ ਕਲਾਵਾਂ ਦਾ ਹੀ ਆਨੰਦ ਮਾਣ ਸਕਦੀਆਂ ਹਨ। ਲੌਕਿਕ ਨੂੰ ਛੱਡ ਕੇ ਆਲੌਕਿਕ ਜਗਤ ਤੱਕ ਪਹੁੰਚਣਾ ਅੱਖਾਂ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਇਸੇ ਕਾਰਨ ਹੀ ਸ਼ਾਇਦ ਅਜਿਹੀਆਂ ਕਲਾਵਾਂ ਦੀ ਸਿਰਜਣਾ ਹੋਈ ਜਿਨ੍ਹਾਂ ਦਾ ਸੰਬੰਧ ਕੰਨਾਂ ਨਾਲ ਅਰਥਾਤ ਸੁਣਨ ਨਾਲ ਹੈ। ਅਜਿਹੀਆਂ ਕਾਲਾਵਾਂ ਨੇ ਮਨੁੱਖੀ ਮਨ ਦੀ ਆਨੰਦ ਪ੍ਰਾਪਤ ਕਰਨ ਦੀ ਰੁਚੀ ਨੂੰ ਸੰਤੁਸ਼ਟਤਾ ਅਤੇ ਸਦੀਵਤਾ

[1] ਸੰਗੀਤ, ਭਕਤੀ ਸੰਗੀਤ ਅੰਕ, ਜਨਵਰੀ 1970, ਪੰਨਾ 20.
[2] ਨਾਨਕ ਪ੍ਰਕਾਸ਼ ਪੱਤ੍ਰਿਕਾ-ਭਗਤੀ ਵਿਸ਼ੇਸ਼ ਅੰਕ ਜੂਨ 1985, ਪੰਨਾ 193.
[3] ਸੰਗੀਤ, ਭਕਤੀ ਸੰਗੀਤ ਅੰਕ, ਜਨਵਰੀ 1970, ਪੰਨਾ 29.

ਪ੍ਰਦਾਨ ਕੀਤੀ। ਸੁਣਨ ਵਾਲੀਆਂ ਕਾਲਾਵਾਂ ਵਿਚ ਸੰਗੀਤ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਸੰਗੀਤ ਭਾਸ਼ਾ ਦੇ ਬੰਧਨ ਤੋਂ ਵੀ ਮੁਕਤ ਹੈ। ਸੰਗੀਤ ਇੱਕ ਵਿਸ਼ਵਿਆਪੀ ਕਲਾ ਹੈ। "ਜਹਾਂ ਅਭਿਵਿਅੰਜਨਾ ਮੇਂ ਕਾਵਿ ਅਸਮਰਥ ਹੈ ਵਹਾਂ ਸੇ ਸੰਗੀਤ ਕੀ ਪ੍ਰਥਮ ਸੀੜੀ ਪ੍ਰਾਰੰਭ ਹੋਤੀ ਹੈ।"[1] ਜਿੱਥੇ ਸ਼ਬਦਾਂ ਦੀ ਭਾਸ਼ਾ ਤੋਂ ਭਾਵ ਪ੍ਰਗਟ ਨਹੀਂ ਹੋ ਸਕਦੇ ਉੱਥੇ ਸੰਗੀਤ ਦੀ ਦੈਵੀ ਭਾਸ਼ਾ ਦਾ ਆਰੰਭ ਹੁੰਦਾ ਹੈ। ਸੰਗੀਤ ਦੀ ਇਸ ਦੈਵੀ ਭਾਸ਼ਾ ਦਾ ਮੂਲ ਤੱਤ ਨਾਦ ਹੈ।

ਸੰਗੀਤ ਆਦਿਕਾਲੀਨ ਕਲਾ ਹੈ, ਜਿਸ ਦਾ ਜਨਮ ਸ਼੍ਰਿਸਟੀ ਦੇ ਰਚਨਾ ਦੇ  ਨਾਲ ਹੀ ਹੋ ਗਿਆ ਸੀ। ਇਸੇ ਲਈ ਭਾਰਤੀ ਸੰਗੀਤ ਨੂੰ ਅਨਾਦਿ ਮੰਨਿਆ ਗਿਆ ਹੈ। ਆਦਿ ਕਾਲੀਨ ਸੰਗੀਤ ਅਤੇ ਆਦਿਕਾਲੀਨ ਮਾਨਵ ਦੋਵੇਂ ਹੀ ਇੱਕ ਦੂਸਰੇ ਦੇ ਸਮਕਾਲੀ ਹਨ। ਸੰਗੀਤ ਨੂੰ ਆਰੰਭ ਤੋਂ ਹੀ ਭਾਰਤੀ ਸੰਗੀਤ ਦੀ ਗੌਰਵਸ਼ਾਲੀ ਪਰੰਪਰਾ ਦੇ ਰੂਪ ਵਿਚ ਮੰਨਿਆ ਜਾਂਦਾ ਰਿਹਾ ਹੈ। ਰਿਸ਼ੀਆ ਮੁਨੀਆਂ ਅਤੇ ਗੁਰੂ, ਪੀਰਾਂ, ਪੈਗੰਬਰਾਂ ਨੇ ਸੰਗੀਤਕ ਨਾਦ ਰਾਹੀਂ ਹੀ ਅਧਿਆਤਮਿਕ ਆਨੰਦ ਤੱਕ ਪਹੁੰਚ ਕੀਤੀ ਅਤੇ ਇਸੇ ਸੰਗੀਤ ਨਾਦ ਨੂੰ ਨਾਦ ਬ੍ਰਹਮ ਕਹਿ ਕੇ ਸਤਿਕਾਰਿਆ ਹੈ।

## 3.1 ਨਾਦ

ਨਾਦ ਜੋ ਕਿ ਕੰਨਾਂ ਨਾਲ ਸੁਣਨ ਦੇ ਅਨੁਭਵ ਕਰਨ ਵਾਲੀ ਕਲਾ ਹੈ। "ਨਾਦ ਅਜਿਹਾ ਮਾਧਿਅਮ ਹੈ ਜਿਸ ਦੁਆਰਾ ਇਸ ਸਮੁੰਦਰ ਦੀ ਸਤ੍ਹਾ ਤੱਕ ਵੀ ਪਹੁੰਚਿਆ ਜਾ ਸਕਦਾ ਹੈ। ਇਹ ਹੀ ਕਾਰਨ ਹੈ ਕਿ ਸੰਗੀਤ ਮਨੁੱਖੀ ਹਿਰਦੇ ਦੇ ਡੂੰਘੇ ਪ੍ਰਦੇਸ਼ ਨਾਲ ਸੁਮੇਲਤਾ ਸਥਾਪਿਤ ਕਰਨ ਦੀ ਸਮਰੱਥਾ ਰੱਖਦਾ ਹੈ।"[2] ਸੰਗੀਤ ਦਾ ਆਧਾਰ ਨਾਦ ਹੈ। ਨਾਦ ਤੋਂ ਹੀ ਸਾਰੇ ਜਗਤ ਦੀ ਉਤਪਤੀ ਹੋਈ ਮੰਨੀ ਜਾਂਦੀ ਹੈ। "ਸ਼ਾਸਤਰਾਂ ਵਿਚ ਨਾਦ ਨੂੰ ਬ੍ਰਹਮ ਦੇ ਰੂਪ ਵਿਚ ਬਿਆਨ ਕੀਤਾ ਗਿਆ ਹੈ। ਨਾਦ ਅਦੁੱਤੀ ਅਤੇ ਅਨੰਦ ਸਰੂਪ ਹੈ। ਨਾਦ ਦੀ ਉਪਾਸਨਾ ਨਾਲ ਪਰਮ ਲਾਭ ਹੁੰਦਾ ਹੈ, ਜਿਵੇਂ ਪ੍ਰਕਾਸ਼ ਦੀ ਖੋਜ ਕਰਦਿਆਂ ਮਨੀ ਦੀ ਪ੍ਰਾਪਤੀ ਹੋ ਜਾਂਦੀ ਹੈ। ਇਵੇਂ ਹੀ ਨਾਦ ਦੀ ਉਪਾਸਨਾ ਕਰਦਿਆਂ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ।"[3] ਪ੍ਰਾਚੀਨ ਰਿਸ਼ੀਆਂ-ਮੁਨੀਆਂ ਨੇ ਸ਼੍ਰਿਸਟੀ ਦੇ ਕਣ-ਕਣ ਵਿਚ ਨਾਦ-ਬ੍ਰਹਮ ਦੀ ਹੋਂਦ ਨੂੰ ਸਵੀਕਾਰਿਆ ਹੈ।ਸ਼੍ਰਿਸਟੀ ਦੇ ਕਣ-ਕਣ ਵਿਚ ਸੰਗੀਤ ਦੀ ਵਿਧਮਾਨਤਾ ਹੈ। ਇਹ ਸ੍ਰਿਸ਼ਟੀ ਵਿਚ ਨਿਰੰਤਰ ਅਨਹਦ ਨਾਦ ਵਜੋਂ ਵਿਚਰਦਾ ਰਿਹਾ ਹੈ। ਸਾਰੀ ਸ਼੍ਰਿਸਟੀ ਵਿਚ ਨਾਦ ਦੀ ਮੌਜੂਦਗੀ ਦੇ ਕਾਰਣ ਹੀ ਨਾਦ ਨੂੰ ਈਸ਼ਵਰੀ ਬਾਣੀ ਵੀ ਕਿਹਾ ਜਾਂਦਾ ਹੈ ਅਤੇ ਇਸ ਨੂੰ ਬ੍ਰਹਮ ਸਵਰੂਪ ਵੀ ਮੰਨਿਆ ਜਾਂਦਾ ਹੈ। ਸ਼੍ਰਿਸਟੀ ਦਾ ਮੂਲ ਆਧਾਰ ਤੱਤ ਨਾਦ ਹੈ। ਭਗਤੀ ਸੰਗੀਤ ਗ੍ਰੰਥਾਂ ਵਿਚ ਨਾਦ ਨੂੰ ਨਾਦ ਬ੍ਰਹਮ ਕਹਿ ਕੇ ਉਸਦੀ ਉਪਾਸਨਾ ਕੀਤੀ ਗਈ ਹੈ ਜੋ ਇਸ ਲੋਕ ਅਤੇ ਪਰਲੋਕ ਦਾ ਆਧਾਰ ਹੈ। ਨਾਦ ਉਂਕਾਰ ਵਾਚਕ ਹੈ। "ਸਮਸਤ ਸ਼੍ਰਿਸਟੀ ਕਾ ਮੂਲ ਨਾਦ ਮੇਂ ਨਿਹਿਤ ਹੈ ਤਥਾ ਪਰਮਸ਼੍ਰੇਸਠ ਪਰਮਬ੍ਰਹਮ ਕਾ ਸਵਰੂਪ ਨਾਦਮਈ ਹੈ। ਨਾਦ ਕੀ ਵਿਵਿਧ ਵਿਧੀਆਂ ਕਾ ਰਹੱਸਅ ਪਰਮਾਨੰਦ ਮੇਂ ਵਿਲੀਨ ਹੋਨੇ ਮੇਂ ਹੈ। ਆਹਤ ਨਾਦ ਸੇ ਲੇਕਰ ਅਨਾਹਤ ਨਾਦ ਕੀ ਔਰ ਅਗਰਸਰ ਹੋਨੇ ਕੀ ਪ੍ਰੀਕ੍ਰਿਆ

---

[1] ਸੰਗੀਤ, ਮਾਰਚ 1955, ਪੰਨਾ 9.

[2] ਸ਼ਰਮਾ, ਯੋਗੇਂਦਰ ਲਾਲ ਅਤੇ ਵਚਿੱਤਰ ਸਿੰਘ, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 67.

[3] ਗੁਰਨਾਮ ਸਿੰਘ (ਡਾ.), ਸਮ੍ਰਿਤੀ ਗ੍ਰੰਥ, (ਸੱਤਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ), 1997,

ਯੋਗ ਮਾਰਗ ਕੇ ਨਾਦਾਨੁਸੰਧਾਨ ਲੈਅਯੋਗ ਕੀ ਵਿਸ਼ਿਸਟ ਸਾਧਨਾ ਹੈ। ਯੋਗਸ਼ਾਸਤਰ ਕੇ ਅਨੁਸਾਰ ਨਾਦ ਕੀ ਉਪਾਸਨਾ ਈਸ਼ਵਰ ਪ੍ਰਵਿਧਾਨ ਕੇ ਲਿਏ ਸ਼੍ਰੇਸਠ ਸਾਧਨ ਮਾਨਾ ਗਆ ਹੈ।"[1] ਚਿਰਸਥਾਈ ਸੁੱਖ-ਸ਼ਾਂਤੀ ਦੇ ਲਈ ਨਾਦ ਸਾਧਨਾ ਭਾਵ ਭਗਤੀਮਈ ਸੰਗੀਤ ਦੀ ਸਾਧਨਾ ਅਤੇ ਅਰਾਧਨਾ ਕਲਿਆਣ ਮਾਰਗ ਹੈ।

ਦਾਰਸ਼ਨਿਕਾਂ ਦਾ ਵੀ ਇਹੀ ਮਤ ਹੈ ਕਿ ਸ਼੍ਰਿਸਟੀ ਦੀ ਰਚਨਾ ਕਿਸੇ ਅਦਭੁਤ ਸ਼ਕਤੀ ਨੇ ਕੀਤੀ ਹੈ। ਉਹ ਸ਼ਕਤੀ ਹੀ ਸੰਪੂਰਨ ਜਗਤ ਦੀ ਸੁਚਾਰੂ ਵਿਵਸਥਾ ਦਾ ਕਾਰਣ ਹੈ। ਭਾਰਤੀ ਸੰਸਕ੍ਰਿਤੀ ਦੇ ਇਤਿਹਾਸ ਵਿਚ ਅਨੇਕ ਰਿਸ਼ੀਆਂ-ਮੁਨੀਆਂ ਅਤੇ ਸੰਤਾਂ, ਪੀਰਾਂ, ਫ਼ਕੀਰਾਂ ਨੇ ਨਾਦ ਉਪਾਸਨਾ ਨੂੰ ਹੀ ਪ੍ਰਭੂ ਮਿਲਾਪ ਦਾ ਮਾਧਿਅਮ ਬਣਾਇਆ ਹੈ। ਕਿਉਂਕਿ ਭਗਤੀ ਭਾਵ ਨੂੰ ਜਗਾਉਣ ਵਿਚ ਸੰਗੀਤ ਦੀ ਸੰਰਚਨਾ ਅਤੇ ਆਕਰਸ਼ਣ ਦੀ ਮਹੱਤਵਪੂਰਨ ਭੂਮਿਕਾ ਰਹਿੰਦੀ ਹੈ। ਨਾਦ ਤੋਂ ਉਤਪੰਨ ਸੰਗੀਤ ਤੋਂ ਹੀ ਈਸ਼ਵਰ ਦੀ ਵਿਧਮਾਨਤਾ ਦਾ ਵਰਣਨ ਕੀਤਾ ਹੈ।

''नादोपासनया देवा ब्रह्मविष्णुमहेश्वराः।
भवन्त्युपासिता नूनं रास्मादेते तदात्मकाः।।''

(सं र॰ 1–3–2)

ਨਾਦ ਨਾਲ ਹੀ ਬ੍ਰਹਮਾ, ਵਿਸ਼ਨੂ ਅਤੇ ਮਹੇਸ਼ਵਰ ਦੀ ਉਸਤਤੀ ਕੀਤੀ ਜਾ ਸਕਦੀ ਹੈ।

"ਪ੍ਰਮੇਸ਼ਵਰ ਕੀ ਪ੍ਰਾਪਤੀ ਨਾਦਯੋਗ ਸੇ ਸ਼ੀਘਰ ਔਰ ਸੁਗਮਤਾ ਸੇ ਹੋ ਸਕਤੀ ਹੈ ਇਸੀ ਲਿਏ ਇਸ ਕੋ ਪਾਚਵਾਂ ਵੇਦ (ਸਾਮਵੇਦ ਕਾ ਉਪਵੇਦ ਯਾ ਗੰਧਰਵ ਵੇਦ) ਕਹਿਤੇ ਹੈਂ।"[2]

ਮੁੰਡੋਕਪਨਿਸ਼ਦ ਵਿਚ ਨਾਦ ਨੂੰ ਹੀ ਬ੍ਰਹਮਰੂਪੀ ਲਕਸ਼ ਦੀ ਪ੍ਰਾਪਤੀ ਦਾ ਸਾਧਨ ਦੱਸਿਆ ਹੈ।

''प्रणवो धुनः शरोहयात्मा ब्रह्मा तल्लक्ष्यमुच्यते (2.4.1)''

ਮਤੰਗ ਮੁਨੀ ਨੇ ਬ੍ਰਹਮਾ, ਵਿਸ਼ਨੂੰ, ਮਹੇਸ਼ ਜੀ ਨੂੰ ਹੀ ਸੰਪੂਰਨ ਬ੍ਰਹਿਮੰਡ ਦੇ ਰਚਨਾਹਾਰ ਦੱਸਿਆ ਹੈ ਜੋ ਕਿ ਨਾਦ ਰੂਪ ਹਨ।

''नादरुपः स्मृतोब्रह्म नाद रुपो जनार्दनः
नादरुपा पराशक्तिः नाद रुपो महेश्वरः।'' [3]

ਨਾਦ ਨੂੰ ਈਸ਼ਵਰ, ਉੱਚ ਮੰਤਰ ਅਤੇ ਨਾਦ ਉਪਾਸਨਾ ਨੂੰ ਸਰਵਸ਼੍ਰੇਸਠ ਭਗਤੀ ਅਤੇ ਪਰਮਲਕਸ਼ ਦੀ ਪ੍ਰਾਪਤੀ ਦਾ ਸਰਵਉੱਤਮ ਸਾਧਨ ਮੰਨਿਆ ਹੈ। ਦਾਮੋਦਰ ਪੰਡਿਤ ਨੇ ਸੰਗੀਤ ਦਰਪਣ ਵਿਚ ਨਾਦ ਦੀ ਪ੍ਰੀਭਾਸ਼ਾ ਦਿੰਦੇ ਹੋਏ ਲਿਖਿਆ ਹੈ ਕਿ

''नादेन व्यंज्यते वर्णः पदं वर्णात् पदाद् चः।
वचसो व्यवहारोऽयं नादाधीनमतो जगत्।।''

---

[1] ਸ੍ਰੀ ਵਾਸਤਵ, ਹਰਿਸ਼ਚੰਦਰ, ਸੰਗੀਤ ਨਿਬੰਧ ਸੰਗ੍ਰਹਿ, ਪੰਨਾ 52.
[2] ਸੰਗੀਤ, ਅਪ੍ਰੈਲ 1957, ਪੰਨਾ 7.
[3] ਪੰਡਿਤ ਕਲਿੰਦ ਜੀ (ਅਨੁਵਾਦਕ ਭਾਸ਼ਅਕਾਰ), ਬ੍ਰਹਿਦੇਸ਼ੀ (ਮੂਲ ਲੇਖਕ ਮਤੰਗ), ਪੰਨਾ 32.

ਅਰਥਾਤ ਨਾਦ ਕੇ ਯੋਗ ਸੇ ਵਰਣੋਂ ਕਾ ਉੱਚਾਰ ਹੋਤਾ ਹੈ ਔਰ ਵਰਣ ਸੇ ਸ਼ਬਦੋਂ ਕੀ ਸਿੱਧੀ ਹੋਤੀ ਹੈ। ਸ਼ਬਦ ਸੇ ਭਾਸ਼ਾ ਕੀ ਉਤਪਤੀ ਹੋਤੀ ਹੈ ਔਰ ਭਾਸ਼ਾ ਕੇ ਹੋਨੇ ਸੇ ਹੀ ਜਗਤ ਕੇ ਸਬ ਵਿਵਹਾਰ ਚਲਤੇ ਹੈ। "[1]

ਉੱਪਰ ਦਿੱਤੀ ਵਿਆਖਿਆ ਤੋਂ ਵੀ ਇਹੀ ਸਪੱਸ਼ਟ ਹੁੰਦਾ ਹੈ ਕਿ ਸਾਰਾ ਸੰਸਾਰ ਨਾਦ ਦੇ ਅਧੀਨ ਹੈ। ਨਾਦ ਤੋਂ ਬਿਨ੍ਹਾਂ ਸੰਸਾਰ ਦੇ ਵਿਵਹਾਰ ਸੰਭਵ ਨਹੀਂ ਹਨ। ਨਾਦ ਦੀ ਇਹ ਵਿਆਖਿਆ ਪੰਡਿਤ ਦਾਮੋਦਰ ਨੇ ਬਹੁਤ ਹੀ ਵਿਸ਼ਾਲ ਅਤੇ ਵਿਆਪਕ ਅਰਥਾਂ ਵਿਚ ਕੀਤੀ ਹੈ। ਪੰਡਿਤ ਜੀ ਨੇ ਨਾਦ ਨੂੰ ਸੰਗੀਤ ਉਪਯੋਗੀ ਧਵਨੀ ਦੇ ਸੀਮਿਤ ਅਰਥਾਂ ਵਿਚ ਨਹੀਂ ਬਲਕਿ ਨਾਦ ਸ਼ਬਦ ਧਵਨੀ ਦੇ ਲਈ ਪ੍ਰਯੋਗ ਕੀਤਾ ਹੈ। ਪੰ. ਸ਼ਾਰੰਗਦੇਵ ਜੀ ਨੇ ਸੰਗੀਤ ਰਤਨਾਕਾਰ ਵਿਚ ਨਾਦ ਨੂੰ ਇਸ ਤਰ੍ਹਾਂ ਪ੍ਰੀਭਾਸ਼ਿਤ ਕੀਤਾ ਹੈ।

"नकारं प्राणनामनं दकारमनलः विदुः।
जातकः प्राणनि संयोगातेन नादो मिधीयते।"[2]

ਅਰਥਾਤ ਜਿਸ ਪ੍ਰਕਾਰ ਬੀਜ ਮੰਤਰ ਦੇ ਪਹਿਲੇ ਅੱਖਰ ਤੋਂ ਉਨ੍ਹਾਂ ਦੇ ਦੇਵਤਿਆਂ ਦੇ ਰੂਪ ਦੀ ਪ੍ਰਾਪਤੀ ਹੁੰਦੀ ਹੈ। ਉਸੇ ਤਰ੍ਹਾਂ ਇਥੇ ਵੀ ਨ ਅਤੇ ਦ ਨੂੰ ਪ੍ਰਾਣ ਅਤੇ ਅਗਨੀ ਰੂਪ ਮੰਨ ਕੇ ਦੋਹਾਂ ਦੇ ਸੰਯੋਗ ਤੋਂ ਉਤਪੰਨ ਹੋਣ ਦਾ ਕਾਰਨ ਨਾਦ ਕਿਹਾ ਜਾਂਦਾ ਹੈ।

ਜਿਵੇਂ ਹੀ ਅਗਨੀ ਅਤੇ ਵਾਯੂ ਦਾ ਸੰਪਰਕ ਸਥਾਪਿਤ ਹੋਇਆ, ਮਧੁਰ ਸਵਰ ਲਹਿਰੀਆਂ ਦੀ ਗੂੰਜ ਨੇ ਸਾਰੇ ਬ੍ਰਹਿਮੰਡ ਨੂੰ ਸੰਗੀਤਮਈ ਬਣਾ ਦਿੱਤਾ। ਇਹੀ ਸਵਰ ਲਹਿਰੀਆਂ ਨਾਦ ਅਖਵਾਉਂਦੀਆਂ ਹਨ। ਜੋ ਦ੍ਰਿਸ਼ ਅਤੇ ਅਦ੍ਰਿਸ਼ ਰੂਪ ਵਿਚ ਸਾਰੇ ਵਾਯੂਮੰਡਲ ਨੂੰ ਆਪਣੇ ਅੰਦਰ ਸਮਾ ਲੈਂਦੀਆਂ ਹਨ।

ਨਾਦ ਤੋਂ ਵਰਣ, ਵਰਣ ਤੋਂ ਸ਼ਬਦ, ਸ਼ਬਦ ਤੋਂ ਵਾਕ ਅਤੇ ਵਾਕ ਤੋਂ ਇਸ ਜਗਤ ਦਾ ਵਿਵਹਾਰ ਚਲਦਾ ਹੈ। ਸਾਰਾ ਜਗਤ ਹੀ ਨਾਦ ਦੇ ਅਧੀਨ ਹੈ। ਅਧਿਆਤਮਵਾਦੀਆਂ ਦੇ ਮਤ ਅਨੁਸਾਰ ਜਿਸ ਪ੍ਰਕਾਰ ਬ੍ਰਹਮ ਤੋਂ ਬਿਨ੍ਹਾਂ ਸ਼੍ਰਿਸਟੀ ਦੀ ਕਲਪਨਾ ਸੰਭਵ ਨਹੀਂ ਹੈ, ਉਸੇ ਪ੍ਰਕਾਰ ਵਿਗਿਆਨਿਕਾਂ ਦੇ ਮਤ ਅਨੁਸਾਰ ਨਾਦ ਦੇ ਬਿਨ੍ਹਾਂ ਵੀ ਸ਼੍ਰਿਸਟੀ ਦੀ ਕਲਪਨਾ ਅਸੰਭਵ ਹੈ। ਨਾਦ ਨੂੰ ਹੀ ਨਾਦ ਬ੍ਰਹਮ ਕਿਹਾ ਜਾਂਦਾ ਹੈ। ਜੋ ਕਿ ਸ਼੍ਰਿਸਟੀ ਦਾ ਮੂਲ ਹੈ। ਸਮਸਤ ਜਗਤ ਦੇ ਕਣ-ਕਣ ਵਿਚ ਨਾਦ ਵਿਆਪਕ ਹੈ। ਨਾਦ ਸਵੈਂਭੂ ਹੈ, ਭਾਵ ਇਸ ਦੀ ਉਤਪਤੀ ਆਪਣੇ-ਆਪ ਹੁੰਦੀ ਹੈ। ਇਸ ਦੀ ਉਤਪਤੀ ਦਾ ਕਾਰਣ ਕੋਈ ਵੀ ਨਹੀਂ ਜਾਣ ਸਕਦਾ। ਸੰਗੀਤ ਕਲਾ ਦਾ ਸੰਪੂਰਣ ਗਿਆਨ ਨਾਦ ਤੇ ਆਧਾਰਿਤ ਹੈ, ਜੋ ਸੰਪੂਰਨ ਬ੍ਰਹਿਮੰਡ ਦੀ ਆਂਤਰਿਕ ਸ਼ਕਤੀ ਹੈ। ਸੰਗੀਤ ਦੀ ਉਤਪਤੀ ਸ਼੍ਰਿਸਟੀ ਦੇ ਨਾਲ ਹੀ ਹੋਈ। ਸ਼੍ਰਿਸਟੀ ਦੇ ਕ੍ਰਮ ਵਿਚ ਸਭ ਤੋਂ ਪਹਿਲਾਂ ਆਕਾਸ਼ ਦੀ ਉਤਪਤੀ ਹੋਈ, ਆਕਾਸ਼ ਤੋਂ ਹਵਾ, ਹਵਾ ਤੋਂ ਅੱਗ, ਅੱਗ ਤੋਂ ਜਲ ਅਤੇ ਜਲ ਤੋਂ ਪ੍ਰਿਥਵੀ ਬਣੀ। ਇਨ੍ਹਾਂ ਪੰਜ ਮੂਲ ਭੌਤਿਕ ਤੱਤਾਂ ਵਿਚ ਆਕਾਸ਼ ਸਰਵ ਸ੍ਰੇਸ਼ਠ ਹੈ। ਆਕਾਸ਼ ਦਾ ਪ੍ਰਾਣ ਨਾਦ ਹੈ। ਇਸੇ ਕਾਰਨ ਹੀ ਜਗਤ ਨੂੰ ਨਾਦਾਤਮਕ ਵੀ ਕਹਿੰਦੇ ਹਨ।

ਨਾਦ ਦਾ ਸਾਧਾਰਨ ਅਰਥ ਆਵਾਜ਼ ਜਾਂ ਧਵਨੀ ਹੈ। ਪਰੰਤੂ ਸੰਗੀਤ ਵਿਚ ਅਸੀਂ ਨਾਦ ਦੀ ਸੰਗਿਆ ਉਸ ਧਵਨੀ ਜਾਂ ਆਵਾਜ਼ ਨੂੰ ਦਿੰਦੇ ਹਾਂ ਜੋ ਨਿਯਮਤ ਕੰਪਨਾ ਅਥਵਾ ਅੰਦੋਲਨਾਂ ਤੋਂ ਉਤਪੰਨ ਹੋਵੇ,

---

[1] ਭੱਟ, ਪੰ. ਵਿਸੰਭਰਨਾਥ, (ਅਨੁ.) 'ਸੰਗੀਤ ਦਰਪਣ', ਪੰਡਿਤ ਦਾਮੋਦਰ (ਮੂਲ ਲੇਖਕ), ਪੰਨਾ 7.
[2] ਗਰਗ, ਲਕਸ਼ਮੀ ਨਾਰਾਇਣ (ਅਨੁ.), ਸੰਗੀਤ ਰਤਨਾਕਰ, (ਸ਼ਾਰੰਗ ਦੇਵ ਮੂਲ ਲੇਖਕ) ਪੰਨਾ 65.

ਭਾਵ ਉਹ ਆਵਾਜ਼ ਜੋ ਸੁਣਨ ਵਿਚ ਮਧੁਰ ਲੱਗੇ ਅਤੇ ਸੰਗੀਤ ਉਪਯੋਗੀ ਹੋਵੇ ਉਹੀ ਸੰਗੀਤ ਵਿਚ ਨਾਦ ਦੀ ਸੰਗਿਆ ਪਾਉਂਦੀ ਹੈ।

"गीत–नादात्मकं वाद्यं व्यक्ता प्रशस्यते,

तदूयानुजतं नृतं नादाधीनमतस्त्रयम्।"[1]

ਪੰ. ਸਾਰੰਗਦੇਵ ਜੀ ਨੇ ਆਪਣੇ ਗ੍ਰੰਥ ਸੰਗੀਤ, ਰਤਨਾਕਾਰ ਵਿਚ ਉਪਰੋਕਤ ਸ਼ਲੋਕ ਵਿਚ ਲਿਖਿਆ ਹੈ ਕਿ ਗੀਤ, ਵਾਦਨ ਅਤੇ ਨ੍ਰਿਤ ਤਿੰਨਾਂ ਨੂੰ ਹੀ ਨਾਦ ਦੀ ਅਭਿਵਿਅਕਤੀ ਦੇ ਰੂਪ ਵਿਚ ਨਾਦ ਦੇ ਅਧੀਨ ਮੰਨਿਆ ਜਾਂਦਾ ਹੈ। ਨਾਦ ਸ਼ਕਤੀ ਮਨੁੱਖ ਦੀ ਚੇਤਨਾ ਅਤੇ ਮਨੁੱਖ ਦੀਆਂ ਪ੍ਰਵਿਰਤੀਆਂ ਨੂੰ ਪ੍ਰੇਰਿਤ ਕਰਨ ਵਿਚ ਸਹਾਇਕ ਹੁੰਦੀ ਹੈ।

ਨਾਦਾਤਮਕ ਭਗਤੀ ਦੁਆਰਾ ਉਸ ਪਰਮੇਸ਼ਵਰ ਤੱਕ ਪਹੁੰਚ ਬਹੁਤ ਆਸਾਨ ਹੋ ਜਾਂਦੀ ਹੈ।

"ਸ੍ਰੀ ਆਧ ਸ਼ੰਕਰਾਚਾਰਿਆ ਨੇ ਨਾਦ ਪ੍ਰਸੰਸਾ ਮੇਂ ਕਹਾ ਹੈ :-

नादानुसन्धान नमोस्तु नुम्यं, त्वां साधनं तत्वपदस्य जाने।

भवत्प्रसादात् पवनेन साकं, विलीयते विष्णुपदे मनो मे।।

ਅਰਥਾਤ :- ਹੇ ਨਾਦਾਨੁਸੰਧਾਨ! ਤੁਮਹੇਂ ਨਮਸਕਾਰ ਹੈ। ਕਿਉਂਕਿ ਤੁਮਹੇਂ ਮੈਂ ਤਤਵਪਦ ਕੀ ਪ੍ਰਾਪਤੀ ਕੇ ਲਿਏ ਏਕ ਉਤਮ ਸਾਧਨ ਜਾਨ ਗਆ ਹੂੰ। ਤੁਮਹਾਰੇ ਪ੍ਰਸਾਦ ਸੇ ਮੇਰਾ ਮਨ, ਪਣਨ (ਪ੍ਰਾਣੋਂ) ਸਹਿਤ, ਵਿਸ਼ਣੂ ਪਦ (ਤਤਵ ਪਦ) ਮੇਂ ਵਿਲੀਨ ਹੋ ਜਾਤਾ ਹੈ।"[2]

ਸੰਗੀਤ ਨਾਦ ਮਈ ਹੈ ਅਤੇ ਨਾਦ ਸਾਧਨਾ ਬ੍ਰਹਮ ਉਪਾਸਨਾ ਦੇ ਲਈ ਉੱਤਮ ਹੈ, ਨਾਦ ਦੇ ਸਮਾਨ ਹੋਰ ਕੋਈ ਮੰਤਰ ਨਹੀਂ ਹੋ ਸਕਦਾ।

ਸੰਗੀਤ ਉਪਯੋਗੀ ਧਵਨੀ 'ਨਾਦ' ਅਤੇ ਜਿਸ ਧਵਨੀ ਦਾ ਪ੍ਰਯੋਗ ਸੰਗੀਤ ਵਿਚ ਨਹੀਂ ਹੋ ਸਕਦਾ ਉਸ ਨੂੰ ਰਵਿ ਕਹਿੰਦੇ ਹਨ। "ਸੰਗੀਤ ਉਪਯੋਗੀ ਧਵਨੀ 'ਨਾਦ' ਔਰ ਅਉਪਯੋਗੀ ਧਵਨੀ ਕੋ ਰਵਿ ਕਹਤੇ ਹੈਂ। ਨਾਦ (Voice) ਮਧੁਰ ਆਕਰਸ਼ਕ ਔਰ ਰੰਜਕ ਹੋਤਾ ਹੈ ਔਰ ਰਵਿ (Noise) ਕਰਕਸ਼, ਬੇਸੁਰੀ, ਅਮਧੁਰ ਏਵਮ ਸ਼ੋਰ ਹੋਤਾ ਹੈ। ਨਾਦ ਕੋ ਉਤਪੰਨ ਕਰਨੇ ਵਾਲੇ ਅੰਦੋਲਨ ਨਿਯਮਿਤ (Periodic) ਔਰ ਰਵਿ ਕੋ ਉਤਪੰਨ ਕਰਨੇ ਵਾਲੇ ਅੰਦੋਲਨ ਅਨਿਯਮਿਤ (Non-Periodic) ਹੋਤੇ ਹੈਂ। ਇਸ ਲਿਏ ਨਾਦ ਮੇਂ ਕੇਵਲ ਏਕ ਹੀ ਧਵਨੀ ਸਥਾਈ ਰੂਪ ਮੇਂ ਵਾਸ ਕਰਤੀ ਹੈ ਔਰ ਵਹ ਮਧੁਰ ਹੋਤੀ ਹੈ ਤਥਾ ਰਵਿ ਕੇ ਅਨਿਯਮਿਤ ਅੰਦੋਲਨੋਂ ਮੇਂ ਅਨੇਕ ਧਵਨੀਆਂ ਅਸਥਾਈ ਰੂਪ ਮੇਂ ਪ੍ਰਗਟ ਹੋਤੀ ਹੈਂ ਔਰ ਸ਼ੋਰ, ਬੇਸੁਰੀ ਤਥਾ ਕਰਕਸ ਧਵਨੀਆਂ ਕਾ ਭਾਸ ਹੋਤਾ ਹੈ ਔਰ ਯਹ ਧਵਨੀਆਂ ਗੜਬੜ (Disturbance) ਸੀ ਉਤਪੰਨ ਕਰਤੀ ਹੈ।[3]

---

[1] ਗਰਗ, ਲਕਸ਼ਮੀ ਨਾਰਾਇਣ (ਅਨੁ.), ਸੰਗੀਤ ਰਤਨਾਕਰ, ਪੰਨਾ 66.
[2] ਉਹੀ, ਪੰਨਾ 39.
[3] ਸ਼ਰਮਾ, ਪੰਡਿਤ ਰਾਮਨਾਥ, ਸੰਗੀਤ ਅਧਿਆਪਨ, ਪੰਨਾ 136.

ਪ੍ਰਾਚੀਨ ਗ੍ਰੰਥਾਂ ਵਿਚ ਵਿਦਵਾਨਾਂ ਨੇ ਨਾਦ ਦੇ ਦੋ ਭੇਦ ਮੰਨੇ ਹਨ।

1. ਆਹਤ ਨਾਦ
2. ਅਨਾਹਤ ਨਾਦ

**1. ਆਹਤ ਨਾਦ**

ਜੋ ਕੰਨਾਂ ਨੂੰ ਸੁਣਾਈ ਦਿੰਦਾ ਹੈ ਅਤੇ ਜੋ ਦੋ ਵਸਤੂਆਂ ਦੇ ਸੰਘਰਸ਼ ਜਾਂ ਰਗੜ ਤੋਂ ਪੈਦਾ ਹੁੰਦਾ ਹੈ ਉਸਨੂੰ ਆਹਤ ਨਾਦ ਕਹਿੰਦੇ ਹਨ। ਧਵਨੀ, ਸ਼ਬਦ ਅਤੇ ਆਵਾਜ਼ ਮਾਤਰ ਹੀ ਆਹਤ ਨਾਦ ਹੈ। ਆਹਤ ਨਾਦ ਦੀ ਉਤਪਤੀ ਸੁਭਾਵਿਕ ਅਤੇ ਯਾਂਤਰਿਕ ਦੋ ਪ੍ਰਕਾਰ ਨਾਲ ਹੋ ਸਕਦੀ ਹੈ। ਆਹਤ ਨਾਦ ਦਾ ਸੰਗੀਤ ਨਾਲ ਵਿਸ਼ੇਸ਼ ਸੰਬੰਧ ਹੈ। ਭਾਵੇਂ ਸਭ ਲੋਗ ਅਨਾਹਤ ਨਾਦ ਨੂੰ ਮੁਕਤੀ ਦਾਤਾ ਮੰਨਦੇ ਹਨ ਪਰ ਆਹਤ ਨਾਦ ਦੀ ਸਾਧਨਾ ਨਾਲ ਵੀ ਭਵ-ਸਾਗਰ ਨੂੰ ਪਾਰ ਕੀਤਾ ਜਾ ਸਕਦਾ ਹੈ। ਵਸੰਤ ਆਪਣੀ ਪੁਸਤਕ ਸੰਗੀਤ ਵਿਸ਼ਾਰਦ ਵਿਚ ਪੰਡਿਤ ਦਾਮੋਦਰ ਦੇ ਗ੍ਰੰਥ ਸੰਗੀਤ ਦਰਪਣ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ:-

"स नादस्त्वाहतो लोके रंजको भवभंजकः।

श्रुत्यादि द्वारतस्तस्मात्तदुत्पत्तिर्निरुप्यते।।

ਅਰਥਾਤ ਆਹਤ ਨਾਦ ਵਿਵਹਾਰ ਮੇਂ ਸ਼ਰੁਤੀ ਇਤਆਦਿ (ਸਵਰ, ਗ੍ਰਾਮ, ਮੂਰਛਨਾ) ਸੇ ਰੰਜਕ ਬਨਕਰ ਭਵ-ਭੰਜਨ ਭੀ ਬਨ ਜਾਤਾ ਹੈ, ਇਸ ਕਾਰਣ ਇਸਕੀ ਉਤਪਤੀ ਕਾ ਵਰਨਣ ਕਰਤਾ ਹੂੰ।"[1]

ਆਹਤ ਨਾਦ ਕੰਠ ਅਤੇ ਵਾਦ ਸੰਗੀਤ ਵਿਚ ਵੀ ਉਤਪੰਨ ਹੁੰਦਾ ਹੈ। ਆਹਤ ਨਾਦ ਦਾ ਪ੍ਰਭਾਵ ਕੇਵਲ ਮਾਨਵ ਤੇ ਹੀ ਨਹੀਂ ਬਲਕਿ ਜੀਵ-ਜੰਤੂਆਂ ਤੇ ਵੀ ਇਸਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਆਹਤ ਨਾਦ ਦੀ ਪਰਿਭਾਸ਼ਾ ਸੰਗੀਤ ਪਾਰਿਜਾਤ ਵਿਚ ਇਸ ਪ੍ਰਕਾਰ ਦਿੱਤੀ ਗਈ ਹੈ।

"ਦੂਸਰਾ ਆਹਤ ਨਾਦ ਵਹ ਹੈ, ਜੋ ਵਾਦ ਯੰਤਰੋਂ ਪਰ ਆਘਾਤ ਕਰਨੇ ਸੇ ਪ੍ਰਗਟ ਹੋਤਾ ਹੈ, ਔਰ ਉਸੀ ਸੇ ਸੰਗੀਤ ਕੇ ਸਵਰੋਂ ਕੀ ਉਤਪਤੀ ਹੋਤੀ ਹੈ। ਅਤ! ਪ੍ਰਿਥਵੀ ਪਰ ਏਸੇ ਨਾਦ ਕੀ ਸਦੈਵ ਜਅ ਬਨੀ ਰਹੇ।"[2]

**2. ਅਨਾਹਤ ਨਾਦ**

ਅਨਾਹਤ ਨਾਦ ਨੂੰ ਕੇਵਲ ਅੰਤਰ ਗਿਆਨ ਨਾਲ ਹੀ ਜਾਣਿਆ ਜਾ ਸਕਦਾ ਹੈ। ਇਸ ਨਾਦ ਦਾ ਸੰਬੰਧ ਅਧਿਆਤਮ ਨਾਲ ਜੁੜਿਆ ਹੋਇਆ ਹੈ। ਸੰਤਾਂ, ਪੀਰਾਂ, ਫ਼ਕੀਰਾਂ, ਯੋਗੀਆਂ ਨੇ ਅਨਾਹਤ ਨਾਦ ਨੂੰ ਆਪਣੀ ਭਗਤੀ ਸਾਧਨਾ ਦਾ ਮੁੱਖ ਅੰਗ ਸਵਿਕਾਰਿਆ ਹੈ ਅਤੇ ਇਸੇ ਤਰ੍ਹਾਂ ਹੀ ਗੁਰੂ ਸਾਹਿਬਾਨਾਂ ਨੇ ਵੀ ਅਨਹਦ ਨਾਦ ਦੀ ਉਪਾਸਨਾ ਕੀਤੀ। "ਅਨਹਦ ਤੋਂ ਭਾਵ ਹਦ ਰਹਿਤ। ਜਿਸ ਨੂੰ ਕਿਸੇ ਹੱਦ ਅੰਦਰ ਨਾ ਲਿਆਂਦਾ ਜਾ ਸਕੇ। ਅਨਾਹਦ ਤੋਂ ਭਾਵ ਬਿਨ੍ਹਾਂ ਹੱਦ ਅਰਥਾਤ ਦੋ ਚੀਜਾਂ ਦੇ ਟਕਰਾਓ ਤੋਂ ਬਿਨ੍ਹਾਂ ਹੀ ਹੋਣ ਵਾਲਾ ਸ਼ਬਦ ਜਾਂ ਆਵਾਜ਼। ਅਨਹਦ ਉਹ ਸ਼ਬਦ ਹੈ ਜਿਸ ਨੂੰ ਕਿਸੇ ਵੀ ਹੱਦ ਅੰਦਰ ਨਹੀਂ ਲਿਆਂਦਾ ਜਾ ਸਕਦਾ। ਜੋ ਅਭਿਆਸੀ ਸੁੰਨ ਵਿਚ ਆ ਕੇ ਟਿੱਕ ਜਾਂਦੇ ਹਨ ਅਤੇ ਕਹਿੰਦੇ ਹਨ ਉੱਤੇ ਸ਼ਬਦ ਨਹੀਂ, ਅਸਲ

---

[1] ਵਸੰਤ, ਸੰਗੀਤ ਵਿਸ਼ਾਰਦ, ਪੰਨਾ 72.

[2] ਪੰ. ਕਲਿੰਦ ਜੀ, (ਭਾਸ਼ਾਅਕਾਰ), ਸੰਗੀਤ ਪਾਰਿਜਾਤ, (ਮੂਲ ਲੇਖਕ ਆਹੋਬਲ), ਪੰਨਾ 11.

ਵਿਚ ਉਨ੍ਹਾਂ ਦੀ ਪਹੁੰਚ ਰਿਸਾਈ ਹੀ ਉੱਥੋਂ ਤੱਕ ਹੁੰਦੀ ਹੈ। ਜਦ ਕਿ ਗੁਰੂ ਨਾਨਕ ਸਾਹਿਬ ਸੁੰਨ ਅਵਸਥਾ ਤੋਂ ਵੀ ਅੱਗੇ ਲੰਘ ਕੇ ਸਤਿ ਚਿਤ ਆਨੰਦ ਵਿਚ ਲੀਨ ਹੋ ਜਾਣਾ ਮੰਜ਼ਿਲ ਦੱਸਦੇ ਹਨ ਅਤੇ ਅਨਹਦ ਸੁੰਨ ਤੋਂ ਵੀ ਅੱਗੇ ਲੰਘ ਜਾਂਦਾ ਹੈ।"[1]

"ਸੁੰਨ ਸਮਾਧਿ ਅਨਹਦ ਤਹਿ ਨਾਦ
ਕਹਿਣ ਨਾ ਜਾਈ ਅਚਰਜ ਵਿਸਮਾਦ।"[2]

"ਨਾਦ ਬ੍ਰਹਮ, ਅਰਥਾਤ ਨਾਦ ਬ੍ਰਹਮਾ ਕਾ ਹੀ ਏਕ ਨਿਰਾਕਾਰ ਸਵਰੂਪ ਹੈ। ਬ੍ਰਹਮ-ਸਾਖਸ਼ਾਤਕਾਰ ਕੇ ਪੂਰਵ ਯੋਗੀ ਔਰ ਭਕਤ ਜਨ ਅਨਹਦ ਨਾਦ ਅਰਥਾਤ ਬ੍ਰਹਮ-ਸੰਗੀਤ ਹੀ ਸੁਨਤੇ ਹੈਂ।"[3]

"ਮਾਨਵ ਸਰੀਰ ਮੇਂ ਚੇਤਨ ਦਾ ਸਥਾਨ ਹਿਰਦੇ ਹੈ, ਯਹੀਂ ਈਸ਼ਵਰ ਕਾ ਭਾਵ ਅਧਿਕ ਮਾਤਰਾ ਮੇਂ ਹੈ। ਹਿਰਦੇ ਮੇਂ ਦਹਰਾਨਾਸ਼ ਨਾਮ ਸੇ ਛੋਟੀ ਜਗਹ ਸ਼ੁਧ ਆਕਾਸ ਸੇ ਵਿਆਪਤ ਹੈ ਉਸਮੇਂ ਆਘਾਤ ਕੇ ਬਿਨਾ ਨਾਦ ਦਾ ਅਵਰਿਭਾਵ ਨਿਰੰਤਰ ਹੋ ਰਹਾ ਹੈ। ਉਸਕਾ ਨਾਮ ਹੈ ਅਨਾਹਤ ਨਾਦ।"[4] "ਅਨਹਦ ਸ਼ਬਦ ਜੋ ਮਨੁੱਖੀ ਕਾਢ ਨਹੀਂ, ਧੁਨਾਤਮਿਕ ਨਾਮ ਹੈ, ਬੇਜਾਤ ਹੈ, ਜਾਤ ਪਾਤ, ਧਰਮ, ਰੰਗ, ਨਸਲ, ਕੌਮ ਦਾ ਕੋਈ ਵਿਤਕਰਾ ਨਹੀਂ। ਇਹ ਸਭ ਦਾ ਹੈ, ਸਭ ਦੇ ਅੰਦਰ ਹਰ ਦਮ ਹੋ ਰਿਹਾ ਹੈ। ਪਰਮੇਸ਼ਵਰ ਤੋਂ ਆਇਆ ਹੈ, ਸੁਰਤਿ ਨੂੰ ਬਾਹੋਂ ਫੜ੍ਹ ਕੇ ਪਰਮੇਸ਼ਵਰ ਤੱਕ ਲੈ ਜਾਂਦਾ ਹੈ। ...ਧੁਨਾਤਮਿਕ ਨਾਮ ਦਾ ਸਥੂਲ ਸਰੀਰ ਨਾਲ ਕੋਈ ਸੰਬੰਧ ਨਹੀਂ। ਨਾ ਇਹ ਲਿਖਣ, ਬੋਲਣ, ਪੜ੍ਹਨ, ਦੇਖਣ ਵਿਚ ਆਉਂਦਾ ਹੈ। ਇਸ ਦਾ ਅਨੁਭਵ ਕੇਵਲ ਸੁਰਤਿ ਨੂੰ ਹੈ। ਇਸ ਦੇ ਸਨਮੁੱਖ ਇਸ ਦੀ ਲੈਅ ਤੋਂ ਹੀ ਚਿਲਮਿਲਕਾਰ ਪ੍ਰਕਾਸ਼ ਅਨੁਭਵ ਵਿਚ ਆਉਂਦਾ ਹੈ।"

ਆਮ ਧਾਰਣਾ ਹੈ ਕਿ ਅਨਾਹਤ ਨਾਦ ਨੂੰ ਰਿਸ਼ੀਆਂ-ਮੁਨੀਆਂ, ਯੋਗੀਆਂ ਆਦਿ ਨੂੰ ਹੀ ਸੁਣਨ ਦਾ ਭੇਦ ਹੈ। ਪਰੰਤੂ ਸਿਰਫ ਰਿਸ਼ੀ ਮੁਨੀ ਜਾਂ ਯੋਗੀ ਹੀ ਇਸ ਨਾਦ ਦੇ ਰਹੱਸਵਾਦੀ ਨਹੀਂ ਹਨ ਬਲਕਿ ਯੋਗ ਸੰਗੀਤਕਾਰ ਜਾਂ ਕਲਾਕਾਰ ਜੋ ਸੱਤ ਸਵਰਾਂ ਦੀ ਸਾਧਨਾ ਕਰਦਾ ਹੈ ਉਹ ਵੀ ਇਸ ਨਾਦ ਦੀ ਸਥਿਤੀ ਤੱਕ ਪਹੁੰਚ ਸਕਦਾ ਹੈ। ਕਿਉਂਕਿ ਕੋਈ ਵੀ ਜੀਵ ਜਦੋਂ ਆਪਣੀ ਅੰਦਰਲੀ ਜੋਤੀ ਵਿਚ ਚਿਰਕਾਲ ਤੱਕ ਲੀਨ ਹੋ ਜਾਵੇ ਅਤੇ ਉਸ ਦੀ ਸੁਰਤੀ ਵਿਚ ਸੱਚੇ ਸਵਰ ਸਮਾਂ ਜਾਣ ਦਾ ਉਹ ਸੰਸਾਰ ਤੋਂ ਵਿਮੁੱਖ ਹੋ ਕੇ ਅਨਾਹਤ ਨਾਦ ਦੇ ਸਾਗਰ ਵਿਚ ਡੁਬਕੀ ਲਾਉਂਦਾ ਹੈ। ਆਹਤ ਨਾਦ ਦਾ ਅਭਿਆਸੀ ਪ੍ਰਾਣੀ ਅਨਾਹਤ ਨਾਦ ਦੇ ਵੱਲ ਸਥੂਲਤਾ ਨਾਲ ਸੂਖਮਤਾ ਦੇ ਨਿਯਮ ਦੇ ਅਨੁਸਾਰ ਅਗਰਸਰ ਹੋ ਸਕਦਾ ਹੈ। ਉਹ ਬ੍ਰਹਮ ਆਨੰਦ ਨੂੰ ਪ੍ਰਾਪਤ ਹੋ ਸਕਦਾ ਹੈ।

"ਅਧਿਆਤਮਕ ਰੂਪ ਤੋਂ ਦੇਖਿਆ ਜਾਵੇ ਤਾਂ ਭਗਤ ਸੰਗੀਤ ਦੀਆਂ ਮਧੁਰ ਧਵਨੀਆਂ ਦੇ ਮਾਧਿਅਮ ਨਾਲ ਆਪਣੇ ਹਿਰਦੇ ਦੇ ਸੂਖਮ ਭਾਵਾਂ ਨੂੰ ਆਪਣੇ ਪ੍ਰਮਾਤਮਾ, ਈਸ਼ਵਰ ਜਾਂ ਪਰਮਪਿਤਾ ਨੂੰ ਅਰਪਣ ਕਰਕੇ ਤਨਮਈ ਸਥਿਤੀ ਵਿਚ ਪਹੁੰਚ ਜਾਂਦਾ ਹੈ। ਜਦੋਂ ਉਸਦੀ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਂਦੀ ਹੈ ਤਾਂ

---

[1] ਗੁਰਨਾਮ ਸਿੰਘ (ਡਾ.), ਸੰਮ੍ਰਿਤੀ ਗ੍ਰੰਥ, 2001, ਪੰਨਾ 9.
[2] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 293.
[3] ਸੰਗੀਤ, ਭਕਤੀ ਸੰਗੀਤ ਅੰਕ ਜਨਵਰੀ 1970, ਪੰਨਾ 23.
[4] ਸ਼ਾਸਤਰੀ, ਕੇ. ਵਾਸੂਦੇਵ, ਸੰਗੀਤ ਸ਼ਾਸਤਰ, ਪੰਨਾ 9.

ਉਹ ਅਵਸਥਾ ਪਰਮ-ਆਨੰਦ ਦੀ ਅਵਸਥਾ ਹੁੰਦੀ ਹੈ। ਜਦੋਂ ਆਤਮਾ ਦਾ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ ਤਾਂ ਸੰਸਾਰਿਕ ਦੁੱਖ-ਸੁੱਖ ਦਾ ਅਨੁਭਵ ਵੀ ਨਹੀਂ ਰਹਿੰਦਾ।"[1] ਕੋਈ ਵੀ ਸਾਧਕ ਚਾਹੇ ਉਹ ਕਿਸੇ ਵੀ ਕਲਾ ਦੀ ਸਾਧਨਾ ਕਰਦਾ ਹੋਵੇ ਜੇਕਰ ਉਸਦਾ ਮਨ ਮਸਤਕ ਬਾਹਰੀ ਵਿਸ਼ੇ-ਵਕਾਰਾਂ ਤੋਂ ਉੱਪਰ ਉੱਠ ਜਾਵੇ ਤਾਂ ਅਨਾਹਤ ਨਾਦ ਸਰਵਣ ਕੀਤਾ ਜਾ ਸਕਦਾ ਹੈ।

ਸੰਗੀਤ ਕਲਾ ਦਾ ਆਧਾਰ ਨਾਦ ਹੈ। ਇਸ ਲਈ ਸੰਗੀਤ ਤੋਂ ਉਤਪੰਨ ਆਨੰਦ ਹੀ ਈਸ਼ਵਰ ਦਾ ਦੂਸਰਾ ਸਗੁਣ ਰੂਪ ਹੈ। ਇਹੀ ਕਾਰਣ ਹੈ ਕਿ ਨਾਦ ਦੀ ਉਪਾਸਨਾ ਈਸ਼ਵਰ ਰੂਪ ਵਿਚ ਆਦਿਕਾਲ ਤੋਂ ਹੀ ਸਾਡੇ ਰਿਸ਼ੀਆਂ-ਮੁਨੀਆਂ ਦੁਆਰਾ ਕੀਤੀ ਜਾ ਰਹੀ ਹੈ। ਕਿਉਂਕਿ ਰਿਸ਼ੀਆਂ-ਮੁਨੀਆਂ ਨੇ ਸੰਗੀਤ ਦੀ ਅਰਾਧਨਾ, ਮੁਕਤੀ ਲਈ ਕੀਤੀ ਹੈ। ਜਿੱਥੇ ਨਾਦ ਹੈ ਉੱਥੇ ਹੀ ਅਮਰਤਵ ਦੀ ਭਾਵਨਾ ਪ੍ਰਵਾਹਿਤ ਹੁੰਦੀ ਹੈ। ਸੰਗੀਤ ਪਾਰੀਜਾਤ ਵਿਚ ਅਨਾਹਤ ਨਾਦ ਦੀ ਵਿਆਖਿਆ ਇਸ ਪ੍ਰਕਾਰ ਦਿੱਤੀ ਗਈ ਹੈ।

"नादस्तु सद्‌धिः प्रोक्तः पूर्वनाद स्त्वनाहतः।
कर्णरन्ध्र तथा नद्यां निर्झरेऽपि भवेच्चयः।।"[2]

ਆਹਤ ਅਤੇ ਅਨਾਹਤ ਨਾਦ ਦਾ ਆਪਸ ਵਿਚ ਡੂੰਘਾ ਸੰਬੰਧ ਹੈ। ਆਹਤ ਨਾਦ ਦੇ ਸੁਣੇ ਹੋਏ ਰੂਪ ਤੋਂ ਹੀ ਅਨਾਹਤ ਨਾਦ ਨੂੰ ਅਨੁਭਵ ਕੀਤਾ ਜਾ ਸਕਦਾ ਹੈ ਜਿਵੇਂ ਕਿ ਕੰਨਾਂ ਵਿਚ ਮਿਰਦੰਗ ਦੀ ਆਵਾਜ਼ ਜਾਂ ਵੀਣਾ ਦੀ ਆਵਾਜ਼ ਨੂੰ ਕੋਈ ਵੀ ਰਿਸ਼ੀ-ਮੁਨੀ ਤਦ ਹੀ ਪਹਿਚਾਣ ਸਕੇਗਾ ਜੇਕਰ ਉਸ ਨੇ ਆਹਤ ਨਾਦ ਦੀ ਇਸ ਧੁਨੀ ਭਾਵ ਪਹਿਲਾ ਮਿਰਦੰਗ ਜਾਂ ਵੀਣਾ ਦੀ ਆਵਾਜ਼ ਨੂੰ ਸੁਣਿਆ ਹੋਵੇਗਾ। ਸੰਗੀਤ ਅਤੇ ਅਧਿਆਤਮਕ ਦੋਨੋਂ ਹੀ ਨਾਦ ਅਧਾਰਿਤ ਹਨ।

## 3.2 ਸੰਗੀਤ ਅਤੇ ਅਧਿਆਤਮ ਦਾ ਉਦੈ ਸਥਾਨ ਭਾਰਤ

"ਅਦ੍ਰਿਸ਼ ਸੱਤਾ ਵਿਚ ਵਿਸ਼ਵਾਸ ਅਧਿਆਤਮ ਵਾਦ ਹੈ। ਅਧਿਆਤਮ ਵਾਦੀ ਇਹ ਮੂਲ ਨਿਸ਼ਚਾ ਰੱਖਦਾ ਹੈ ਕਿ ਸਭ ਸ੍ਰਿਸਟੀ ਦੀ ਕਰਨ ਕਰਾਵਣਹਾਰ ਸ਼ਕਤੀ ਪ੍ਰਮਾਤਮਾ ਹੈ ਤੇ ਉਸ ਦੇ ਸਾਹਮਣੇ ਆਤਮ ਸਮਰਪਣ ਕਰਕੇ ਹੀ ਸਮਾਂ ਗੁਜ਼ਾਰਨਾ ਵਧੀਆ ਜੀਵਨ ਮਾਰਗ ਹੈ। ਚੂੰਕਿ ਆਤਮਾ ਪ੍ਰਮਾਤਮਾ ਦੀ ਅੰਸ਼ ਹੈ, ਇਸ ਲਈ ਉਸ ਨਾਲ ਸੰਯੋਗ ਪ੍ਰਾਪਤ ਕਰਨਾ ਜੀਵਨ ਦਾ ਮੁੱਖ ਮੰਤਵ ਹੈ।"[3] ਸ੍ਰਿਸਟੀ ਦੀ ਉਤਪਤੀ ਦੇ ਨਾਲ ਹੀ ਸੰਗੀਤ ਦਾ ਜਨਮ ਹੋਇਆ। ਆਤਮਾ ਦੀ ਪ੍ਰਮਾਤਮਾ ਨਾਲ ਇਕਸੁਰਤਾ ਲਈ ਨਾਦ ਪ੍ਰਥਮ ਪੌੜੀ ਹੈ। ਅਨਹਦ ਨਾਦ ਦੀ ਧੁਨੀ ਨਾਲ ਅਧਿਆਤਮਿਕਤਾ ਦੇ ਪਰਦੇ ਖੁੱਲ੍ਹਦੇ ਹਨ ਅਤੇ ਪ੍ਰਾਣੀ ਮਾਤਰ ਸੁਭਾਵਿਕ ਹੀ ਉਸ ਪ੍ਰਮਾਤਮਾ ਵੱਲ ਅਗਰਸਰ ਹੁੰਦਾ ਹੈ। ਨਾਦ ਦੀ ਸ਼ਕਤੀ ਨੂੰ ਪਹਿਚਾਣਦੇ ਹੋਏ ਆਦਿ ਕਾਲ ਤੋਂ ਹੀ ਮਾਨਵ ਆਪਣੇ ਮਨ ਦੇ ਭਾਵਾਂ ਨੂੰ ਵਿਅਕਤ ਕਰਨ ਦੇ ਲਈ ਕਿਸੇ ਨਾ ਕਿਸੇ ਰੂਪ ਵਿਚ ਸੰਗੀਤ ਦਾ ਪ੍ਰਯੋਗ ਕਰਦਾ ਰਿਹਾ ਹੈ। ਕਿਸੇ ਸਮੱਸਿਆ ਦਾ ਹੱਲ ਹੋ ਜਾਣ ਤੇ, ਜਗਿਆਸਾ ਦੀ ਪੂਰਤੀ ਹੋਣ ਤੇ ਖੁਸ਼ੀ ਵਿਚ ਵਿਭਿੰਨ ਪ੍ਰਕਾਰ ਦੀਆਂ ਆਵਾਜ਼ਾਂ ਕੱਢਦਾ ਸੀ। ਇਹੀ ਸੰਗੀਤ ਦਾ ਆਰੰਭਿਕ ਪ੍ਰਯੋਗ ਸੀ। ਆਪਣੇ ਤੋਂ

---

[1] ਜਸਬੀਰ ਕੌਰ (ਡਾ.), ਜਤਿੰਦਰ ਸਿੰਘ ਜੌਲੀ, ਸ੍ਰੈ ਪ੍ਰਕਾਸ਼ ਵਿਸਮਾਦੁ ਨਾਦ, ਪੰਨਾ 20.
[2] ਪੰਡਿਤ ਕਲਿੰਦ ਜੀ, (ਭਾਸ਼ਅਕਾਰ), ਸੰਗੀਤ ਪਾਰਿਜਾਤ, (ਮੂਲ ਲੇਖਕ ਆਹੋਬਲ), ਪੰਨਾ 11.
[3] ਪਦਮ, ਪਿਆਰਾ ਸਿੰਘ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪੰਨਾ 113.

ਅਧਿਕ ਸ਼ਕਤੀਸ਼ਾਲੀ ਹੋਰ ਸ਼ਕਤੀਆਂ ਹਵਾ, ਜਲ, ਸੂਰਜ, ਪ੍ਰਿਥਵੀ ਅਤੇ ਅੱਗ ਨੂੰ ਪ੍ਰਸੰਨ ਕਰਨ ਹੇਤੂ ਆਪਣੇ ਜੀਵਨ ਦੀ ਸਭ ਤੋਂ ਮਹੱਤਵਪੂਰਨ ਅਭਿਵਿਅਕਤੀ ਲਈ ਸੰਗੀਤ ਦਾ ਪ੍ਰਯੋਗ ਕਰਦਾ ਸੀ। ਸੰਗੀਤ ਦਾ ਇਸ ਪ੍ਰਕਾਰ ਪ੍ਰਯੋਗ ਆਦਿਮਾਨਵ ਨੇ ਜੀਵਨ ਦਾ ਆਰੰਭਿਕ ਪ੍ਰਯੋਗ ਸੀ। ਜਿਸਨੂੰ ਉਹ ਧਾਰਮਿਕ ਭਾਵਨਾ ਦੇ ਅੰਤਰਮਤ ਪ੍ਰਯੁਕਤ ਕਰਦਾ ਸੀ। ਕਿਉਂਕਿ ਸੰਗੀਤ ਨੂੰ ਆਦਿ ਕਾਲ ਵਿਚ ਮਨੋਰੰਜਨ ਦਾ ਸਾਧਨ ਨਾ ਮੰਨ ਕੇ ਮੋਕਸ਼ ਪ੍ਰਾਪਤੀ ਜਾਂ ਪ੍ਰਭੂ ਪ੍ਰਾਪਤੀ ਦਾ ਸਾਧਨ ਮੰਨਦੇ ਹੋਏ ਅਧਿਆਤਮਕ ਦੇ ਨਾਲ ਜੋੜਿਆ ਗਿਆ ਹੈ।

"ਜਿਸ ਪ੍ਰਕਾਰ ਸਰੀਰ ਕਾ ਸਪੰਨਦਨ ਪ੍ਰਾਣ ਹੈ, ਉਸੀ ਪ੍ਰਕਾਰ ਸੰਗੀਤ ਕਾ ਸਪੰਨਦਨ ਭਗਤੀ ਹੈ ਅਤੇ ਭਗਤੀ ਕਾ ਸੰਗੀਤ।"[1]

ਮਨ ਨੂੰ ਇਕਾਗਰ ਕਰਨ ਦੇ ਦੋ ਸਾਧਨ ਯੋਗ ਅਤੇ ਸੰਗੀਤ ਹਨ। ਯੋਗ ਦੇ ਦੁਆਰਾ ਮਨ ਨੂੰ ਇਕਾਗਰ ਕਰਨ ਵਿਚ ਕਠਿਨ ਅਤੇ ਲੰਬੀ ਸਾਧਨਾ ਦੀ ਜ਼ਰੂਰਤ ਹੁੰਦੀ ਹੈ ਅਤੇ ਵਿਰਲਾ ਇਨਸਾਨ ਹੀ ਯੋਗ ਸਿੱਧੀ ਪ੍ਰਾਪਤ ਕਰਦਾ ਹੈ। ਸੰਗੀਤ ਇੱਕ ਮਾਤਰ ਐਸਾ ਸਾਧਨ ਹੈ ਜਿਸਦੀ ਸੁਭਾਵਿਕ ਸ਼ਕਤੀ ਨਾਲ ਮਨ ਤੁਰੰਤ ਇਕਾਗਰ ਹੋ ਜਾਂਦਾ ਹੈ ਅਤੇ ਆਤਮ ਵਿਸਮਰਿਤੀ ਦੀ ਦਸ਼ਾ ਨੂੰ ਪ੍ਰਾਪਤ ਕਰਦਾ ਹੈ। ਭਗਤ ਦਾ ਧਿਆਨ ਪ੍ਰਭੂ ਦੀ ਅਰਾਧਨਾ ਕਰਦੇ ਸਮੇਂ ਆਸਪਾਸ ਦੀਆਂ ਧਵਨੀਆਂ ਦੁਆਰਾ ਵਿਸ਼ੰਖਲ ਹੋ ਸਕਦਾ ਹੈ ਪਰੰਤੂ ਸੰਗੀਤ ਦਾ ਆਸਰਾ ਪਾਉਣ ਦੇ ਨਾਲ ਅਜਿਹਾ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਸੰਗੀਤ ਨੂੰ ਮੋਕਸ਼ ਪ੍ਰਾਪਤੀ ਦੇ ਸਾਧਨ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ।

"ਈਸ਼ਵਰ ਅਰਾਧਨਾ ਮੇਂ ਸੀਘਰ ਸਫ਼ਲਤਾ ਕੇ ਲਿਏ ਭਗਤੀ ਸੰਗੀਤ ਸੇ ਬੜ ਕਰ ਦੂਸਰਾ ਸਾਧਨ ਹੀ ਨਹੀਂ।"[2] ਸੰਗੀਤ ਈਸ਼ਵਰ ਅਤੇ ਮਨੁੱਖ ਵਿਚ ਸੰਬੰਧ ਸਥਾਪਿਤ ਕਰਨ ਅਤੇ ਰੂਹਾਨੀ ਤਰੱਕੀ ਦੇ ਲਈ ਹੈ। ਸੰਤਾਂ, ਪੀਰਾਂ, ਫਕੀਰਾਂ, ਨੇ ਸੰਗੀਤ ਨੂੰ ਉਚਤਮ ਸਾਧਨ ਮੰਨਿਆ। ਸੰਗੀਤ ਦੀ ਧੁਨੀ ਵਿਚ ਲੀਨ ਹੋ ਕੇ ਸੰਤਾਂ ਨੇ ਪਰਮ ਆਨੰਦ ਦੀ ਅਵਸਥਾ ਨੂੰ ਪਾਇਆ ਹੈ।

> "पूजाकोटि गुणं स्तोत्रं, स्तोत्रात्कोटिगुणों जपः।
> जपात्कोटि गुणं गानं, गानात्परतरं नहि।।"

ਅਰਥਾਤ ਪੂਜਾ ਕੀ ਅਪੇਕਸ਼ਾ ਕਰੋੜ ਗੁਣਾ ਅਧਿਕ ਪ੍ਰਭਾਵਸ਼ਾਲੀ ਸਤ੍ਰੋਤ ਪਾਠ ਹੈ। ਸਤ੍ਰੋਤ ਪਾਠ ਸੇ ਕਰੋੜ ਗੁਣਾ ਅਧਿਕ ਮਹੱਤਵਪੂਰਨ ਮੰਤਰੋਂ ਕਾ ਜਾਪ ਹੈ ਔਰ ਜਾਪ ਸੇ ਭੀ ਕੋਰੜ ਗੁਣਾ ਅਧਿਕ ਪ੍ਰਭਾਵਸ਼ਾਲੀ ਏਵਮ ਸ਼ੀਘਰ ਪਰਿਣਾਮ ਦੇਨੇ ਵਾਲਾ ਭਗਤੀ ਸੰਗੀਤ ਹੈ। ਭਗਤੀ ਸੰਗੀਤ ਸੇ ਬੜ ਕਰ ਤੋ ਕੁਝ ਭੀ ਨਹੀਂ।[3]

"ਸੰਗੀਤ ਭੀ ਏਕ ਕਲਾ ਹੈ, ਇਸ ਲਿਏ ਇਸਕੀ ਭੀ ਉਤਪਤੀ ਪਰਮੇਸ਼ਵਰ ਸੇ ਹੂਈ ਹੈ ਯਹ ਮਾਨਿਅਤਾ ਕਿਸੀ ਏਕ ਦੇਸ ਮੇਂ ਰਹਨੇ ਵਾਲੇ ਲੋਗੋ ਕੀ ਨਹੀਂ ਹੈ ਅਪਿਤੂ, ਵਿਸ਼ਵ ਕੇ ਲਗਭਗ ਸਭੀ ਦੇਸ਼ੋਂ ਮੇਂ

---

[1] ਸੰਗੀਤ, 1970, ਜਨਵਰੀ, ਪੰਨਾ 18.
[2] ਉਹੀ, ਪੰਨਾ 15.
[3] ਉਹੀ, ਪੰਨਾ 16.

ਜਹਾਂ ਵਿਭਿੰਨ ਸਭਿਆਤਾਓਂ ਵ ਕਲਾਓਂ ਕਾ ਵਿਕਾਸ ਹੂਆ ਹੈ, ਉਨ ਸਬਕੀ ਹੈ। ਭਾਰਤ ਮੇਂ ਵਿਭਿੰਨ ਵਿਧਾਓਂ ਤਥਾ ਸ਼ਾਸਤਰੋਂ ਕੇ ਊਪਰ ਲਿਖੇ ਗ੍ਰੰਥੋਂ ਮੇ ਇਸੀ ਮਾਨਿਅਤਾ ਕੀ ਪੁਸ਼ਟੀ ਹੋਤੀ ਹੈ।"[1]

ਸੰਗੀਤ ਇੱਕ ਅਜਿਹੀ ਉੱਚਤਮ ਕਲਾ ਹੈ ਜੋ ਆਮ ਮਨੁੱਖ ਦੇ ਲਈ ਮਨੋਰੰਜਨ ਦਾ ਸਾਧਨ ਅਤੇ ਰਿਸ਼ੀਆਂ, ਮੁਨੀਆਂ ਸੰਤਾਂ ਦੇ ਲਈ ਅਧਿਆਤਮਿਕ ਆਨੰਦ ਦਾ ਮਾਰਗ ਹੈ ਅਤੇ ਸਵਰ ਦੇ ਸਾਧਕ ਲਈ ਇਕ ਸਾਧਨਾ ਹੈ। ਸਵਰਾਂ ਦੇ ਸਾਧਕ ਪੰਡਿਤ ਜਸਰਾਜ ਜੀ ਦੇ ਬਾਰੇ ਸੁਨੀਤਾ ਬੁੱਧੀਰਾਜਾ ਲਿਖਦੇ ਹਨ, "ਏਕ ਸਮੇਂ ਥਾ ਜਬ ਲਗਤਾ ਥਾ ਕਿ ਪੰਡਿਤ ਜਸਰਾਜ ਸ੍ਰੋਤਾਓਂ ਕੇ ਲਿਏ ਗਾਤੇ ਥੇ, ਲੋਗੋਂ ਕੇ ਲਿਏ, ਸਭ ਕੇ ਲਿਏ ਯਾ ਮਨੁਸ਼ਯ ਮਾਤਰ ਕੇ ਲਿਏ ਗਾਤੇ ਥੇ। ਪਿਛਲੇ ਲਗਭਗ ਏਕ ਦਸ਼ਕ ਸੇ ਉਸ ਗਾਇਨ ਸੇ ਐਸੀ ਪ੍ਰਤੀਤ ਹੋਤੀ ਹੈ ਕਿ ਸ਼੍ਰੋਤਾ ਤੋ ਕੇਵਲ ਮਾਧਿਅਮ ਹੈ, ਇਸ ਗਾਇਨ ਕਾ ਅਸਲੀ ਲਕਸ਼ਯ ਤੋ ਕੋਈ ਔਰ ਹੀ ਹੈ।"[2] ਸੰਗੀਤ ਦੀ ਸਵਰ ਸਾਧਨਾ ਨਾਦ ਬ੍ਰਹਮ ਦੀ ਪਹਿਲੀ ਪੌੜੀ ਹੈ, ਜੋ ਕਿ ਈਸ਼ਵਰ ਪ੍ਰਾਪਤੀ ਅਤੇ ਮੋਕਸ਼ ਪ੍ਰਾਪਤੀ ਦਾ ਮਾਰਗ ਹੈ। ਭਗਤੀ ਪੂਰਨ ਰੂਪ ਵਿਚ ਕੀਰਤਨ ਦੇ ਆਧਾਰਿਤ ਹੈ। ਇਸੇ ਹੀ ਕੀਰਤਨ ਜਾਂ ਭਜਨ, ਸ਼ਬਦ ਆਦਿ ਦੀਆਂ ਸਵਰ ਲਹਿਰੀਆਂ ਵਿਚ ਬੰਨ੍ਹ ਕੇ ਹੀ ਪ੍ਰਮਾਤਮਾ ਨਾਲ ਸੰਬੰਧ ਸਥਾਪਿਤ ਕੀਤਾ ਜਾ ਸਕਦਾ ਹੈ।

"ਭਾਰਤੀਏ ਸੰਗੀਤ ਮੇਂ ਹਮੇਂ ਏਕ ਏਸੀ ਆਤਮਿਕ ਕਸ਼ਿਸ਼ ਮਿਲਤੀ ਹੈ, ਜੋ ਮਾਨਵ ਕੋ ਜਿੰਦਗੀ ਕਾ ਅਪੂਰਣ ਆਨੰਦ ਪ੍ਰਦਾਨ ਕਰਤੀ ਹੂਈ ਉਸੇ ਇਸ ਦੁਨੀਆਂ ਸੇ ਬਹੁਤ ਦੂਰ ਕੀ ਦੁਨੀਆਂ ਮੇਂ ਲੇ ਜਾਤੀ ਹੈ, ਜਹਾਂ ਉਸੇ ਦਿਵਅ ਸੌਂਦਰਅ ਕਾ ਜਮਾਲ ਪ੍ਰਾਪਤ ਹੋਤਾ ਹੈ ਔਰ ਜਹਾਂ ਆਤਮਾ ਕੇ ਵਿਰਾਟ ਰੂਪ ਕੇ ਸੁਰਮਏ ਦਰਸ਼ਨ ਹੋਤੇ ਹੈ।"[3]

ਵਿਦਵਾਨਾਂ ਦੇ ਮਤ ਅਨੁਸਾਰ ਸੰਗੀਤ ਕਲਾ ਦੀ ਉਤਪਤੀ ਹੀ ਈਸ਼ਵਰ ਅਰਾਧਨਾ ਦੇ ਲਈ ਹੋਈ। ਭਾਰਤ ਵਿਚ ਤਾਂ ਕਲਾ ਧਰਮ ਦਾ ਆਧਾਰ ਲੈ ਕੇ ਵਿਕਸਿਤ ਹੋਈ। "ਭਾਰਤ ਮੇਂ ਹੀ ਨਹੀਂ, ਵਰਨ ਸਾਰੇ ਵਿਸ਼ਵ ਮੇਂ ਸੰਗੀਤ ਕਾ ਆਰੰਭ ਧਾਰਮਿਕ ਭਾਵਨਾਓਂ ਕੀ ਅਭਿਵਿਅਕਤੀ ਸੇ ਹੂਆ। ਵਿਸ਼ਵ ਕੀ ਸਭੀ ਪ੍ਰਾਚੀਨ ਸੰਸਕ੍ਰਿਤੀਓਂ ਮੇਂ ਧਰਮ ਵ ਸੰਗੀਤ ਕਾ ਗਹਰਾ ਸੰਬੰਧ ਰਹਾ ਹੈ। ਚਾਹੇ ਮਿਸਰ ਹੋ, ਬਾਬਿਲੋਨ ਹੋ, ਸੀਰੀਆ ਹੋ, ਯੂਨਾਨ ਹੋ ਯਾ ਭਾਰਤ, ਸਭੀ ਸਭਿਅਤਾਓਂ ਮੇਂ ਸੰਗੀਤ ਕਾ ਜਨਮ ਭਗਤੀ ਭਾਵਨਾ ਸੇ ਹੂਆ ਹੈ ਔਰ ਇਸੀ ਮੇਂ ਇਸਕਾ ਨਿਰੰਤਰ ਵਿਕਾਸ ਭੀ ਹੂਆ ਹੈ।"[4] ਸਾਰੇ ਵਿਸ਼ਵ ਵਿਚ ਸੰਗੀਤ ਦੀ ਉਤਪਤੀ ਧਾਰਮਿਕ ਵਲਗਣ ਦੇ ਅੰਦਰ ਹੋਈ ਮੰਨੀ ਜਾਂਦੀ ਹੈ।

ਚਿਤਵਰਿਤੀਆਂ ਨੂੰ ਇਕਾਗਰ ਕਰਨ ਦੇ ਇਸ ਮਹਾਨ ਗੁਣ ਦੇ ਫਲਸਰੂਪ ਭਿੰਨ-ਭਿੰਨ ਕਾਲਾਂ ਵਿਚ ਸਾਰੇ ਧਾਰਮਿਕ ਸੰਪ੍ਰਾਦਾਵਾਂ ਨੇ ਈਸ਼ਵਰ ਦੀ ਉਪਾਸਨਾ ਹੇਤੂ ਸੰਗੀਤ ਨੂੰ ਹੀ ਉੱਚ ਸਥਾਨ ਮੰਨਿਆ ਹੈ, ਜਿਸਦੇ ਸਪੱਸ਼ਟ ਦਰਸ਼ਨ ਸਾਨੂੰ ਵਿਭਿੰਨ ਕਾਲਾਂ ਵਿਚ ਭਗਤੀ ਅਤੇ ਸੰਗੀਤ ਸੰਬੰਧੀ ਅਧਿਐਨ ਤੋਂ ਪ੍ਰਾਪਤ ਹੁੰਦੇ ਹਨ।

---

[1] ਸ਼ਰਮਾ, ਪੰਕਜਮਾਲਾ ਡਾ., ਸਾਮਗਾਨ : ਉਦਭਵ, ਵਿਵਹਾਰ ਏਵਮ ਸਿਧਾਂਤ, ਪੰਨਾ 5.
[2] ਸੰਗਨਾ, ਜੁਲਾਈ ਸਤੰਬਰ, 2013, ਪੰਨਾ 14.
[3] ਜੋਸ਼ੀ, ਉਮੇਸ਼, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 443.
[4] ਸੰਗੀਤ, 1970, ਪੰਨਾ 2.

ਸੰਗੀਤ ਵਿਚ ਏਨੀ ਸ਼ਕਤੀ ਹੈ ਕਿ ਉਹ ਮਨ ਨੂੰ ਇਕਾਗਰ ਕਰਕੇ ਸਥਿਰ ਕਰ ਦਿੰਦਾ ਹੈ ਕਿ ਹਿਰਦੇ ਦੀ ਚੰਚਲਤਾ ਨੂੰ ਵੱਸ ਵਿਚ ਕਰ ਲੈਂਦਾ ਹੈ।

ਭਾਰਤੀ ਸੰਗੀਤ ਅਤੇ ਕਾਵਿ ਕਲਾ ਆਰੰਭ ਤੋਂ ਹੀ ਭਗਤੀ ਅਤੇ ਧਰਮ ਦਾ ਆਧਾਰ ਲੈ ਕੇ ਵਿਕਸਿਤ ਹੋਈ। ਵੈਦਿਕ ਕਾਲ ਤੋਂ ਹੀ ਸਾਡੇ ਰਿਸ਼ੀਆਂ ਮੁਨੀਆਂ ਨੇ ਸੰਗੀਤ ਨੂੰ ਮੋਕਸ਼ ਪ੍ਰਾਪਤੀ ਦਾ ਸਭ ਤੋਂ ਸਰਲ ਮਾਧਿਅਮ ਮੰਨਿਆ ਹੈ। ਭਗਤਾਂ ਸੰਤਾਂ ਨੇ ਆਪਣੀ ਪਦ ਰਚਨਾ ਨੂੰ ਭਾਵਮਈ ਅਤੇ ਰਸਮਈ ਬਣਾ ਕੇ ਗਾਇਨ ਰੂਪ ਵਿਚ ਆਪਣੇ ਇਸ਼ਟ ਦੀ ਉਪਾਸਨਾ ਕਰਕੇ ਆਪਣੀ ਆਤਮਾ ਨੂੰ ਉਸ ਪਰਮ ਪ੍ਰਮਾਤਮਾ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਭਾਵਨਾਵਾਂ ਨੂੰ ਵਿਅਕਤ ਕਰਨ ਦਾ ਸਭ ਤੋਂ ਉਪਯੁਕਤ ਸਾਧਨ ਕਾਵਿ ਅਤੇ ਸੰਗੀਤ ਹੀ ਹੈ। ਮੱਧਕਾਲ ਵਿਚ ਭਾਰਤ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਵਿਚ ਉਥਲ-ਪੁਥਲ ਦੇ ਕਾਰਨ ਲੋਕਾਂ ਵਿਚ ਸਥਿਰਤਾ ਨਾ ਰਹੀ। ਵਿਦੇਸ਼ੀ ਸਾਡੀ ਸੰਸਕ੍ਰਿਤੀ ਨੂੰ ਨਾਸ਼ ਕਰਨਾ ਚਾਹੁੰਦੇ ਸਨ ਇਸ ਲਈ ਉਹਨਾਂ ਨੇ ਭਾਰਤ ਦੇ ਅਣਮੁੱਲੇ ਸਾਹਿਤ ਨੂੰ ਨਸ਼ਟ ਕਰ ਦਿੱਤਾ। ਪਰੰਤੂ ਭਾਰਤੀ ਸੰਸਕ੍ਰਿਤੀ ਨੇ ਵਿਦੇਸ਼ੀਆਂ ਨੂੰ ਵੀ ਆਪਣੇ ਵੱਲ ਆਕਰਸ਼ਿਤ ਕੀਤਾ। ਵਿਦੇਸ਼ੀ ਸੰਸਕ੍ਰਿਤ ਭਾਸ਼ਾ ਦੇ ਗਿਆਤਾ ਨਹੀਂ ਸਨ ਤੇ ਸਾਡਾ ਪ੍ਰਾਚੀਨ ਸੰਗੀਤ ਦੇ ਕਾਵਿ ਸੰਸਕ੍ਰਿਤ ਭਾਸ਼ਾ ਵਿਚ ਲਿਖਤ ਸਨ। ਸੰਗੀਤ ਅਤੇ ਸਾਹਿਤ ਦੇ ਇਸ ਆਕਰਸ਼ਣ ਨੇ ਉਹਨਾਂ ਨੂੰ ਸੰਸਕ੍ਰਿਤ ਗ੍ਰੰਥਾਂ ਨੂੰ ਅਰਬੀ ਅਤੇ ਫ਼ਾਰਸੀ ਭਾਸ਼ਾ ਵਿਚ ਅਨੁਵਾਦ ਕਰਵਾਉਣ ਲਈ ਮਜ਼ਬੂਰ ਕੀਤਾ। ਜਦੋਂ ਵੀ ਕਿਸੇ ਦੇਸ਼ ਤੇ ਦੂਸਰੇ ਦੇਸ਼ ਦਾ ਰਾਜ ਸਥਾਪਤ ਹੁੰਦਾ ਹੈ ਤਾਂ ਦੋਹਾਂ ਹੀ ਦੇਸ਼ਾਂ ਦੀ ਸੰਸਕ੍ਰਿਤੀ ਇੱਕ ਦੂਸਰੇ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਆਪਣੀ ਛਾਪ ਇੱਕ ਦੂਸਰੇ ਤੇ ਪਾਉਂਦੀ ਹੈ।

ਭਾਰਤੀ ਸੰਸਕ੍ਰਿਤੀ ਦੇਵ ਸੰਸਕ੍ਰਿਤੀ ਹੈ। ਇਹ ਸੰਸਕ੍ਰਿਤੀ ਵੈਦਿਕ ਕਾਲ ਤੋਂ ਹੀ ਇਸ ਅਟੁੱਟ ਆਸਥਾ ਤੇ ਟਿਕੀ ਹੋਈ ਹੈ ਕਿ ਇਸ ਦ੍ਰਿਸ਼ ਜਗਤ ਦੇ ਪਿੱਛੇ ਕੋਈ ਅਦ੍ਰਿਸ਼ ਪਰਾ ਸ਼ਕਤੀ ਹੈ। ਇਹੀ ਆਸਥਾ ਅਧਿਆਤਮ ਦਾ ਮੂਲ ਹੈ। ਅਧਿਆਤਮ ਸਾਡੀ ਸੰਸਕ੍ਰਿਤੀ ਦੇ ਰੋਮ-ਰੋਮ ਵਿਚ ਵਸਿਆ ਹੋਇਆ ਹੈ। ਯੁਗਾਂ-ਯੁਗਾਤਰਾਂ ਤੋਂ ਸਾਡੇ ਰਿਸ਼ੀਆਂ-ਮੁਨੀਆਂ, ਸਾਧਕਾਂ ਅਤੇ ਚਿੰਤਕਾਂ ਨੇ ਸਾਧਨਾ, ਤਪੱਸਿਆ ਕਰਕੇ ਇਹਨਾਂ ਅਦ੍ਰਿਸ਼ ਸ਼ਕਤੀਆਂ ਨੂੰ ਖੁਸ਼ ਕਰਨ ਦਾ ਯਤਨ ਕੀਤਾ। ਜਿੱਥੇ ਭਾਰਤੀ ਸੰਸਕ੍ਰਿਤੀ ਦੇ ਕਣ-ਕਣ ਵਿਚ ਧਾਰਮਿਕ ਭਾਵਨਾ ਵਿਦਮਾਨ ਹੈ, ਉੱਥੇ ਉਸ ਧਾਰਮਿਕ, ਅਧਿਆਤਮਿਕ ਭਾਵਨਾ ਵਿਚ ਸੰਗੀਤ ਵੀ ਇੱਕ ਬੁਨਿਆਦੀ ਤੱਤ ਦੇ ਰੂਪ ਵਿਚ ਮੌਜੂਦ ਹੈ। ਜੇਕਰ ਭਗਤੀ ਸੰਗੀਤ ਸਵਰੂਪ ਨਾ ਹੁੰਦੀ ਤਾਂ ਸ਼ਾਇਦ ਕਈ ਵੇਦ ਮੰਤਰ ਪੀੜੀ ਦਰ ਪੀੜੀ ਅੱਗੇ ਸੁਰੱਖਿਅਤ ਨਾ ਰਹਿ ਪਾਉਂਦੇ। ਕਿਉਂਕਿ ਅਸੀਂ ਸਭ ਜਾਣਦੇ ਹਾਂ ਕਿ ਵੇਦ ਹੀ ਸੰਸਾਰ ਦੀ ਸਭ ਤੋਂ ਪਹਿਲੀ ਲਿਖਤ ਪੁਸਤਕ ਹੈ ਅਤੇ ਵੇਦਾਂ ਦੀ ਰਚਨਾ ਕਿਸੇ ਇੱਕ ਵਿਅਕਤੀ ਜਾ ਇੱਕੋ ਸਮੇਂ ਤੇ ਨਹੀਂ ਹੋਈ ਹੈ ਬਲਕਿ ਇਹ ਕਈ ਰਿਸ਼ੀਆਂ-ਮੁਨੀਆਂ ਦੇ ਅਧਿਆਤਮਕ ਨਿਚੋੜਾਂ ਦਾ ਸੰਗ੍ਰਹਿ ਹੈ। ਇਹ ਮੰਤਰ ਗਾਇਨ ਰੂਪ ਵਿਚ ਇੱਕ ਪੀੜੀ ਤੋਂ ਦੂਸਰੀ ਪੀੜੀ ਤੱਕ ਜ਼ੁਬਾਨੀ ਯਾਦ ਹੋਣ ਕਰਕੇ ਸੁਰੱਖਿਅਤ ਰਹੇ। ਕੋਈ ਵੀ ਰਚਨਾ ਗਾਇਨ ਰੂਪ ਵਿਚ ਸੌਖੀ ਯਾਦ ਰੱਖੀ ਜਾ ਸਕਦੀ ਹੈ।

ਭਾਰਤੀ ਮਾਨਤਾ ਦੇ ਅਨੁਸਾਰ ਸੰਗੀਤ ਸ਼ਾਖਸ਼ਾਤ ਈਸ਼ਵਰ ਦਾ ਸਵਰੂਪ ਹੈ। ਭਾਰਤੀ ਦਰਸ਼ਨ ਵਿਚ ਸ੍ਰਿਸਟੀ ਦੀ ਜੋ ਕਲਪਨਾ ਕੀਤੀ ਗਈ ਹੈ, ਉਸ ਜਟਿਲ ਸਮੱਸਿਆ ਨੂੰ ਸੰਗੀਤ ਦੀ ਭਾਸ਼ਾ ਵਿਚ ਸਮਝਣ

ਅਤੇ ਅਨੁਭਵ ਕਰਨ ਦਾ ਸਭ ਤੋਂ ਸਰਲ ਯਤਨ ਹੈ। ਸੰਗੀਤ ਅਜਿਹੀ ਦੈਵੀ ਭਾਸ਼ਾ ਸੀ ਜਿਸ ਦੁਆਰਾ ਦੇਵਤਿਆਂ ਦੀ ਅਰਾਧਨਾ ਕਰਕੇ ਉਨ੍ਹਾਂ ਨੂੰ ਪ੍ਰਸੰਨ ਕੀਤਾ ਜਾ ਸਕਦਾ ਹੈ।

ਸੰਸਕ੍ਰਿਤੀ ਦੇ ਉਦਗਮ ਅਤੇ ਵਿਕਾਸ ਦੇ ਨਾਲ ਹੀ ਸੰਗੀਤ ਦਾ ਵਿਕਾਸ ਕਰਮ ਵੇਖਿਆ ਜਾ ਸਕਦਾ ਹੈ। ਪ੍ਰਾਚੀਨ ਸੰਗੀਤ ਮੁੱਖ ਤੌਰ ਤੇ ਪ੍ਰਕਿਰਤਿਕ ਦੇਵਤਿਆਂ ਦੀ ਉਸਤਤ ਵਿਚ ਪ੍ਰਯੋਗ ਹੋਇਆ ਹੈ। ਰਿਸ਼ੀਆਂ-ਮੁਨੀਆਂ, ਪੀਰਾਂ-ਪੈਗੰਬਰਾਂ ਨੇ ਸੰਗੀਤਕ ਨਾਦ ਦੀ ਉਪਾਸਨਾ ਕੀਤੀ ਹੈ। ਸੰਗੀਤਕ ਨਾਦ ਦੇ ਅਧੀਨ ਸਾਮਗਾਨ ਸਭ ਤੋਂ ਪ੍ਰਾਚੀਨ ਗਾਇਨ ਵਿਧਾ ਸੰਗੀਤ ਸ਼ਾਸ਼ਤਰਾਂ ਦੁਆਰਾ ਮੰਨੀ ਜਾਂਦੀ ਹੈ। ਸਾਮਗਾਨ ਦੇ ਸਮਕਾਲੀਨ ਜਾਤੀ ਗਾਇਨ ਉਪਰੰਤ ਪ੍ਰਬੰਧ ਗਾਇਨ ਅਧਿਆਤਮਿਕਤਾ ਨਾਲ ਭਰਪੂਰ ਪਾਈਆਂ ਜਾਂਦੀਆ ਹਨ। ਇਨ੍ਹਾਂ ਅਧਿਆਤਮਿਕ ਸ਼ੈਲੀਆਂ ਨੂੰ ਮੂਲ ਸਤੰਭ ਰੂਪ ਵਿਚ ਸਵਿਕਾਰਦੇ ਹੋਏ ਵਿਭਿੰਨ ਕਾਲਾਂ ਵਿਚ ਭਗਤੀ ਗਾਇਨ ਦੀਆਂ ਹੋਰ ਨਵੀਆਂ ਸ਼ੈਲੀਆਂ ਪਰੰਪਰਾ ਦਾ ਪੁੱਟ ਲੈ ਕੇ ਹੋਂਦ ਵਿਚ ਆਈਆਂ। ਅਸਲ ਵਿਚ ਪਰਿਵਰਤਨਸ਼ੀਲਤਾ ਕੁਦਰਤ ਦਾ ਨਿਯਮ ਹੈ। ਇਸੇ ਨਿਯਮ ਤਹਿਤ ਸੰਗੀਤ ਵੀ ਇਸ ਪਰਿਵਰਤਨਸ਼ੀਲਤਾ ਤੋਂ ਅਛੂਤਾ ਨਹੀਂ ਰਿਹਾ। ਸੰਗੀਤ ਵੀ ਇਸ ਪਰਿਵਰਤਨਸ਼ੀਲਤਾ ਵਿਚ ਸਮੇਂ ਦੇ ਨਾਲ ਗਤੀਸ਼ੀਲ ਰਿਹਾ ਹੈ। ਅੱਜ ਭਾਵੇਂ ਮਨੁੱਖ ਕਿੰਨਾ ਵੀ ਆਪਣੇ ਆਪ ਤੇ ਆਧੁਨਿਕਤਾ ਅਤੇ ਨਵੀਨਤਾ ਦੀ ਮੋਹਰ ਲਗਾਏ, ਪਰ ਉਹ ਆਪਣੀ ਪਰੰਪਰਾ ਜਾਂ ਮੂਲ ਜੜ੍ਹ ਤੋਂ ਦੂਰ ਨਹੀਂ ਹੋ ਸਕਦਾ। ਪ੍ਰਾਚੀਨ ਪਰੰਪਰਾ ਦੇ ਤੱਤਾਂ ਨੂੰ ਹੰਢਾਉਂਦਾ ਹੋਇਆ ਭਗਤੀ ਅਤੇ ਸੰਗੀਤ ਜਾਂ ਅਧਿਆਤਮਿਕ ਸੰਗੀਤ ਆਪਣੇ ਮੂਲ ਦੀ ਪਛਾਣ ਨਿਰਧਾਰਿਤ ਕਰਦਾ ਹੈ। ਅਧਿਆਤਮਿਕ ਸੰਗੀਤ ਨਵੀਨਤਾ ਨੂੰ ਆਪਣੇ ਵਿਚ ਸਮੇਟਦਾ ਹੋਇਆ ਪ੍ਰਾਚੀਨ ਪਰੰਪਰਾਗਤ ਲੀਹਾਂ ਤੋਂ ਪਰ੍ਹੇ ਨਹੀਂ ਹਟਿਆ। ਪਰੰਪਰਾ ਅਤੇ ਨਵੀਨ ਪ੍ਰਯੋਗਾਂ ਨਾਲ ਸੰਗੀਤ ਕਲਾ ਸਦਾ ਗਤੀਸ਼ੀਲ ਰਹੀ ਹੈ। ਇਹੀ ਗਤੀਸ਼ੀਲਤਾ ਨਵ ਨਿਰਮਾਣ ਵੱਲ ਪ੍ਰੇਰਿਤ ਕਰਦੀ ਹੈ। ਪਰੰਪਰਾ ਦੇ ਆਧਾਰ ਤੇ ਹੀ ਨਵ ਨਿਰਮਾਣ ਸੰਭਵ ਹੈ। ਜੇਕਰ ਪੁਰਾਣੇ ਰੀਤੀ-ਰਿਵਾਜ ਪਰੰਪਰਾ ਨਾ ਹੋਣਗੇ ਤਾਂ ਨਵੀਨਤਾ ਨੂੰ ਪ੍ਰੇਰਣਾ ਕਿੱਥੋਂ ਮਿਲੇਗੀ। ਹਿੰਦੁਸਤਾਨੀ ਸੰਗੀਤ ਅਤੇ ਸੂਫ਼ੀ ਸੰਗੀਤ ਦੇ ਸਮਕਾਲੀਨ ਪਰਿਪੇਖ ਨੂੰ ਘੋਖਣ ਲਈ ਸਾਨੂੰ ਇਤਿਹਾਸਿਕ ਅਤੇ ਵਿਵਹਾਰਿਕ ਦ੍ਰਿਸ਼ਟੀ ਤੋਂ ਪ੍ਰਾਚੀਨ ਰਚਨਾਵਾਂ ਦਾ ਸੰਖੇਪ ਵਿਚ ਵਰਨਣ ਕਰਨਾ ਜ਼ਰੂਰੀ ਹੈ। ਸਮੇਂ ਦੀ ਪਰਿਵਰਤਨਸ਼ੀਲਤਾ ਨਾਲ ਗਤੀਮਾਨ ਹੁੰਦਿਆ ਹੋਇਆ ਅਧਿਆਤਮਕ ਸੰਗੀਤ ਵੀ ਮੱਧ ਕਾਲ ਦੇ ਰਾਜਨੀਤਿਕ, ਸੰਸਕ੍ਰਿਤਿਕ ਅਤੇ ਸਭਿਆਚਾਰਕ ਅਸਥਿਰਤਾ ਵਾਲੇ ਰਾਹਾਂ ਤੇ ਪਿਆ।

ਸੰਗੀਤ ਇੱਕ ਪੀੜੀ ਤੋਂ ਦੂਸਰੀ ਪੀੜੀ ਤੱਕ ਪਰੰਪਰਾਗਤ ਰੂਪ ਵਿਚ ਪ੍ਰਵਾਹਿਤ ਰਿਹਾ ਹੈ। ਇਸ ਪ੍ਰਵਾਹ ਵਿਚ ਸੰਗੀਤ ਨੇ ਗਾਇਨ ਦੀਆਂ ਵਿਭਿੰਨ-ਵਿਭਿੰਨ ਰੀਤੀਆਂ ਅਥਵਾਂ ਸ਼ੈਲੀਆਂ ਨੂੰ ਗ੍ਰਹਿਣ ਕਰਕੇ ਪ੍ਰਾਚੀਨ ਕਾਲ ਤੋਂ ਮੱਧ ਅਤੇ ਮੱਧ ਤੋਂ ਆਧੁਨਿਕ ਕਾਲ ਦਾ ਸਫ਼ਰ ਤੈਅ ਕੀਤਾ ਹੈ। ਜਦੋਂ ਵਿਚਾਰਾਂ ਨੂੰ ਕਲਪਨਾ ਰੂਪ ਦਿੱਤਾ ਜਾਂਦਾ ਹੈ ਤਾਂ ਸ਼ੈਲੀ ਦਾ ਜਨਮ ਹੁੰਦਾ ਹੈ।

"ਅਪਨੀ ਕਲਪਨਾ ਦੁਆਰਾ, ਅਪਨੇ ਗਿਆਨ ਏਵਮ ਵਿਚਾਰ ਕੇ ਦੁਆਰਾ ਤਥਾ ਅਪਨੀ ਅਨੁਭੂਤੀਓਂ ਦੁਆਰਾ ਸੰਗੀਤਕਾਰ, ਜੋ ਸੰਗੀਤਕ ਨਿਧੀ ਇਕੱਤਰ ਕਰਤਾ ਹੈ, ਉਸਕਾ ਵਹ ਦੂਸਰੋਂ ਕੋ

ਉਪਹਾਰ ਦੇਨਾ ਚਾਹਤਾ ਹੈ। ਅਪਨੇ ਅਨੁਯਾਈਓਂ ਕੋ ਉਸ ਨਿਧੀ ਕਾ ਸਾਖਤਕਾਰ ਕਰਾਨਾ ਚਾਹਤਾ ਹੈ। ਅਤਏਵ ਵਹ ਸੰਗੀਤ ਕੀ ਏਕ ਪਰੰਪਰਾ, ਰੀਤੀ, ਸ਼ੈਲੀ ਕਾ ਨਿਰਮਾਣ ਕਰਤਾ ਹੈ।"[1]

ਪਰੰਪਰਾਗਤ ਭਾਰਤੀ ਸੰਗੀਤ ਵਿਚ ਵਿਭਿੰਨ ਕਾਲਾਂ ਵਿਚ ਵਿਭਿੰਨ ਸੰਗੀਤਿਕ ਸ਼ੈਲੀਆਂ ਦਾ ਪ੍ਰਚਾਰ ਪ੍ਰਸਾਰ ਹੋਇਆ ਹੈ।

ਸ਼ੈਲੀ ਸ਼ਬਦ ਦਾ ਅਰਥ ਹੈ:- "ਸ਼ੈਲੀ (ਸੰਗਿਆ ਇਸਤਰੀ) (ਸੰ.) 1. ਚਾਲ, ਢੰਗ, 2. ਪ੍ਰਣਾਲੀ, ਤਰਜ਼, (3) ਰੀਤੀ, ਪ੍ਰਥਾ, ਰਿਵਾਜ।"[2]

ਸੰਗੀਤ ਦੀ ਹਰੇਕ ਸ਼ੈਲੀ ਆਪਣੀ ਇੱਕ ਅਲੱਗ ਹੋਂਦ ਜਾਂ ਵਿਲੱਖਣਤਾ ਨਾਲ ਭਰਪੂਰ ਹੁੰਦੀ ਹੈ। ਸੰਗੀਤਕਾਰ ਪ੍ਰਾਚੀਨ ਕਾਲ ਤੋਂ ਹੀ ਵਿਭਿੰਨ ਢੰਗਾਂ ਨਾਲ ਗਾਇਨ ਅਤੇ ਵਾਦਨ ਦਾ ਨਿਰਮਾਣ ਕਰਦਾ ਆ ਰਿਹਾ ਹੈ। ਸਮੇਂ ਦੇ ਪ੍ਰਵਾਹ ਦੇ ਨਾਲ ਕਈ ਗਾਇਨ ਸ਼ੈਲੀਆਂ ਪ੍ਰਚਾਰ ਵਿਚ ਆਈਆਂ ਪ੍ਰੰਤੂ ਉਸ ਸਮੇਂ ਸੰਗੀਤਕਾਰਾਂ ਨੂੰ ਇਹ ਗਿਆਤ ਨਹੀਂ ਸੀ ਕਿ ਇਹ ਸ਼ੈਲੀਆਂ ਕਿਹੜੇ ਨਾਮਾਂ ਨਾਲ ਪ੍ਰਸਿੱਧੀ ਪ੍ਰਾਪਤ ਕਰਨਗੀਆਂ। "ਉਸ ਕਾਲ ਮੇਂ ਵਹ ਯਹ ਨਹੀਂ ਜਾਨ ਸਕਾ ਥਾ ਕਿ ਯਹ ਸੰਗੀਤ, ਏਵਮ ਸੰਗੀਤ ਕੀ ਸ਼ੈਲੀ ਧਰੁਪਦ, ਧਮਾਰ, ਸਾਦਰਾ, ਖਿਆਲ ਆਦਿ ਨਾਮੋਂ ਸੇ ਵਿਵਹਾਰ ਮੇਂ ਜਾਨੀ ਜਾਏਗੀ। ਯਹ ਨਾਮਕਰਣ ਆਗੇ ਚਲਕਰ ਮਨਨਸ਼ੀਲ ਵਿਸ਼ਲੇਸ਼ਣ ਪ੍ਰਿਏ ਸੰਗੀਤ ਸਮਾਜ ਨੇ ਕੀਆ। ਉਨਕਾ ਵਿਸ਼ਲੇਸ਼ਣ ਏਵਮ ਚਿੰਤਨ ਸੰਗੀਤਕਾਰੋਂ ਦੁਆਰਾ ਹੋਤਾ ਚਲਾ ਆ ਰਹਾ ਹੈ ਔਰ ਇਸੀ ਤਰ੍ਹਾਂ ਹੋਤਾ ਚਲੇਗਾ।"[3]

"ਪ੍ਰਤੇਕ ਸੰਗੀਤ-ਸ਼ੈਲੀ ਏਕ ਇਤਿਹਾਸਿਕ ਸਥਿਤੀ ਕਾ ਨਿਰੂਪਣ ਕਰਤੀ ਹੈ। ਵਹ ਚੇਤਨਾ ਕੀ ਏਕ ਵਿਸ਼ਿਸ਼ਟ ਪ੍ਰਵਿਰਤੀ ਕੀ ਅਭਿਵਿਅਕਤੀ ਹੋਤੀ ਹੈ। ਔਰ ਉਸਮੇਂ ਏਕ ਯੁਗ ਅਥਵਾ ਸਮਾਜ, ਏਕ ਵਰਗ ਅਥਵਾ ਵਿਅਕਤੀ ਕੇ ਚਿੰਤਨ ਤਥਾ ਉਸਕੀ ਭਾਵਨਾਓਂ ਕਾ ਪ੍ਰਤੀਬਿੰਬ ਮਿਲਤਾ ਹੈ।"[4]

ਕੋਈ ਵੀ ਸੰਗੀਤਕ ਸ਼ੈਲੀ ਜਾਂ ਰੀਤੀ ਤਦ ਹੀ ਉਚ ਪ੍ਰਚਾਰ ਜਾਂ ਪ੍ਰਸਾਰ ਦੀਆਂ ਬੁਲੰਦੀਆਂ ਨੂੰ ਛੂੰਹਦੀ ਹੈ ਅਤੇ ਚਿਰਜੀਵੀ ਰਹਿੰਦੀ ਹੈ ਜੇਕਰ ਉਸ ਨੂੰ ਸਰਵ ਮਾਨਤਾ ਪ੍ਰਾਪਤ ਹੋਵੇ। ਜੇਕਰ ਕਿਸੇ ਸ਼ੈਲੀ ਨੂੰ ਉਸ ਕਾਲ ਦੇ ਸਮੂਹ ਗਾਇਕ ਜਾਂ ਵਾਦਕ ਮਾਨਤਾ ਦਿੰਦੇ ਹਨ ਜਾਂ ਉਸ ਰੀਤੀ ਦਾ ਅਨੁਕਰਣ ਕਰਦੇ ਹਨ ਤਾਂ ਉਹ ਉਸ ਕਾਲ ਦੀ ਸ਼ੈਲੀ ਕਹਾਉਂਦੀ ਹੈ। ਭਿੰਨ-ਭਿੰਨ ਕਾਲਾਂ ਵਿਚ ਭਿੰਨ-ਭਿੰਨ ਸ਼ੈਲੀਆਂ ਦਾ ਵਿਕਾਸ ਹੁੰਦਾ ਰਿਹਾ ਹੈ। ਪਰਿਵਰਤਨ ਪ੍ਰਕ੍ਰਿਤੀ ਦਾ ਨਿਯਮ ਹੈ ਅਤੇ ਇਸੇ ਨਿਯਮ ਦੇ ਅਧੀਨ ਸੰਗੀਤਕ ਸ਼ੈਲੀਆਂ ਵੀ ਪ੍ਰਕ੍ਰਿਤੀ ਦੇ ਇਸ ਨਿਯਮ ਦੇ ਅਨੁਸਾਰ ਸਮੇਂ ਦੇ ਨਾਲ ਬਦਲਦੀਆਂ ਰਹੀਆਂ ਹਨ। ਪ੍ਰਾਚੀਨ ਕਾਲ ਵਿਚ ਸਾਮ ਗਾਨ, ਜਾਤੀ ਗਾਇਨ, ਪ੍ਰਬੰਧ, ਮੱਧ ਕਾਲ ਵਿਚ ਧਰੁਪਦ, ਧਮਾਰ, ਖਿਆਲ, ਤਰਾਨਾ, ਸਾਦਰਾ, ਦਾਦਰਾ ਕੱਵਾਲੀ, ਸ਼ਬਦ, ਟੱਪਾ, ਚਤੁਰੰਗ, ਤਿਰਵਟ ਆਦਿ ਸ਼ੈਲੀਆਂ ਪ੍ਰਚਾਰ ਵਿਚ ਰਹੀਆਂ ਹਨ।

---

[1] ਮਿਸ਼ਰਾ, ਅਰੁਣ (ਡਾ.), ਭਾਰਤੀਏ ਕੰਠ ਸੰਗੀਤ ਔਰ ਵਾਦਅ ਸੰਗੀਤ, ਪੰਨਾ 120.
[2] ਸ੍ਰੀ ਨਵਲ ਜੀ (ਸੰਪਾ.), ਨਾਲੰਦਾ ਵਿਸ਼ਾਲ ਸ਼ਬਦ ਸਾਗਰ, ਪੰਨਾ 1358.
[3] ਮਿਸ਼ਰਾ, ਅਰੁਣ (ਡਾ.), ਭਾਰਤੀਏ ਕੰਠ ਸੰਗੀਤ ਔਰ ਵਾਦਅ ਸੰਗੀਤ, ਪੰਨਾ 120.
[4] ਐਚ.ਜੇ. ਕਆਲ ਰਾਇਟਰ (ਪ੍ਰੋ.), ਸੰਗੀਤ : ਪੂਰਵ ਔਰ ਪਸ਼ਿਚਮ, ਪੰਨਾ 14.

ਹਰੇਕ ਕਾਲ ਦਾ ਪੂਰਵਵਰਤੀ ਅਤੇ ਸਮਕਾਲੀਨ ਯੁਗਾਂ ਨਾਲ ਗਹਿਰਾ ਸੰਬੰਧ ਹੁੰਦਾ ਹੈ। ਕਿਸੇ ਵੀ ਯੁਗ ਦਾ ਅਧਿਐਨ ਕਰਨ ਦੇ ਲਈ ਪੂਰਵਵਰਤੀ ਅਤੇ ਸਮਕਾਲੀਨ ਪਰਿਸਥਿਤੀਆਂ ਤੇ ਚਾਨਣਾ ਪਾਉਣਾ ਜ਼ਰੂਰੀ ਹੈ।

ਇੱਥੇ ਇਹ ਚਾਨਣਾ ਪਾਉਣਾ ਅਤਿ ਜ਼ਰੂਰੀ ਹੈ ਕਿ ਸ਼ੋਧ ਕਰਤਾ ਨੂੰ ਪ੍ਰਮਾਣਿਤ ਰੂਪ ਵਿਚ ਗਾਇਨ ਦਾ ਸਵਰੂਪ ਸਾਮਗਾਨ ਤੋਂ ਪ੍ਰਾਪਤ ਹੁੰਦਾ ਹੈ ਪਰ ਅਸੀਂ ਇਹ ਨਹੀਂ ਕਹਿ ਸਕਦੇ ਕਿ ਸਾਮਗਾਨ ਤੋਂ ਪਹਿਲਾਂ ਸੰਗੀਤ ਨਹੀਂ ਸੀ। ਅਤਿ ਪ੍ਰਾਚੀਨ ਕਾਲ ਤੋਂ ਹੀ ਗਾਇਨ ਦੀਆ ਵਿਭਿੰਨ ਪੱਧਤੀਆਂ ਭਗਤੀ ਰਸ ਨਾਲ ਪ੍ਰਵਾਹਿਤ ਹੋਣਗੀਆਂ, ਪਰੰਤੂ ਉਸ ਯੁੱਗ ਦੇ ਗਾਇਕ ਗਾਇਨ ਦੀ ਕਿਹੜੀ ਪੱਧਤੀ ਜਾਂ ਗਾਇਨ ਸ਼ੈਲੀ ਗਾਉਂਦੇ ਸੀ, ਇਸ ਸੰਬੰਧ ਵਿਚ ਇਤਿਹਾਸਿਕ ਪ੍ਰਮਾਣ ਨਹੀਂ ਮਿਲਦੇ। ਪਰੰਤੂ ਉਸ ਯੁੱਗ ਵਿਚ ਵੀ ਲੋਕ ਗੀਤ ਜ਼ਰੂਰ ਗਾਏ ਜਾਂਦੇ ਹੋਣਗੇ, ਕਿਉਂਕਿ ਮਨੁੱਖ ਆਪਣੇ ਭਾਵਾਂ ਦਾ ਪ੍ਰਗਟਾਅ ਇਨ੍ਹਾਂ ਲੋਕ ਗੀਤਾਂ ਰਾਹੀਂ ਹੀ ਕਰਦਾ ਰਿਹਾ ਹੋਵੇਗਾ। ਸੰਗੀਤ ਤਾਂ ਮਨੁੱਖ ਦਾ ਜਨਮ ਦਾ ਸਾਥੀ ਹੈ ਅਤੇ ਸੰਗੀਤ ਦਾ ਵਿਕਾਸ ਵੀ ਮਨੁੱਖ ਦੇ ਨਾਲ-ਨਾਲ ਹੋਇਆ ਹੈ, ਪਰੰਤੂ ਲੇਖਨ ਦੇ ਅਭਾਵ ਕਾਰਨ ਕੋਈ ਪ੍ਰਮਾਣ ਨਹੀਂ ਮਿਲਦਾ। ਇਤਿਹਾਸਿਕ ਪ੍ਰਮਾਣਿਕਤਾ ਸਾਮਗਾਨ ਤੋਂ ਹੀ ਪ੍ਰਾਪਤ ਹੁੰਦੀ ਹੈ।

### 3.2.1 ਸਾਮਗਾਨ

ਸਾਮਵੇਦ ਦਾ ਸੰਗੀਤ ਸਾਮਗਾਨ ਪਹਿਲਾ ਅਜਿਹਾ ਭਗਤੀ ਸੰਗੀਤ ਸੀ ਜੋ ਸ਼ਾਸ਼ਤਰੀ ਸੰਗੀਤ ਦੇ ਸਮਾਨ ਸਸਵਰ ਗਾਇਆ ਜਾਂਦਾ ਸੀ। ਜਦੋਂ ਸ਼ਬਦ, ਸਵਰ ਦੇ ਮਾਧਿਅਮ ਦੁਆਰਾ ਭਗਤੀ ਕੀਤੀ ਜਾਂਦੀ ਹੈ ਤਾਂ ਅਲੌਕਿਕ ਆਨੰਦ ਦੀ ਅਨੁਭੂਤੀ ਮਿਲਦੀ ਹੈ। ਸਾਮਗਾਨ ਵੈਦਿਕ ਕਾਲ ਵਿਚ ਭਗਤੀ ਸੰਗੀਤ ਦੀ ਇਕ ਵਿਸ਼ੇਸ਼ ਗਾਇਨ ਪਰੰਪਰਾ ਸੀ। ਸਾਮ ਸ਼ਬਦ ਦਾ ਅਰਥ ਹੀ ਗੇਅ ਵਸਤੂ ਭਾਵ ਗਾਇਨ ਯੋਗ ਵਸਤੂ ਹੈ। ਵੈਦਿਕ ਕਾਲ ਵਿਚ ਜੋ ਮੰਤਰ ਗਾਏ ਜਾਂਦੇ ਸਨ ਉਨ੍ਹਾਂ ਨੂੰ ਸਾਮ ਕਿਹਾ ਜਾਂਦਾ ਸੀ।

ਜਦੋਂ ਭਾਵਨਾਵਾਂ ਨੂੰ ਵਿਅਕਤ ਕਰਨ ਵਿਚ ਸ਼ਬਦ ਅਸਮਰਥ ਹੁੰਦੇ ਹਨ ਉੱਥੇ ਸੰਗੀਤ ਦਾ ਮਾਧਿਅਮ ਹੀ ਉੱਤਮ ਪ੍ਰਤੀਤ ਹੁੰਦਾ ਹੈ। "ਏਕ ਐਸੀ ਸਥਿਤੀ ਭੀ ਹੋਤੀ ਹੈ। ਜਬ ਭਾਵਨਾਓਂ ਕੋ ਅਭਿਵਿਅਕਤ ਕਰਨੇ ਮੇਂ ਸ਼ਬਦ ਅਸਮਰਥਤਾ ਵਿਅਕਤ ਕਰਨੇ ਲਗਤੇ ਹੈਂ। ਇਸੀ ਪ੍ਰਕਾਰ ਹਮਾਰੇ ਵੈਦਿਕ ਰਿਸ਼ੀ-ਮੁਨੀਓਂ ਨੇ ਅਨੁਭੂਤੀ ਜਨਅ ਗਿਆਨ ਕੋ ਸ਼ਬਦੋਂ ਕੇ ਮਾਧਿਅਮ ਸੇ ਵਿਅਕਤ ਕਰਨੇ ਕੀ ਕੋਸ਼ਿਸ਼ ਕੀ, ਪਰੰਤੂ ਵੇ ਇਸ ਗਿਆਨ ਕੋ ਪੂਰਣ ਰੂਪ ਸੇ ਅਭਿਵਿਅਕਤ ਕਰਨੇ ਮੇਂ ਸਫ਼ਲ ਨਹੀਂ ਹੁਏ। ਸ਼ਬਦ ਅਭਿਵਿਅਕਤੀ ਕੀ ਤੀਨ ਧਾਰਾਏਂ ਮਾਨੀ ਜਾਤੀ ਹੈ- ਗਧ, ਪਧ ਏਵਮ ਗਾਨਾ"।[1]

ਜੈਮਿਨੀ ਸੂਤਰ ਵਿਚ ਲਿਖਿਆ ਹੈ-

"गीतिषु सामाख्या।" ਜੈਮਿਨੀ ਸੂਤਰ 2.1.361

---

[1] ਯਮਨ, ਅਸ਼ੋਕ ਕੁਮਾਰ, ਸੰਗੀਤ ਰਤਨਾਵਲੀ, ਪੰਨਾ 13.

ਅਰਥਾਤ ਗੀਤੀ ਅਥਵਾ ਗੀਤ ਨੂੰ ਹੀ ਸਾਮ ਕਿਹਾ ਜਾਂਦਾ ਹੈ। ਕਿਸੇ ਵੀ ਗੀਤ ਦੇ ਗਾਇਨ ਦੇ ਲਈ ਸਾਹਿਤ ਦੀ ਆਵਸ਼ਕਤਾ ਰਹਿੰਦੀ ਹੈ। ਵੈਦਿਕ ਕਾਲ ਵਿਚ ਰਿਗਵੇਦ ਦੇ ਛੰਦ ਬੱਧ ਮੰਤਰਾਂ ਦਾ ਗਾਇਨ ਰੂਪ ਹੀ ਸਾਮ ਸੰਗੀਤ ਹੈ।

"ਸਾਮਵੇਦ ਦਾ ਸੰਗੀਤ ਭਾਰਤ ਕੇ ਇਤਿਹਾਸ ਮੇਂ ਪ੍ਰਥਮ ਭਕਤੀ ਸੰਗੀਤ ਹੋਨੇ ਕਾ ਅਧਿਕਾਰੀ ਹੈ। ਯਹ ਵਹ ਸੰਗੀਤ ਹੈ ਜਿਸਮੇਂ ਭਕਤ ਨੇ ਅਪਨੀ ਅਰਾਧਅ ਵਿਸਅਕ ਭਾਵਨਾਓਂ ਕੋ ਸਵਰੋਂ ਮੇਂ ਬਾਂਧਾ ਹੈ। ਇਨ ਗੀਤੋਂ ਕੀ ਸਰਸਤਾ ਕਾ ਮੂਲ ਆਤਮੀਅਤਾ ਤਥਾ ਆਤਮ-ਨਿਵੇਦਨ ਮੇਂ ਹੈ। ਏਹਿਕ ਸਮਰਿਧੀ ਤਥਾ ਪਾਰਲੌਕਿਕ ਵੈਭਵ ਤਥਾ ਪਾਨੇ ਕੀ ਇੱਛਾ ਸੇ ਜਿਨ ਰਿਚਾਓਂ ਕਾ ਨਿਰਮਾਣ ਹੂਆ, ਉਨਹੀਂ ਕੋ ਤਤਕਾਲੀਨ ਸੰਗੀਤਕਾਰੋਂ ਨੇ ਸਵਰ ਪ੍ਰਦਾਨ ਕੀਆ। ਸਾਧਾਰਨ ਪਾਠ ਕੀ ਉਪੇਕਸ਼ਾ ਗਾਇਨ ਸੇ ਹਮ ਦੇਵਤਾਓਂ ਕੋ ਵਸੀਭੂਤ ਕਰ ਸਕਦੇ ਹੈ।"[1]

ਯੱਗ ਆਦਿ ਅਵਸਰਾਂ ਤੇ ਭਗਤੀ ਪੂਰਵਕ ਸਾਮ ਗਾਇਨ ਜ਼ਰੂਰੀ ਸਮਝਿਆ ਜਾਂਦਾ ਸੀ। ਯੱਗ ਸੰਪੂਰਣਤਾ ਵਿਚ ਲੰਬਾ ਸਮਾਂ ਲੱਗਣ ਦੇ ਕਾਰਣ ਇੱਕ ਤੋਂ ਅਧਿਕ ਸਾਮ ਗਾਇਕਾਂ ਦੀ ਜ਼ਰੂਰਤ ਪੈਂਦੀ ਸੀ। ਸਾਮ ਗਾਇਕਾਂ ਨੂੰ 'ਸਾਮਗ' ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਸੀ।

### 3.2.1.1 ਸਾਮਗਾਨ ਵਿਚ ਪ੍ਰਯੁਕਤ ਸਵਰ

ਸਾਮਗਾਨ ਵਿਚ ਪ੍ਰਯੁਕਤ ਸਵਰਾਂ ਦੀ ਸੰਖਿਆਂ ਤਿੰਨ ਦੱਸੀ ਗਈ ਹੈ। ਤਿੰਨ ਸਵਰਾਂ ਤੇ ਹੀ ਸਾਮ ਗਾਇਨ ਕੀਤਾ ਜਾਂਦਾ ਸੀ। ਇਹ ਤਿੰਨ ਸਵਰ ਸਨ। ਉਦਾਤ, ਅਨੁਦਾਤ ਅਤੇ ਸਵਰਿਤ ਸਨ। ਹੌਲੀ-ਹੌਲੀ ਇਨ੍ਹਾਂ ਸਵਰਾਂ ਦੇ ਆਧਾਰ ਤੇ ਸੱਤਾਂ ਸਵਰਾਂ ਦਾ ਪ੍ਰਯੋਗ ਵੈਦਿਕ ਕਾਲ ਵਿਚ ਹੀ ਹੋਣ ਲੱਗਾ। ਇਨ੍ਹਾਂ ਹੀ ਸੱਤ ਸਵਰਾਂ ਦਾ ਪ੍ਰਯੋਗ ਆਧੁਨਿਕ ਕਾਲ ਤੱਲ ਚੱਲਿਆ ਆ ਰਿਹਾ ਹੈ। "ਵੈਦਿਕਕਾਲ ਮੇਂ 'ਸਪਤਧਾਤੂ' ਸੰਗਿਆ ਪ੍ਰਾਪਤ ਹੋਤੀ ਹੈ। ਸੰਭਵਤ: ਸਪਤ ਧਾਤੂ ਸਪਤ ਸਵਰੋਂ ਕੇ ਲਿਏ ਪ੍ਰਯੁਕਤ ਹੂਆ ਹੈ।"[2]

ਨਾਰਦੀਏ ਸ਼ਿਕਸਾ ਵਿਚ ਵੀ ਸਪਤ ਸਵਰਾਂ ਦਾ ਵਰਨਣ ਮਿਲਦਾ ਹੈ।

"प्रथमश्च द्वितीयश्च तृतीयोऽथ चतुर्थकः।

मन्द्र क्रुष्टो अतिस्वार एतान कुर्वन्ति सामगाः।।"[3]

ਅਰਥਾਤ ਪ੍ਰਥਮ, ਦ੍ਵਿਤੀਅ, ਤ੍ਰਿਤੀਅ, ਚਤੁਰਥ, ਮੰਦਰ, ਕ੍ਰਿਸ਼ਠ ਅਤੇ ਅਤਿ ਸਵਾਰਿਆ ਸਵਰਾਂ ਦੇ ਰਾਹੀਂ ਹੀ ਸਾਮ ਦਾ ਗਾਇਨ ਕੀਤਾ ਜਾਂਦਾ ਸੀ। ਸਾਮ ਗਾਇਨ ਨੂੰ ਗ੍ਰਾਮ ਦੇ ਹਰੇਕ ਸਵਰ ਤੋਂ ਆਰੰਭ ਕੀਤਾ ਜਾ ਸਕਦਾ ਸੀ। "ਪ੍ਰਤੇਕ ਸ਼ੜਜ ਭਾਵੇਨ।"[4] ਪ੍ਰਥਮ ਸਵਰ-ਗੰਧਾਰ, ਦ੍ਵਿਤਿਅ-ਰਿਸ਼ਭ, ਤ੍ਰਿਤਿਅ-ਸ਼ੜਜ, ਚਤੁਰਥ-ਨਿਸ਼ਾਦ, ਮੰਦਰ-ਧੈਵਤ, ਕਰਿਸ਼ਟ-ਮਧਿਅਮ ਅਤੇ ਅਤਿਸਵਾਰਿਆ-ਪੰਚਮ ਸਵਰ। ਗੰਧਾਰ ਸਵਰ ਹੀ ਪ੍ਰਥਮ ਅਤੇ ਮੁੱਢਲਾ ਸਵਰ ਸੀ। ਇਸੇ ਲਈ ਹੀ ਗੰਧਾਰ ਗ੍ਰਾਮ ਹੀ ਮੁੱਢਲਾ ਗ੍ਰਾਮ ਬਣਿਆ।

---

[1] ਸੰਗੀਤ, ਭਕਤੀ ਸੰਗੀਤ ਅੰਕ, ਜਨਵਰੀ 1970, ਪੰਨਾ 10.
[2] ਧਰਮਾਵਤੀ, ਸ੍ਰੀਵਾਸਤਵ, ਪ੍ਰਾਚੀਨ ਭਾਰਤ ਮੇਂ ਸੰਗੀਤ, ਪੰਨਾ 27.
[3] ਨਾਰਦ, ਅਚਾਰਿਆ, ਨਾਰਦੀਏ ਸ਼ਿਕਸਾ, ਪੰਨਾ 63.
[4] ਠਾਕੁਰ, ਜਯਦੇਵ ਸਿੰਘ, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 55.

ਸਾਮ ਗਾਇਨ ਦਾ ਜਿਸ ਸਵਰ ਤੋਂ ਆਰੰਭ ਹੁੰਦਾ ਸੀ ਉਸੇ ਨੂੰ ਹੀ ਸਾਮ ਦਾ ਪਹਿਲਾ ਅਥਵਾ ਆਧਾਰ ਸਵਰ ਕਹਿੰਦੇ ਸਨ। ਆਧੁਨਿਕ ਗਾਇਨ ਸ਼ੈਲੀਆਂ ਵਿਚ ਵੀ ਆਧਾਰ ਸਵਰ ਦਾ ਬਹੁਤ ਮਹੱਤਵ ਹੈ। ਆਧਾਰ ਸਵਰ ਕਰੁਸ਼ਟ ਸਵਰ ਤੋਂ ਉੱਚਾ ਸਵਰ ਅਤੇ ਅਤਿਸਵਾਇ ਸਵਰ ਤੋਂ ਨੀਚਾ ਸਵਰ ਹੁੰਦਾ ਹੈ। ਕਰੁਸ਼ਟ ਅਤੇ ਅਤਿਸਵਾਰਿ ਸਵਰ ਤੋਂ ਗਾਨ ਆਰੰਭ ਨਹੀਂ ਹੁੰਦਾ। ਸਾਮ ਗਾਨ ਦੇ ਲਈ ਤਿੰਨ ਤਰ੍ਹਾਂ ਦੀ ਲੈਅ ਦਾ ਵਰਨਣ ਹੈ। ਹਸਵ, ਦੀਰਘ, ਪਲੁਤ। ਹਸਵ ਇੱਕ ਮਾਰਤਾ ਦੀਰਘ ਦੋ ਮਾਤਰਾ ਅਤੇ ਪਲਿਤ ਤਿੰਨ ਮਾਤਰਾਵਾਂ ਦੀ ਹੁੰਦੀ ਹੈ।

### 3.2.1.2 ਸਾਮ ਦੀ ਗਾਇਨ ਵਿਧੀ

ਸਾਮ ਗਾਇਨ ਦੇ ਪੰਜ ਚਰਣ (ਭਾਗ) ਹੁੰਦੇ ਹਨ:- 1. ਹੁੰਕਾਰ ਅਥਵਾ ਹਿੰਕਾਰ, 2. ਪ੍ਰਸਤਾਵ, 3. ਉਦਗੀਥ, 4. ਪ੍ਰਤਿਹਾਰ, 5. ਨਿਧਨ।

ਪ੍ਰਸਤਾਵ ਸਾਮ ਦਾ ਆਰੰਭਿਕ ਭਾਗ ਹੁੰਦਾ ਹੈ। ਇਹ ਭਾਗ ਹਿੰਕਾਰ ਜਾਂ ਹੁੰਕਾਰ ਧਵਨੀ ਦੇ ਨਾਲ ਸ਼ੁਰੂ ਹੁੰਦਾ ਹੈ। ਉਦਗੀਥ ਦਾ ਅਰਥ ਹੈ ਉੱਚਾ ਗਾਇਨ। ਇਹ ਭਾਗ ਸਾਮ ਦਾ ਮਹੱਤਵਪੂਰਨ ਭਾਗ ਹੁੰਦਾ ਹੈ। ਇਸ ਭਾਗ ਨੂੰ ਸਾਮ ਗਾਇਨ ਦਾ ਪ੍ਰਧਾਨ ਗਾਇਕ ਉਦਗਾਥਾ ਗਾਉਂਦਾ ਹੈ। ਇਸ ਦਾ ਆਰੰਭ ਓਮ ਤੋਂ ਕਰਨਾ ਜ਼ਰੂਰੀ ਮੰਨਿਆ ਜਾਂਦਾ ਹੈ। ਪ੍ਰਤਿਹਾਰ ਦਾ ਅਰਥ ਹੈ- ਦੋ ਭਾਗਾਂ ਨੂੰ ਜੋੜਨ ਵਾਲਾ ਇਸ ਭਾਗ ਨੂੰ ਰਿਤਜ਼ ਗਾਉਂਦਾ ਹੈ। ਉਪਦ੍ਰਵ ਦਾ ਗਾਇਨ ਫਿਰ ਮੁੱਖ ਗਾਇਕ ਉਦਗਾਥਾ ਗਾਉਂਦਾ ਹੈ। ਨਿਧਨ ਭਾਗ ਦੁਆਰਾ ਸਾਮਗਾਨ ਦੀ ਸਮਾਪਤੀ ਕੀਤੀ ਜਾਂਦੀ ਹੈ।

"ਇਸ ਪ੍ਰਕਾਰ ਪ੍ਰਾਚੀਨ ਕਾਲ ਸੇ ਹੀ ਸਵਰ, ਲੈਅਯੁਕਤ ਮੰਤਰੋਂ ਦੁਆਰਾ ਯਾ ਸਤੁਤੀ ਗਾਇਨ ਦੁਆਰਾ ਈਸ਼ਵਰ ਕੀ ਉਪਾਸਨਾ ਕੀ ਜਾਤੀ ਔਰ ਵਹੀ ਪ੍ਰਥਾ ਆਜ ਭੀ ਚਲੀ ਆ ਰਹੀ ਹੈ।"[1]

ਆਧੁਨਿਕ ਕਾਲ ਵਿਚ ਭਗਤੀ ਗਾਇਨ ਲਈ ਸਮੂਹਿਕ ਗਾਨ ਸਾਮ ਗਾਇਨ ਦੀ ਤਰ੍ਹਾਂ ਹੀ ਪ੍ਰਚਲਿਤ ਹੈ। ਸ਼ਬਦ, ਭਜਨ, ਕੱਵਾਲੀ ਸਾਰੇ ਧਾਰਮਿਕ ਗਾਇਨ ਜ਼ਿਆਦਾਤਰ ਸਮੂਹ ਵਿਚ ਗਾਏ ਜਾਂਦੇ ਹਨ। ਇਨ੍ਹਾਂ ਗਾਇਕਾਂ ਵਿਚ ਵੀ ਇੱਕ ਮੁੱਖ ਗਾਇਕ ਪ੍ਰਧਾਨ ਗਾਇਕ ਹੁੰਦਾ ਹੈ ਅਤੇ ਬਾਕੀ ਸਹਾਇਕ ਗਾਇਕ ਹੁੰਦੇ ਹਨ। ਸਮੂਹ ਵਿਚ ਗਾਇਨ ਦੇ ਨਾਲ ਭਾਵ ਦੀ ਦ੍ਰਿੜਤਾ ਕਰਵਾਉਣ ਵਿਚ ਅਤੇ ਸਮੂਹ ਨੂੰ ਇਸ ਭਗਤੀ ਉਪਾਸਨਾ ਵਿਚ ਜੋੜਨਾ ਆਸਾਨ ਹੁੰਦਾ ਹੈ।

### 3.2.2 ਜਾਤੀ ਗਾਇਨ

ਜਾਤੀ ਗਾਇਨ ਦਾ ਪ੍ਰਚਾਰ ਵੀ ਪ੍ਰਾਚੀਨ ਕਾਲ ਵਿਚ ਭਗਤੀ ਦੀਆਂ ਕਾਵਿ ਰਚਨਾਵਾਂ ਲਈ ਕੀਤਾ ਜਾਂਦਾ ਸੀ। ਜਾਤੀ ਗਾਇਨ ਦਾ ਕਾਲ ਪਹਿਲੀ ਤੋਂ ਅਠਾਰਵੀਂ ਸ਼ਤਾਬਦੀ ਤੱਕ ਦਾ ਮੰਨਿਆ ਜਾਂਦਾ ਹੈ। "ਏਸੀ ਮਾਨਿਅਤਾ ਹੈ ਕਿ ਸਮਾਜ ਮੇਂ ਪ੍ਰਚਲਿਤ ਇਸ਼ਟ ਦੇਵੀ ਦੇਵਤਾਓ ਕੇ ਸਤੁਤੀ ਗਾਇਨ ਸੇ ਜਾਤੀ ਗਾਨ ਕਾ ਪ੍ਰਚਲਨ ਹੁਆ। ਲੋਗੋਂ ਨੇ ਭਗਵਾਨ ਕੀ ਅਰਾਧਨਾ ਕੇ ਲਿਏ ਵਿਭਿੰਨ ਪ੍ਰਕਾਰ ਕੇ ਕੀਰਤਨੋਂ ਏਵਮ ਭਜਨੋਂ ਕੀ ਰਚਨਾ ਕੀ ਜੋ ਆਗੇ ਚਲ ਕਰ ਜਾਤੀ ਗਇਨ ਕੇ ਰੂਪ ਮੇਂ ਪਰਵਰਤਿਤ ਹੋ ਗਏ। ਤਤਕਾਲੀਨ ਸਮਾਜ ਕੇ

---

[1] ਸਕਸੇਨਾ, ਮਧੁਬਾਲਾ (ਡਾ.), ਖਿਆਲ ਸ਼ੈਲੀ ਕਾ ਵਿਕਾਸ, ਪੰਨਾ 22.

ਇਨੀ ਸਤੁਤੀ ਗੀਤੋਂ ਸੇ ਕਾਲ ਕਰਮ ਸੇ 18 ਜਾਤੀਓਂ ਕਾ ਨਿਰਮਾਣ ਹੁਆ।"[1] ਜਾਤੀ ਗਾਇਨ ਦਾ ਉਲੇਖ ਸਭ ਤੋਂ ਪਹਿਲਾਂ ਭਰਤ ਦੇ ਸੰਗੀਤ ਗ੍ਰੰਥ ਨਾਟਅ ਸ਼ਾਸਤਰ ਵਿਚ ਮਿਲਦਾ ਹੈ।ਉਨ੍ਹਾਂ ਨੇ ਜਾਤੀ ਗਾਇਨ ਦੀ ਕੋਈ ਪ੍ਰੀਭਾਸ਼ਾ ਨਹੀਂ ਦਿੱਤੀ ਪਰੰਤੂ ਜਾਤੀ ਗਾਇਨ ਦੇ ਦਸ ਲੱਛਣਾਂ ਦਾ ਉਲੇਖ ਕੀਤਾ ਹੈ। ਉਨ੍ਹਾਂ ਨੇ ਜਾਤੀ ਗਾਇਨ ਦੀਆਂ 18 ਜਾਤੀਆਂ ਦਾ ਵੀ ਵਰਨਣ ਕੀਤਾ ਹੈ। "ਬੌਧਕਾਲ ਮੇਂ ਗਾਂਵ ਮੇਂ ਧਰਮ ਕਾ ਪ੍ਰਚਾਰ ਸਮਾਨਅਤ: ਸੰਗੀਤ ਦੁਆਰਾ ਹੋਤਾ ਥਾ। ਗਾਇਕ ਲੋਗ ਇਸੀ ਪ੍ਰਕਾਰ ਲੰਬੇ ਸਮੇਂ ਤਕ ਭਕਤੀ ਗਾਨ ਕਰਤੇ ਰਹੇ। ਉਨਹੋਂ ਨੇ ਇਸ ਆਸ਼ਅ ਕੇ ਲਿਏ ਅਠਾਹਰੇਂ ਜਾਤੀਓਂ ਕਾ ਚਅਨ ਕੀਆ। ਇਨ ਜਾਤੀਓਂ ਕੀ ਧਵਨੀ ਬੜੀ ਪ੍ਰਭਾਵਸ਼ਾਲੀ ਔਰ ਮਨਮੋਹਕ ਹੋਤੀ ਥੀ। ਯਹ ਉਨ ਦਿਨੋਂ ਕਾਫ਼ੀ ਪ੍ਰਚਲਿਤ ਰਹੀ।"[2] "ਯਦੀ ਯਹ ਮਾਨ ਲਿਆ ਜਾਏ ਕਿ ਜਨ ਸਧਾਰਨ ਕੇ ਗੀਤੋਂ ਤਥਾ ਭਗਵਤ ਭਜਨੋਂ ਆਦਿ ਸੇ ਹੀ ਜਾਤੀਓ ਕੀ ਉਤਪਤੀ ਹੁਈ ਤੋ ਯਹ ਸੁਭਾਵਿਕ ਹੀ ਹੈ ਕਿ ਜਾਤੀਆਂ ਸਵਰ ਤਾਲਬੱਧ ਗੀਤ ਹੀ ਥੇ, ਜਿਨਮੇਂ ਈਸ਼ਵਰ ਸਤਵਨ, ਲੋਰੀਆਂ, ਮੇਹਨਤ ਕਰਨੇ ਵਾਲੋਂ ਕੇ ਗੀਤ ਔਰ ਅਨਾਅ ਸਭੀ ਪ੍ਰਕਾਰ ਕੇ ਗੀਤ ਸੰਮਲਿਤ ਥੇ।"[3] ਸਾਮਗਾਨ ਦੇ ਸਮਕਾਲੀਨ ਹੀ ਜਾਤੀ ਗਾਇਨ ਦਾ ਪ੍ਰਸਾਰ ਸ਼ੁਰੂ ਹੋ ਗਿਆ ਸੀ।

"ਸਾਮਗਾਨ ਮੇਂ ਜੋ ਸਵਰਾਵਲੀ ਪ੍ਰਚਲਿਤ ਥੀ, ਉਸੀ ਕੇ ਆਧਾਰ ਪਰ ਜਾਤੀਓਂ ਕਾ ਨਿਰਮਾਣ ਹੂਆ। ਇਨ ਜਾਤੀਓਂ ਕੋ ਵਿਵਸਥਿਤ ਰੂਪ ਦੇਨੇ ਕੇ ਲਿਏ ਗ੍ਰਾਮੋਂ ਮੇਂ ਸਵਰੋਂ ਕੋ ਸ਼ਰੁਤੀਬੱਧ ਕੀਆ ਗਆ ਤਥਾ ਸ਼ੜਜ ਗ੍ਰਾਮ ਕੋ ਆਧਾਰ ਸਪਤਕ ਮਾਨ ਕਰ ਜਾਤੀ ਗਾਇਨ ਕਾ ਵਿਕਾਸ ਹੂਆ।"[4] ਭਰਤ ਵੀ ਆਪਣੇ ਗ੍ਰੰਥ ਨਾਟਅ ਸ਼ਾਸਤਰ ਵਿਚ ਲਿਖਦੇ ਹਨ ਕਿ ਜਾਤੀ ਗਾਇਨ ਦੀ ਉਤਪਤੀ ਸਾਮਗਾਨ ਦੇ ਲਈ ਹੀ ਹੋਈ।

''अस्य योनिर्थवेद्गानं वीणा वंशकर तथैव च।''

ਅਭਿਨਵ ਗੁਪਤ ਨੇ ਨਾਟਅ ਸ਼ਾਸਤਰ ਦੇ ਟੀਕਾ ਕਰਦੇ ਹੋਏ 28ਵੇਂ ਅਧਿਆਇ ਵਿਚ ਜਾਤੀ ਦੀ ਪ੍ਰੀਭਾਸ਼ਾ ਵਿਚ ਲਿਖਿਆ ਹੈ।

"जायते दृभिन्नगौड़राग साधारण – भाषा विभाषा भकं,

रीति सप्तकं दृष्टसिद्दिभार्वश्सो–परंजनं च यतस्ततो जातयः।"[5]

ਜਾਤੀ ਗਾਇਨ ਨੂੰ ਵੀ ਸਾਮਵੇਦ ਦੀ ਤਰ੍ਹਾਂ ਬਹੁਤ ਪਵਿੱਤਰ ਗਾਇਨ ਮੰਨਿਆ ਜਾਂਦਾ ਸੀ। "ਸੰਗੀਤ ਰਤਨਾਕਰ ਮੇਂ ਜਾਤੀ ਕੇ ਸੰਬੰਧ ਮੇਂ ਕਹਾ ਗਆ ਹੈ।

अपि ब्रहाहणं पापाज्जातयः प्रयुन्त्यमूः।

ऋचो यंजूषि सामानि क्तियन्ते नाम्यथा यथा।

तथा सामसमुदूभूता जायतो, वेदसम्यिता।

---

[1] ਸ਼ਰਮਾ, ਅਮਿਤਾ ਡਾ., ਸ਼ਾਸ਼ਤਰੀ ਸੰਗੀਤ ਕਾ ਨਿਕਾਸ, ਪੰਨਾ 82.
[2] ਵੀਰ, ਰਾਮ ਅਵਤਾਰ, ਭਾਰਤੀਏ ਸੰਗੀਤ, ਪੰਨਾ 50.
[3] ਯਮਨ, ਅਸ਼ੋਕ ਕੁਮਾਰ, ਸੰਗੀਤ ਰਤਨਾਵਲੀ, ਪੰਨਾ 183.
[4] ਪਾਠਕ, ਸੁਨੰਦਾ, ਹਿੰਦੁਸਤਾਨੀ ਸੰਗੀਤ ਮੇਂ ਰਾਗ ਕੀ ਉਤਪਤੀ ਏਵਮ ਵਿਕਾਸ, ਪੰਨਾ 82.
[5] ਠਾਕੁਰ, ਜੈਦੇਵ ਸਿੰਘ, ਭਾਰਤੀਏ ਸੰਗੀਤ ਕਾ ਇਤਿਹਾਸ, ਪੰਨਾ 364.

ਅਰਥਾਤ ਜਾਤੀਆਂ ਬ੍ਰਹਮਾ- ਹਤਿਆ ਕੇ ਪਾਤਰ ਸੇ ਭੀ ਮੁਕਤੀ ਦਿਲਾਨੇ ਵਾਲੀ ਹੈਂ। ਜਿਸ ਪ੍ਰਕਾਰ ਯਕ, ਯਜੁ, ਸਾਮ ਮੇਂ ਪਰਿਵਰਤਨ ਨਹੀਂ ਕੀਆ ਜਾ ਸਕਤਾ, ਉਸੀ ਪ੍ਰਕਾਰ ਸਾਮ ਸੇ ਉਦਭੂਤ ਜਾਤੀਓਂ ਮੇਂ ਭੀ ਪਰਿਵਰਤਨ ਨਹੀਂ ਕੀਆ ਜਾ ਸਕਤਾ। ”[1]

ਜਾਤੀ ਗਾਇਨ ਵੀ ਅਧਿਆਤਮਿਕ ਭਾਵਾਂ ਨਾਲ ਔਤ-ਪ੍ਰੋਤ ਸੀ ਅਤੇ ਸੰਗੀਤ ਦੀ ਇਸ ਸ਼ੈਲੀ ਦਾ ਪ੍ਰਯੋਗ ਵੀ ਰਿਸ਼ੀ-ਮੁਨੀ ਜਾਂ ਸੰਗੀਤ ਦੇ ਗਿਆਤਾ ਭਗਤੀ ਜਾਂ ਅਰਾਧਨਾ ਲਈ ਕਰਦੇ ਸਨ। ਆਚਾਰਿਆ ਬ੍ਰਹਿਸਪਤੀ ਜੀ ਦੇ ਵਿਚਾਰਾਂ ਅਨੁਸਾਰ ਵੀ ਜਾਤੀ ਗਾਇਨ ਦਾ ਵਿਸ਼ਾ ਸ਼ੰਕਰ ਸਤੁਤੀ ਮੰਨਿਆ ਗਿਆ ਹੈ।

“ਜਾਤੀ ਮੇਂ ਪ੍ਰਯੁਕਤ ਪਦੋਂ ਕੋ ‘ਬ੍ਰਹਮਾਪ੍ਰੋਕਤ’ ਕਹਾ ਗਯਾ ਹੈ। ਬ੍ਰਹਮਾਪ੍ਰੋਕਤ ਦਾ ਤਾਤਪ੍ਰਯ ਹੈ, ਬ੍ਰਹਮਾ ਦੁਆਰਾ ਕਥਿਤ ਯਾ ਨਿਰਮਿਤ ਉਸਮੇਂ ਭਗਵਾਨ ਸ਼ੰਕਰ ਕੀ ਸਤੁਤੀ ਕੀ ਗਈ ਹੈ। ਉਦਾਹਰਣਰਥ ਪ੍ਰਸਤੁਤ ਹੈ:-

त भवललाटनयनाम्बुजाधिंक, नग सुनूप्रणयकेलिसमुदूभवम्।

सरसकृत तिलकपकानुलेपनं, प्रणमानि कामदेहेन्धनानलम।।”[2]

ਉਪਰੋਕਤ ਪਦ ਸ਼ਾੜਜੀ ਜਾਤੀ ਵਿਚ ਨਿਬੱਧ ਹੈ।

| | | | | | | | | |
|---|---|---|---|---|---|---|---|---|
| **“1.** | ਸ | ਸ | ਸ | ਸ | ਪ | ਨਿਧ | ਪ | ਧਨੀ |
| | ਤੰ | - | ਭ | ਵ | ਲ | ਲਾ | - | ਟ |
| **2.** | ਰੇ | ਗਮ | ਗ | ਗ | ਸ | ਰੇਗ | ਧਸ | ਧ |
| | ਨ | ਅ | ਨਾਂ | - | ਬੁ | ਜਾ | - | ਧਿ |
| **3.** | ਰੇਗ | ਸ | ਰੇ | ਗ | ਸ | ਸ | ਸ | ਸ |
| | ਕੰ | - | - | - | - | - | - | - |
| **4.** | ਧ | ਧ | ਨੀ | ਨੀਸ | ਨੀਧ | ਪ | ਸਂ | ਸਂ |
| | ਨ | ਗ | ਸੂ | - | ਨੁ | ਪ੍ਰ | ਣ | ਯ |
| **5.** | ਨੀ | ਧ | ਪ | ਧਨੀ | ਰੇ | ਗ | ਸ | ਗ |
| | ਕੇ | - | ਲਿ | - | ਸ | ਮੁ | - | ਦਭ |
| **6.** | ਸ | ਧ | ਧਨੀ | ਪ | ਸ | ਸ | ਸ | ਸ |
| | ਵੰ | - | - | - | - | - | - | - |
| **7.** | ਸ | ਸ | ਗ | ਸ | ਮ | ਪ | ਮ | ਮ |
| | ਸ | ਰ | ਸ | ਕ੍ਰਿ | ਤ | ਤਿ | ਲ | ਕ |
| **8.** | ਪ | ਗ | ਮ | ਧਨੀ | ਨੀਧ | ਪ | ਰਾ | ਰੇਗ |
| | ਪੰ | - | - | ਕਾ | ਨੁ | ਲੇ | ਪ | - |

---

[1] ਸੰਗੀਤ, ਭਕਤੀ ਸੰਗੀਤ ਅੰਕ, ਜਨਵਰੀ 1970, ਪੰਨਾ 20.

[2] ਉਹੀ, ਪੰਨਾ 21.

| | | | | | | | | |
|---|---|---|---|---|---|---|---|---|
| **9.** | ਗ | ਗ | ਗ | ਗ | ਸ | ਸ | ਸ | ਸ |
| | ਨੰ | – | – | – | – | – | – | – |
| **10.** | ਧੰ | ਸ | ਰੇ | ਗਰੇ | ਸ | ਮ | ਮ | ਮ |
| | ਪ੍ਰ | ਣ | ਮਾ | – | ਮਿ | ਕਾ | – | ਮ |
| **11.** | ਧ | ਨੀ | ਪ | ਧਨੀ | ਰੇ | ਗ | ਰੇ | ਸ |
| | ਦੇ | – | ਹੇ | – | ਧ | ਨਾ | ਨ | – |
| **12.** | ਰੇਗ | ਸ | ਰੇ | ਗ | ਸ | ਸ | ਸ | ਸ |
| | ਲੇ | – | – | – | – | – | – | – ”[1] |

### 3.2.3 ਪ੍ਰਬੰਧ ਗਾਇਨ

ਪ੍ਰਬੰਧ ਗਾਇਨ ਦਾ ਉਲੇਖ 7ਵੀਂ-8ਵੀਂ ਸ਼ਤਾਬਦੀ ਵਿਚ ਗ੍ਰੰਥਾਂ ਵਿਚ ਮਿਲਦਾ ਹੈ। ਭਰਤ ਕਾਲ ਤੋਂ ਲੈ ਕੇ ਨੌਵੀਂ-ਦਸਵੀਂ ਈ. ਤੱਕ ਪ੍ਰਬੰਧ ਗੀਤਾਂ ਦਾ ਬਹੁਤ ਮਹੱਤਵ ਸੀ। “ਪ੍ਰਬੰਧ ਸ਼ਬਦ ਪ੍ਰ ਉਪਸਰਗ, ‘ਬੰਧ’ ਧਾਤੂ ਵ ‘ਧੰਨ’ ਪ੍ਰਤਅ ਸੇ ਬਨਾ ਹੈ। ਇਸਕਾ ਅਰਥ ਹੈ- ਅੱਛੀ ਪ੍ਰਕਾਰ ਸੇ ਅਥਵਾ ਸਹੀ ਰੂਪ ਸੇ ਬੰਧਾ।”[2]

ਪ੍ਰਬੰਧ ਦਾ ਅਰਥ ਹੈ ਕਿਸੇ ਵਸਤੂ ਨੂੰ ਬੰਨਣਾ ਵਿਵਸਥਿਤ ਕਰਨਾ। ਇਕ ਦੂਸਰੇ ਦੇ ਨਜ਼ਦੀਕ ਲਿਆਉਣਾ ਜਾਂ ਨਿਸ਼ਚਿਤ ਦਾਇਰੇ ਦੇ ਅੰਦਰ ਸੀਮਿਤ ਕਰਨਾ ਆਦਿ। ਸੰਗੀਤ ਵਿਚ ਪ੍ਰਯੁਕਤ ਪ੍ਰਬੰਧ ਸ਼ਬਦ ਦਾ ਪ੍ਰਯੋਗ ਇਕ ਗਾਇਨ ਸ਼ੈਲੀ ਦੇ ਰੂਪ ਵਿਚ ਹੋਇਆ ਹੈ। ‘ਧਾਤੂ’ ਅਤੇ ‘ਅੰਗਾਂ’ ਦੀ ਸੀਮਾ ਵਿਚ ਬੰਨਕੇ ਜੋ ਰੂਪ ਉਸ ਕਾਲ ਦਾ ਸਾਡੇ ਸਾਹਮਣੇ ਆਉਂਦਾ ਹੈ, ਪ੍ਰਬੰਧ ਕਹਿਲਾਉਂਦਾ ਹੈ। ਪ੍ਰਬੰਧ ਵਿਚ ਪ੍ਰਯੁਕਤ ਕਾਵਿ ਸਾਰਥਕ ਵੀ ਹੋ ਸਕਦਾ ਹੈ ਅਤੇ ਨਿਰਅਰਥਕ ਵੀ ਪ੍ਰੰਤੂ ਇਸ ਵਿਚ ਧਾਤੂ ਅਤੇ ਅੰਗਾਂ ਦਾ ਹੋਣਾ ਜ਼ਰੂਰੀ ਹੈ।

“ਸ਼ਾਰੰਗਦੇਵ ਕੇ ਅਨੁਸਾਰ ਭੀ ਕੇਵਲ ਧਾਤੂ ਔਰ ਅੰਗੋਂ ਕਾ ਹੋਣਾ ਹੀ ਪ੍ਰਬੰਧ ਕੇ ਲਿਏ ਅਨਿਵਾਰਿਆ ਹੈ। ਇਸਕੇ ਲਛਣ ਮੇਂ ਗੇਅ ਕਾ ਸੰਕੇਤ ਭੀ ਰਹਤਾ ਹੈ।

बद्धं घातुमिरङगेश्र निबद्धममिघीय ते ।
संज्ञा त्रयं निबद्धस्य प्रबन्धो वस्तु रुपकम्।।”[3]

“ਪ੍ਰਬੰਧ ਸ਼ਬਦ ਕਾ ਪ੍ਰਯੋਗ ਅਭਿਨਵਗੁਪਤ ਨੇ ਅਭਿਨਵਭਾਰਤੀ ਮੇਂ ਬੀ ਕੀਆ ਹੈ। ਵਹਾਂ ਨਾਟਅ ਉਪਯੋਗੀ ਧਰੁਵ ਕੋ ਪ੍ਰਬੰਧ ਕਹਿਕਰ ਉਨਕਾ ਨਾਟਅ ਮੇਂ ਵਿਭਿੰਨ ਰਸੋਂ ਔਰ ਭਾਵੋਂ ਮੇਂ ਜਾਤੀ, ਗ੍ਰਾਮਰਾਗ ਤਥਾ ਭਾਸ਼ਾ ਆਦਿ ਕੇ ਦੁਆਰਾ ਕਸ਼ਅਪ ਕੇ ਅਨੁਸਾਰ ਵਿਨਿਯੋਗ ਬਤਾਆ ਹੈ। ਬ੍ਰਹਿਦੇਸ਼ੀ ਮੇਂ ਇਨਹੇਂ ਪ੍ਰਬੰਧ ਹੀ ਕਹਾ ਗਆ ਹੈ। ਨਨਅ ਦੇਵ ਨੇ ‘ਭਰਤਭਾਸ਼ਅ’ ਮੇਂ ਪ੍ਰਬੰਧੋਂ ਕਾ ਨਿਰੂਪਣ ‘ਦੇਸੀ ਗੀਤ ਕਾਵਿਅਧਿਆਇ’ ਕਹ ਕਰ ਕੀਆ ਹੈ ਔਰ ਭਰਤੋਕਤ ਗੀਤੋਂ ਕੋ ਮਾਰਗਛਿਤ ਗੀਤ ਤਥਾ ਪ੍ਰਬੰਧੋ ਕੋ ਦੇਸੀ ਗੀਤ ਕਹਾ ਹੈ। ਗੀਤ ਗੋਵਿੰਦ ਕੇ ਅਨੁਸਾਰ ਜਿਨਕਾ ਚਿਤਰ ਪਵਿੱਤਰ ਏਵਮ ਸਰਸਵਤੀ ਕੇ ਚਰਿਤਰ ਸੇ

---

[1] ਵੀਰ, ਰਾਮ ਅਵਤਾਰ, ਭਾਰਤੀਏ ਸੰਗੀਤ, ਪੰਨਾ 54.
[2] ਯਮਨ, ਅਸ਼ੋਕ ਕੁਮਾਰ, ਸੰਗੀਤ ਰਤਨਾਵਲੀ, ਪੰਨਾ 231.
[3] ਤਨੇਜਾ, ਵੀਨਸ, ਸ਼ਾਸਤਰੀਏ ਸੰਗੀਤ ਮੇਂ ਭਗਤੀ ਸੰਗੀਤ ਕਾ ਯੋਗਦਾਨ (ਸ਼ੋਧ ਪ੍ਰਬੰਧ), ਪੰਨਾ 67.

ਔਤ ਪ੍ਰੋਤ ਹੈ। ਜੋ ਰਾਧਿਕਾ ਕੇ ਚਰਣ ਸੇਵੀਓ ਮੇਂ ਸ਼੍ਰੇਸਟ ਹੈ, ਵੇ ਜੈਦੇਵ ਕਵੀ ਯਹ ਪ੍ਰਬੰਧ ਰਚਤੇ ਹੈ।"[1] ਡਾ. ਰਾਕੇਸ਼ ਬਾਲਾ ਸਕਸੇਨਾ ਦਾ ਕਥਨ ਹੈ, "ਬਾਰ੍ਹਵੀਂ ਸ਼ਤਾਬਦੀ ਮੇਂ ਜੈਦੇਵ ਨੇ 'ਗੀਤ ਗੋਵਿੰਦ' ਨਾਮਕ ਗ੍ਰੰਥ ਕੀ ਰਚਨਾ ਕੀ, ਜਿਸਮੇਂ ਉਨਹੋਂ ਨੇ ਪ੍ਰਬੰਧ ਨਾਮਕ ਗਾਇਨਸ਼ੈਲੀ ਕੋ ਪ੍ਰਾਰੰਭ ਕਿਆ।"[2]

ਪ੍ਰਬੰਧ ਯੁਗ ਦਾ ਸਰਬਸ਼੍ਰੇਸ਼ਠ ਉਦਾਹਰਣ ਗੀਤ ਗੋਵਿੰਦ ਦੇ ਪਦ ਹਨ। ਗੀਤ ਗੋਵਿੰਦ ਦੇ ਪਦਾਂ ਨੂੰ ਭਗਤ ਸੰਗੀਤਕਾਰ ਬਹੁਤ ਹੀ ਪ੍ਰੇਮ ਪੂਰਨ ਭਾਵਨਾ ਨਾਲ ਗਾਉਂਦੇ ਹਨ।

"'ਗੀਤ ਗੋਵਿੰਦ' ਤ੍ਰਿਧਾਤੁਕ ਅਥਵਾ ਚਤੁਧਾਤਿਕ ਸੂੜ ਪ੍ਰਬੰਧ ਕਾ ਉਤਕ੍ਰਸ਼ਟ ਨਮੂਨਾ ਕਹਾ ਜਾਤਾ ਹੈ। ਸਵਰ, ਪਦ ਔਰ ਤਾਲ ਮੁਖਅ ਰੂਪ ਸੇ ਤਥਾ ਵਿਰੁਦਾ ਗੌਣ ਰੂਪ ਸੇ ਇਸਕੇ ਅੰਗ ਹੈ।ਏਸਾ ਕਹਾ ਜਾਤਾ ਹੈ ਕਿ ਅਪਨੇ ਅਰਾਧਿਆ ਕੇ ਸਮੁੱਖ ਜੈਦੇਵ 'ਗੀਤ ਗੋਵਿੰਦ' ਕੇ ਪਦੋਂ ਕੋ ਗਾਤੇ ਥੇ ਔਰ ਉਨਕੀ ਪਤਨੀ ਪਦਮਾਵਤੀ ਸਾਥ ਮੇਂ ਸਾਭਿਨਅ ਨਰਿਤ ਕਰਤੀ ਥੀਂ। ਆਜ ਭੀ ਉੜੀਸਾ ਕੇ ਮੰਦਰੋਂ ਮੇਂ 'ਗੀਤ ਗੋਵਿੰਦ' ਕਾ ਸਾਭਿਨਅ ਗਾਨ ਉਸੀ ਪ੍ਰਕਾਤ ਹੋਤਾ ਹੈ। ਯਦਪੀ ਯਹ ਸੰਭਵ ਹੈ ਕਿ ਕਾਲਾਂਤਰ ਸੇ ਕੁਝ ਪਰਿਵਰਤਨ ਗਾਨ ਸ਼ੈਲੀ ਮੇਂ ਆਏ ਹੋਂ।"[3]

ਜਗਨਨਾਥ ਪੁਰੀ ਦੇ ਮੰਦਿਰ ਵਿਚ ਅੱਜ ਵੀ ਦੇਵਦਾਸੀਆਂ 'ਗੀਤ ਗੋਵਿੰਦ' ਦੇ ਪਦਾਂ ਦਾ ਗਾਇਨ ਭਗਵਾਨ ਦੀ ਸਅਨ-ਆਰਤੀ ਦੇ ਬਾਅਦ ਕਰਦੀਆ ਹਨ। ਇਹ ਉਲੇਖਨੀਏ ਹੈ ਕਿ 'ਗੀਤ ਗੋਵਿੰਦ' ਦੇ ਰਚਨਾਕਾਰ ਜੈਦੇਵ ਦਾ ਜਿਆਦਾਤਰ ਵਕਤ ਪੁਰੀ ਵਿਚ ਹੀ ਬਤੀਤ ਹੋਇਆ ਹੈ।

ਪ੍ਰਬੰਧ ਗਾਇਨ ਵੀ ਭਗਤੀ ਸੰਗੀਤ ਦੀ ਮਹੱਤਵਪੂਰਨ ਗਾਇਨ ਸ਼ੈਲੀ ਹੈ। ਜੈਦੇਵ ਦੁਆਰਾ ਰਚਿਤ ਗੀਤ ਗੋਵਿੰਦ ਦੇ ਪਦਾਂ ਨੂੰ ਪ੍ਰਬੰਧ ਗਾਇਨ ਸ਼ੈਲੀ ਵਿਚ ਨਿਬੱਧ ਕਰਕੇ ਗਾਇਨ ਦੀ ਪ੍ਰਥਾ ਆਧੁਨਿਕ ਕਾਲ ਤੱਕ ਨਿਰੰਤਰ ਪ੍ਰਵਾਹਿਤ ਹੈ।

### 3.2.3.1 ਪ੍ਰਬੰਧ ਦੇ ਧਾਤੂ

ਪ੍ਰਬੰਧ ਦੇ ਖੰਡਾਂ ਨੂੰ ਧਾਤੂ ਕਿਹਾ ਜਾਂਦਾ ਹੈ। "ਧਾਤੂ ਸ਼ਬਦ ਆਯੁਰਵੇਦ ਸ਼ਾਸਤਰ ਸੇ ਲਿਆ ਗਆ ਹੈ।"[4]

ਪ੍ਰਬੰਧ ਦੇ ਚਾਰ ਮੁੱਖ ਧਾਤੂ ਮੰਨੇ ਜਾਂਦੇ ਹਨ।

1. ਉਦਗ੍ਰਹਿ
2. ਮੇਲਾਪਕ
3. ਧਰੁਵ
4. ਆਭੋਗ

ਪ੍ਰਬੰਧ ਦੇ ਚਾਰ ਮੁੱਖ ਧਾਤੂਆਂ ਤੋਂ ਇਲਾਵਾ ਕਦੀ-ਕਦੀ ਪੰਜਵਾਂ ਧਾਤੂ ਅੰਤਰਾ ਵੀ ਪ੍ਰਯੋਗ ਕੀਤਾ ਜਾਂਦਾ ਹੈ। ਅੰਤਰਾ ਦਾ ਪ੍ਰਯੋਗ ਕੇਵਲ ਸੂੜ ਪ੍ਰਬੰਧਾਂ ਵਿਚ ਹੁੰਦਾ ਸੀ। ਉਦਗ੍ਰਹਿ ਧਾਤੂ ਨੂੰ ਪ੍ਰਬੰਧ ਦਾ ਪਹਿਲਾ

---

[1] ਯਮਨ, ਅਸ਼ੋਕ ਕੁਮਾਰ, ਸੰਗੀਤ ਰਤਨਾਵਲੀ, ਪੰਨਾ 231.
[2] ਸਕਸੇਨਾ, ਰਾਕੇਸ਼ ਬਾਲਾ (ਡਾ.), ਮੱਧਅਯੁਗੀਨ ਵੈਸ਼ਨਵ ਧਰਮੋਂ ਮੇਂ ਸੰਗੀਤ, ਪੰਨਾ 73.
[3] ਸੰਗੀਤ, ਭਗਤੀ ਸੰਗੀਤ ਅੰਕ, ਜਨਵਰੀ 1970, ਪੰਨਾ 52.
[4] ਸ਼ਰਮਾ, ਸਵਤੰਤਰ (ਡਾ.), ਭਾਰਤੀਏ ਸੰਗੀਤ ਏਕ ਇਤਿਹਾਸਿਕ ਵਿਸ਼ਲੇਸ਼ਣ, ਪੰਨਾ 247.

ਭਾਗ ਮੰਨਿਆ ਜਾਂਦਾ ਹੈ। ਉਦਗ੍ਰਹਿ ਤੋਂ ਹੀ ਪ੍ਰਬੰਧ ਦਾ ਆਰੰਭ ਕੀਤਾ ਜਾਂਦਾ ਹੈ। ਮੇਲਾਪਕ ਭਾਗ ਉਦਗ੍ਰਹਿ ਅਤੇ ਧਰੁਵ ਦਾ ਮੇਲ ਕਰਾਉਂਦਾ ਹੈ। ਇਸ ਭਾਗ ਵਿਚ ਵਿਸਤਾਰ ਅਧਿਕ ਹੁੰਦਾ ਹੈ। ਪ੍ਰਬੰਧ ਦਾ ਤੀਸਰਾ ਅੰਗ ਧਰੁਵ ਹੈ। ਸਾਰੇ ਪ੍ਰਬੰਧਾਂ ਵਿਚ ਧਰੁਵ ਬਹੁਤ ਹੀ ਮਹੱਤਵਪੂਰਨ ਭਾਗ ਹੈ। ਧਰੁਵ ਧਾਤੂ ਕਦੀ ਵੀ ਅਲੋਪ ਨਹੀਂ ਹੁੰਦਾ ਅਤੇ ਆਭੋਗ ਪ੍ਰਬੰਧ ਦਾ ਆਖਰੀ ਭਾਗ ਹੁੰਦਾ ਹੈ। ਅਭੋਗ ਦਾ ਅਰਥ ਹੀ ਪੂਰਨਤਾ ਹੈ। ਪ੍ਰਬੰਧ ਨੂੰ ਪੂਰਾ ਕਰਨ ਵਾਲਾ ਧਾਤੂ ਹੋਣ ਕਾਰਨ ਇਸ ਨੂੰ ਅਭੋਗ ਕਿਹਾ ਜਾਂਦਾ ਹੈ। ਪ੍ਰਬੰਧ ਗਾਇਨ ਸ਼ੈਲੀ ਦਾ ਉਲੇਖ ਚਾਹੇ ਸੱਤਵੀ ਅੱਠਵੀਂ ਸ਼ਤਾਬਦੀ ਵਿਚ ਮਿਲਦਾ ਹੈ, ਪਰੰਤੂ ਜੈਦੇਵ ਦੀ ਰਚਨਾ 'ਗੀਤ ਗੋਵਿੰਦ' ਵਿਚ ਉਨ੍ਹਾਂ ਨੇ ਰਾਧਾ ਨੂੰ ਪ੍ਰੇਮ ਦੀ ਪ੍ਰਤਿਭਾ ਦੇ ਰੂਪ ਵਿਚ ਚਿੱਤਰਿਤ ਕਰਕੇ ਪ੍ਰਬੰਧ ਗਾਇਨ ਸ਼ੈਲੀ ਨੂੰ ਉੱਚ ਸ਼ਿਖਰ ਤੇ ਪਹੁੰਚਾਇਆ। ਸੰਗੀਤਿਕ ਸ਼ਿੰਗਾਰਕ ਸ਼ਬਦਾਵਲੀ ਦੇ ਕਾਰਨ ਹੀ 'ਗੀਤ ਗੋਵਿੰਦ' ਦਾ ਮਹੱਤਵ ਇੰਨਾ ਵਧਿਆ ਹੈ। ਮੁਰਲੀਧਰ ਕ੍ਰਿਸ਼ਨ ਅਤੇ ਰਾਧਾ ਦੇ ਸੰਦਰਭ ਵਿਚ ਸੰਗੀਤਿਕ ਵਾਦਾਂ ਅਤੇ ਉਨ੍ਹਾਂ ਦੀਆਂ ਧੁਨੀਆਂ ਦਾ ਸ਼ਿੰਗਾਰਕ ਰੂਪ ਜੈਦੇਵ ਦੀ ਹੀ ਦੇਣ ਹਨ।

"कारतलतालतरलवलयाव लिकलितकल स्वनवंशे।

रासरसे सहनृत्यपरा हरिणा युवतिः प्रशसंसे।। हरिरह्।।

ਹੇ ਰਾਧੇ! ਏਕ ਗੋਪੀ ਨੇ ਸ੍ਰੀ ਕ੍ਰਿਸ਼ਨ ਕੇ ਸਾਥ ਨਾਚਤੀ ਹੂਈ ਤਥਾ ਤਾਲ ਦੇਤੀ ਹੁਈ ਉਨਕੀ ਵੰਸ਼ੀ ਕੀ ਧੁਨ ਮੇਂ ਅਪਨੇ ਕੰਡਕਣੋ ਕੀ ਲੈਅ ਮਿਲਾ ਦੀ, ਇਸ ਪਰ ਸ੍ਰੀ ਕ੍ਰਿਸ਼ਨ ਨੇ ਉਨਕੀ ਪ੍ਰਸੰਸਾ ਕੀ।"[1] ਕਵੀ ਜੈਦੇਵ ਨੇ ਕਾਵਿ ਰਚਨਾ ਦੀ ਸਿੱਧੀ ਲਈ ਸੰਗੀਤਿਕ ਧੁਨੀਆਂ ਦੀ ਮਹੱਤਤਾ ਨੂੰ ਵੀ ਉਜਾਗਰ ਕੀਤਾ ਹੈ।

ਵੈਦਿਕ ਕਾਲ ਵਿਚ ਸੰਗੀਤਮਈ ਉਪਾਸਨਾ ਦੀ ਮੌਲਿਕ ਭਾਵਨਾ ਭਗਤਾਂ ਵਿਚ ਪੂਰਨ ਰੂਪ ਵਿਚ ਪਾਈ ਜਾਂਦੀ ਸੀ।ਵੈਦਿਕ ਯੁੱਗ ਦਾ ਸੰਗੀਤ ਸੰਪੂਰਨ ਤੌਰ ਤੇ ਸ਼ੁੱਧ ਸ਼ਾਸਤਰੀ ਸੰਗੀਤ ਸੀ। "ਵੈਦਿਕ ਯੁੱਗ ਵਿਚ ਸੰਗੀਤ ਨੂੰ ਪੂਰਨ ਰੂਪ ਨਾਲ ਧਰਮ ਨਾਲ ਜਕੜ ਦਿੱਤਾ ਗਿਆ, ਕਲਾ ਅਤੇ ਧਰਮ ਦੋਹਾਂ ਨੂੰ ਮਿਲਾ ਦਿੱਤਾ ਗਿਆ, ਜਦੋਂ ਕਲਾਕਾਰ ਆਪਣੇ ਧਰਮ ਤੋਂ ਦੂਰ ਹੋ ਜਾਵੇਗਾ ਤਾਂ ਉਹ ਕਿਸ ਤਰ੍ਹਾਂ ਆਪਣੀ ਕਲਾ ਦੀ ਦੇਖਭਾਲ ਕਰ ਸਕਦਾ ਹੈ। ਫਿਰ ਉਹ ਕਲਾ ਨੂੰ ਪਾਵਨ ਆਦਰਸ਼ "ਸਤਿਅਮ ਸ਼ਿਵਮ ਸੁੰਦਰਮ" ਦੀ ਰੱਖਿਆ ਨਹੀਂ ਕਰ ਸਕੇਗਾ। ਇਸ ਲਈ ਆਰੀਆ ਨੇ ਸੰਗੀਤ ਨੂੰ ਧਰਮ ਦੇ ਖੋਲ ਵਿਚ ਪਾ ਦਿੱਤਾ ਜਿਸ ਕਾਰਨ ਅੱਜ ਵੀ ਅਸੀਂ ਸੰਗੀਤ ਦਾ ਸ਼ੁੱਧ ਰੂਪ ਦੇਖ ਸਕਦੇ ਹਾਂ।"[2] ਸੰਤਾਂ, ਭਗਤਾਂ, ਸੂਫ਼ੀਆਂ ਨੇ ਸੰਗੀਤ ਦੀ ਅਦੁੱਤੀ ਸ਼ਕਤੀ ਨੂੰ ਪਛਾਣਦੇ ਹੋਏ ਸੰਗੀਤ ਨੂੰ ਬ੍ਰਹਮ ਰੂਪ ਸਵੀਕਾਰਿਆ। ਸੰਗੀਤ ਅਦੁੱਤੀ ਅਤੇ ਆਨੰਦ ਸਵਰੂਪ ਹੈ। ਅਜੋਕੇ ਸਮੇਂ ਵਿਚ ਭਗਤੀ, ਕਰਮ ਅਤੇ ਸੰਗੀਤ ਦਾ ਜੋ ਰੂਪ ਅਸੀਂ ਦੇਖਦੇ ਹਾਂ ਇਸ ਨੂੰ ਅਖ਼ਤਿਆਰ ਕਰਨ ਲਈ ਹਜ਼ਾਰਾਂ ਵਰ੍ਹਿਆਂ ਦਾ ਲੰਬਾ ਸਫ਼ਰ ਅਤੇ ਕਰੜਾ ਸੰਘਰਸ਼ ਕਰਨਾ ਪਿਆ ਹੋਵੇਗਾ। ਵੈਦਿਕ ਕਾਲ ਤੋਂ ਗੁਜ਼ਰਦਾ ਹੋਇਆ ਸੰਗੀਤ ਭਗਤੀ ਅਤੇ ਧਰਮ ਮੱਧਕਾਲ ਦੇ ਕਠਿਨ ਮਾਰਗ ਦਾ ਹਮਰਾਹੀ ਬਣਿਆ। ਮੱਧਕਾਲ ਵਿਚ ਭਾਰਤ ਦੀ ਵਿਵਸਥਾ ਸਥਿਰ ਨਹੀਂ ਸੀ। ਦੇਸ਼ ਅਨੇਕ ਰਾਜਨੀਤਿਕ ਤਾਕਤਾਂ ਵਿਚ ਵੰਡਿਆ ਹੋਇਆ ਸੀ। ਇਸੇ ਅਨੇਕਤਾ ਦੇ ਕਾਰਨ ਬਾਹਰੀ ਤਾਕਤਾਂ ਭਾਰਤ ਤੇ ਬਾਰ-ਬਾਰ ਹਮਲੇ ਕਰ

---

[1] ਸ਼ਰਮਾ, ਪੰਡਿਤ ਕੇਦਾਰਨਾਥ, (ਵਿਆਖਿਆਕਾਰ), ਗੀਤ ਗੋਵਿੰਦ ਕਾਵਿਅਮ, ਪੰਨਾ 10.

[2] ਸ਼ਰਮਾ, ਯੋਗੇਂਦਰ ਪਾਲ ਅਤੇ ਬਚਿੱਤਰ ਸਿੰਘ, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 13.

ਰਹੀਆਂ ਸਨ। ਭਾਰਤ ਦਾ ਸ਼ਾਸਨ ਕਾਲ ਰਾਜਪੂਤ ਰਾਜਿਆਂ ਦੇ ਹੱਥ ਵਿਚ ਸੀ। ਉਨ੍ਹਾਂ ਵਿਚ ਆਪਸੀ ਤਾਲਮੇਲ ਦੀ ਘਾਟ ਕਾਰਨ ਮੁਸਲਮਾਨ ਸ਼ਾਸਕ ਨੇ ਅਨੇਕਾਂ ਹਮਲੇ ਕੀਤੇ। ਸਿੱਟੇ ਵਜੋਂ ਭਾਰਤ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਅਜਿਹੀ ਹਾਲਤ ਵਿਚ ਭਾਰਤੀ ਜਨਤਾ ਦਾ ਮਨੋਬਲ ਢਹਿ ਗਿਆ। ਮਾਨਵ ਜੀਵਨ ਵਿਚ ਸਥਿਰਤਾ ਨਾ ਰਹੀ। ਲੋਕਾਂ ਦਾ ਅਧਿਆਤਮਿਕ ਵਿਕਾਸ ਰੁਕ ਗਿਆ। ਕਿਉਂਕਿ ਆਮ ਜਨਤਾ ਦਾ ਜੀਵਨ ਪਰੇਸ਼ਾਨੀਆਂ ਅਤੇ ਕਸ਼ਟਾਂ ਨਾਲ ਭਰਿਆ ਹੋਇਆ ਸੀ। ਸ਼ਾਸਕ ਵਰਗ ਆਪਣੇ ਹੀ ਧਰਮ ਦਾ ਪ੍ਰਚਾਰ ਕਰਨਾ ਚਾਹੁੰਦਾ ਸੀ। ਇਸ ਪਰਚਾਰ ਸਦਕਾ ਸ਼ਾਸਕ ਵਰਗ ਨੇ ਆਮ ਜਨਤਾ ਨੂੰ ਕਈ ਤਰ੍ਹਾਂ ਦੇ ਲੋਭ ਲਾਲਚ ਦੇ ਕੇ ਇੱਥੋਂ ਤੱਕ ਕਿ ਜਬਰੀ ਵੀ ਆਪਣੀ ਸੰਸਕ੍ਰਿਤੀ ਤੇ ਧਰਮ ਨੂੰ ਕਬੂਲਣ ਲਈ ਮਜ਼ਬੂਰ ਕੀਤਾ। ਅਜਿਹੇ ਸਮੇਂ ਵਿਚ ਅੱਤ ਖ਼ੁਦਾ ਦਾ ਵੈਰ ਵਾਲੀ ਕਹਾਵਤ ਬਿਲਕੁਲ ਸਹੀ ਉਤਰੀ। ਸਮਾਜ ਵਿਚ ਪਈ ਅਸਿਥਰਤਾ ਅਤੇ ਪਾੜੇ ਨੇ ਇਕ ਵਿਦਰੋਹ ਨੂੰ ਜਨਮ ਦਿੱਤਾ। ਇਸ ਵਿਦਰੋਹ ਦੀ ਵਾਗਡੋਰ ਸੰਤਾਂ ਭਗਤਾਂ ਦੀ ਅਗਵਾਈ ਹੇਠ ਭਗਤੀ ਅੰਦੋਲਨ ਦਾ ਰੂਪ ਧਾਰਨ ਕਰ ਗਈ।

ਇਸ ਭਗਤੀ ਅੰਦੋਲਨ ਵਿਚ ਸੰਤਾਂ ਸੂਫ਼ੀਆਂ, ਪੀਰਾਂ, ਫ਼ਕੀਰਾਂ ਦੇ ਕਲਾਮ ਨੂੰ ਸੰਗੀਤਿਕ ਮਾਲਾ ਵਿਚ ਪਰੋ ਕੇ ਆਮ ਲੋਕਾਂ ਦੀ ਸੁਗਮਤਾ ਅਤੇ ਸਰਲਤਾ ਨੂੰ ਧਿਆਨ ਵਿਚ ਰੱਖਦੇ ਹੋਏ ਪ੍ਰਚਾਰ ਪ੍ਰਸਾਰ ਕੀਤਾ। ਭਗਤੀ ਸੰਗੀਤ ਮਨੁੱਖ ਲਈ ਇੱਕ ਵਿਸ਼ੇਸ਼ ਅਧਿਆਤਮ ਪੰਥ ਦੇ ਮਾਰਗ ਦੀ ਰਹਿਨੁਮਾਈ ਕਰਦਾ ਹੈ ਜੋ ਜੀਵ ਆਤਮਾ ਨੂੰ ਪ੍ਰਮਾਤਮਾ ਤੱਕ ਪਹੁੰਚਣ ਹਿੱਤ ਵਿਸ਼ੇਸ਼ ਪ੍ਰਕਾਰ ਦੀ ਅਧਿਆਤਮਿਕ ਯਾਤਰਾ ਦਾ ਪਾਂਧੀ ਬਣਾਉਂਦਾ ਹੈ। ਇਹੀ ਅਧਿਆਤਮਿਕ ਯਾਤਰਾ ਵੈਦਿਕ ਕਾਲ ਤੋਂ ਹੁੰਦੇ ਹੋਏ ਮੱਧਕਾਲ ਵਿਚ ਭਗਤੀ ਅੰਦੋਲਨ ਦੀ ਲਹਿਰ ਦੇ ਰੂਪ ਵਿਚ ਪ੍ਰਕਾਸ਼ਮਾਨ ਹੋਈ।

## 3.3 ਮੱਧ ਕਾਲ ਵਿਚ ਭਗਤੀ ਅੰਦੋਲਨ (ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੇ ਸੰਦਰਭ ਵਿਚ)

ਭਗਤੀ ਅੰਦੋਲਨ ਦੇ ਨਾਲ ਭਾਰਤੀ ਸਮਾਜ ਸੰਸਕ੍ਰਿਤੀ ਅਤੇ ਸਾਹਿਤ ਦੇ ਵਿਕਾਸ ਦੀ ਨਵੀਂ ਅਵਸਥਾ ਦਾ ਆਰੰਭ ਹੁੰਦਾ ਹੈ। ਭਗਤੀ ਅੰਦੋਲਨ ਇੱਕ ਸੰਸਕ੍ਰਿਤਕ ਅੰਦੋਲਨ ਸੀ। ਜਿਸਦੀ ਅਭਿਵਿਅਕਤੀ ਧਰਮ, ਭਾਸ਼ਾ, ਸੰਗੀਤ, ਸਾਹਿਤ, ਅਤੇ ਸੰਸਕ੍ਰਿਤੀ ਦੇ ਦੂਸਰੇ ਰੂਪਾਂ ਵਿਚ ਵੀ ਦਿਖਾਈ ਦਿੰਦੀ ਹੈ। ਭਾਰਤੀ ਚਿੰਤਨ ਨਾਲ ਜੁੜੇ ਮਾਨਵਵਾਦੀ ਭਗਤਾਂ, ਸੂਫ਼ੀਆਂ ਅਤੇ ਬਾਣੀਕਾਰਾਂ ਨੇ ਇਕ ਦੂਜੇ ਨਾਲ ਟਕਰਾਓ ਦੀ ਭਾਵਨਾ ਤੋਂ ਮੁਕਤ ਹੋ ਕੇ ਇਕ ਦੂਜੇ ਦੇ ਵਿਚਾਰਾਂ ਨੂੰ ਸਮਝਣ ਅਤੇ ਪਛਾਨਣ ਪ੍ਰਤੀ ਕ੍ਰਿਆਸ਼ੀਲਤਾ ਦਿਖਾਈ। ਇਹੀ ਸਾਂਝੀਵਾਲਤਾ ਭਗਤੀ ਲਹਿਰ ਦੀ ਧਰਾਤਲ ਬਣੀ। ਇਸ ਧਰਾਤਲ ਦੀ ਪਕਿਆਈ ਵਿਚ ਸੰਗੀਤ ਦੇ ਸਵਰਾਂ ਨੇ ਅਹਿਮ ਭੂਮਿਕਾ ਨਿਭਾਈ। ਕੱਟੜ ਮੁੱਲਾਂ, ਮੁਲਾਣਿਆਂ ਅਤੇ ਕੱਟੜ ਬ੍ਰਾਹਮਣਾਂ ਵਿਚਕਾਰ ਟਕਰਾਉ ਬਣਿਆ, ਪਰ ਅਸਲੀ ਗੁਰੂ ਦੇ ਇਸ਼ਕ ਵਿਚ ਰੱਤੇ ਭਗਤਾਂ, ਸੂਫ਼ੀਆਂ ਵਿਚਕਾਰ ਟਕਰਾਓ ਦੀ ਥਾਂ ਮੇਲ ਮਿਲਾਪ, ਸੰਗੀਤ ਦੀ ਸਾਂਝ, ਵਿਚਾਰਾਂ ਦਾ ਸੰਜੋਗ ਹੋਇਆ ਅਤੇ ਅਤੇ ਇਨ੍ਹਾਂ ਸੰਤਾਂ ਅਤੇ ਸੂਫ਼ੀਆਂ ਨੇ ਇਕ ਦੂਸਰੇ ਨੂੰ ਅੰਤਰ ਆਤਮਾ ਤੋਂ ਸ਼ੁੱਧ ਭਾਵਨਾ ਨਾਲ ਅਪਣਾਇਆ। ਇਸੇ ਲਈ ਹੀ ਭਗਤੀ ਲਹਿਰ ਦੇ ਸੰਤਾਂ ਨੇ ਵਿਭਿੰਨ ਧਾਰਾਵਾਂ ਵਿਚ ਵਹਿਣ ਦੇ ਬਾਵਜੂਦ ਇਕ ਦੂਸਰੇ ਦੇ ਪਰਸਪਰ ਪੂਰਕ ਰਹਿ ਕੇ ਇਸ ਲਹਿਰ ਨੂੰ ਅੱਗੇ ਵਧਾਇਆ। "ਇਕ ਬੰਨੇ ਭਗਤੀ ਲਹਿਰ ਨਿਆਇ ਤੇ ਵਿਵੇਕ ਉੱਤੇ ਨਿਰਭਰ ਸੀ ਅਤੇ ਦੂਜੇ ਬੰਨੇ

ਭਗਤੀ ਭਾਵਾਂ ਉੱਤੇ, ਪ੍ਰਮਾਤਮਾ ਦੇ ਨਿਰਗੁਣ ਤੇ ਸਰਗੁਣ, ਨਿਰਾਕਰ ਤੇ ਸਾਕਾਰ, ਏਕ ਤੇ ਅਨੇਕ ਸਰੂਪ ਇਸ ਮਤ ਵਿਚ ਇਕਸੁਰ ਹੋ ਜਾਂਦੇ ਹਨ।"[1]

ਭਗਤੀ ਅੰਦੋਲਨ ਸ਼ਾਸਤਰੀ ਧਰਮ ਦਾ ਵਿਰੋਧ ਅਤੇ ਲੋਕ ਧਰਮ ਦੇ ਉਥਾਨ ਦੀ ਕਿਸੇ ਵੀ ਪਰੰਪਰਾ, ਵਿਚਾਰਧਾਰਾ, ਧਰਮ, ਅੰਦੋਲਨ ਜਾਂ ਮਤ ਦਾ ਜਨਮ ਕਦੇ ਵੀ ਅਚਾਨਕ ਨਹੀਂ ਹੁੰਦਾ ਬਲਕਿ ਉਸਦੇ ਜਨਮ ਪਿੱਛੇ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਪ੍ਰਸਥਿਤੀਆਂ ਹੁੰਦੀਆਂ ਹਨ ਜਿਹੜੀਆਂ ਉਸ ਨੂੰ ਨਿਸਚਿਤ ਮਤ ਬਣਾਉਣ ਵਿਚ ਸਹਾਇਕ ਹੁੰਦੀਆਂ ਹਨ। ਮੱਧਕਾਲ ਦਾ ਭਗਤੀ ਅੰਦੋਲਨ ਵੀ ਇੱਕ ਅਜਿਹੀ ਹੀ ਭਗਤੀ ਲਹਿਰ ਸੀ, ਜਿਸਨੇ ਭਾਰਤੀ ਅਧਿਆਤਮਿਕ, ਆਰਥਿਕ ਸਮਾਜਿਕ, ਰਾਜਨੀਤਿਕ, ਸਭਿਆਚਾਰਕ ਅਤੇ ਸੰਗੀਤਕ ਚੇਤਨਾ ਨੂੰ ਪ੍ਰਭਾਵਿਤ ਕੀਤਾ। ਮੱਧਕਾਲ ਦੀ ਭਗਤੀ ਲਹਿਰ ਜਾਂ ਭਗਤੀ ਅੰਦੋਲਨ ਭਾਰਤ ਦੀਆਂ ਪਤਨਮੁਖੀ ਪਰਿਸਥਿਤੀਆਂ ਦੇ ਕਾਰਨ ਦੀ ਉਪਜ ਹੈ। ਸੱਚ ਗੱਲ ਤਾਂ ਇਹ ਹੈ ਕਿ ਭਗਤੀ ਅੰਦੋਲਨ ਉੱਥੇ ਹੀ ਜਨਮ ਲੈਂਦੇ ਹਨ ਜਿੱਥੇ ਉਸਦੇ ਬੀਜ ਪਹਿਲਾਂ ਹੀ ਮੌਜੂਦ ਹੁੰਦੇ ਹਨ ਅਤੇ ਬੀਜਾਂ ਦੇ ਪੁੰਗਰਨ ਲਈ ਸਹੀ ਪ੍ਰਸਥਿਤੀਆਂ ਹੁੰਦੀਆਂ ਹਨ। ਇਹ ਨਹੀਂ ਹੋ ਸਕਦਾ ਕਿ ਇੱਕ ਜਾਂ ਦੋ ਵਿਅਕਤੀ ਜਾਂ ਧਰਮ ਪ੍ਰਚਾਰਕ ਪ੍ਰਚਾਰ ਕਰਨ, ਫਲਸਰੂਪ ਸਾਰੇ ਦੇਸ਼ ਵਿਚ ਨਵਜਾਗਰਣ ਕੀ ਲਹਿਰ ਜਾਂ ਨਵਾਂ ਅੰਦੋਲਨ ਉਜਾਗਰ ਹੋ ਜਾਵੇ। ਇੰਨੇ ਸ਼ਕਤੀਸ਼ਾਲੀ ਅੰਦੋਲਨ ਦੀਆ ਜੜ੍ਹਾਂ ਇੱਥੋਂ ਦੀ ਮਿੱਟੀ ਵਿਚ ਹੀ ਹੋਣੀਆਂ ਚਾਹੀਦੀਆਂ ਹਨ।

ਕਿਸੇ ਵੀ ਵਿਚਾਰਧਾਰਾ ਜਾਂ ਮਤ ਦੇ ਆਰੰਭ ਨੂੰ ਜਾਨਣ ਲਈ ਉਸਦੇ ਇਤਿਹਾਸਿਕ ਪਹਿਲੂਆਂ ਦੀ ਘੋਖ ਕਰਨੀ ਅਤਿਅੰਤ ਜ਼ਰੂਰੀ ਹੁੰਦੀ ਹੈ, ਕਿਉਂਕਿ ਕੋਈ ਵੀ ਪਰੰਪਰਾ ਜਾਂ ਲਹਿਰ ਏਨੀ ਸ਼ਕਤੀਸ਼ਾਲੀ ਜਾਂ ਹਰਮਨ ਪਿਆਰੀ ਤਾਂ ਹੀ ਹੋ ਸਕਦੀ ਹੈ ਜੇਕਰ ਉਸਦਾ ਮੂਲ ਉਸ ਸਮਾਜ ਵਿਚ ਪਹਿਲਾਂ ਤੋਂ ਵਿਦਮਾਨ ਹੁੰਦਾ ਹੈ ਅਤੇ ਕੋਈ ਕਿਸੇ ਮਹੱਤਵਪੂਰਨ ਜ਼ਰੂਰਤ ਦੀ ਪੂਰਤੀ ਹੀ ਅਜਿਹੀ ਲਹਿਰ ਨੂੰ ਵਿਆਪਕ ਅੰਦੋਲਨ ਦਾ ਰੂਪ ਦੇ ਸਕਦੀ ਹੈ। ਮੱਧਕਾਲ ਰਾਜਨੀਤਿਕ ਉਥਲ-ਪੁਥਲ ਵਾਲਾ ਸਮਾਂ ਸੀ। ਇਹ ਉਹ ਸਮਾਂ ਸੀ ਜਦੋਂ ਵਿਦੇਸ਼ੀ ਵਾਰ-ਵਾਰ ਭਾਰਤ ਉੱਤੇ ਲੁੱਟ ਲਈ ਹਮਲੇ ਕਰਦੇ ਸਨ ਕਿਉਂਕਿ ਭਾਰਤ ਇਕ ਅਮੀਰ ਅਤੇ ਪ੍ਰਫੁੱਲਤ ਦੇਸ਼ ਸੀ। ਮੁਗਲਾਂ ਦੇ ਸ਼ਾਸਨ ਕਾਲ ਵਿਚ ਜਦੋਂ ਭਾਰਤੀ ਬਾਰ-ਬਾਰ ਪਰਾਜਿਤ ਹੋਏ ਤਾਂ ਭਾਰਤੀ ਜਨਤਾ ਦੇ ਦਿਲ ਵਿਚ ਗੌਰਵ, ਗਰਵ ਅਤੇ ਉਤਸ਼ਾਹ ਪਸਤ ਹੋ ਗਿਆ। ਮੁਗਲ ਸ਼ਾਸਕਾਂ ਦਾ ਕੱਟੜਵਾਦੀ ਇਕ ਤਰਫ਼ਾ ਪੱਖਪਾਤੀ ਰਾਜ ਪ੍ਰਬੰਧ ਸੀ ਜਿਸ ਨਾਲ ਹਿੰਦੂ ਸਾਮਰਾਜ ਦਾ ਹੌਲੀ-ਹੌਲੀ ਪਤਨ ਹੋਣ ਲੱਗਾ। ਮੁਗਲਾਂ ਨੇ ਭਾਰਤੀ ਮੰਦਿਰਾਂ, ਦੇਵੀ-ਦੇਵਤਿਆਂ ਅਤੇ ਸੰਸਕ੍ਰਿਤੀ ਅਤੇ ਸੰਗੀਤ ਨੂੰ ਤਹਿਸ-ਨਹਿਸ ਕਰ ਦਿੱਤਾ। "ਦੇਸ਼ ਕੇ ਮੁਸਲਮਾਨੋਂ ਕਾ ਰਾਜਅ ਪ੍ਰਤਿਸਠਿਤ ਹੋ ਜਾਨੇ ਸੇ ਹਿੰਦੂ ਜਨਤਾ ਕੇ ਹਿਰਦੈ ਮੇਂ ਗੌਰਵ, ਗਰਵ ਔਰ ਉਤਸ਼ਾਹ ਹੇਤੂ ਅਵਕਾਸ ਨਾ ਰਹਿ ਗਿਆ ਥਾ। ਉਨਕੇ ਸਾਮਨੇ ਦੇਵ ਮੰਦਿਰ ਗਿਰਾਏ ਜਾਤੇ ਔਰ ਵੇ ਕੁਛ ਨਹੀਂ ਕਰ ਸਕਦੇ ਥੇ।"[2]

ਇਸ ਅਸਹਿ ਅਪਮਾਨ ਨੂੰ ਰੋਕਣ ਵਿਚ ਅਸਮਰੱਥ ਜਨਤਾ ਦੇ ਕੋਲ ਪ੍ਰਮਾਤਮਾ ਅੱਗੇ ਦੁਆ ਬੇਨਤੀ ਅਤੇ ਭਗਤੀ ਤੋਂ ਬਿਨ੍ਹਾਂ ਹੋਰ ਕੋਈ ਸਹਾਰਾ ਨਹੀਂ ਸੀ। ਹਰੇਕ ਵਿਅਕਤੀ ਕਿਸੇ ਨਾ ਕਿਸੇ ਉਪਾਸਨਾ ਪਦਿੱਤੀ

---

[1] ਕਸੇਲ, ਕਿਰਪਾਲ ਸਿੰਘ, ਮੱਧਕਾਲੀਨ ਸਾਹਿਤ, ਪੰਨਾ 13.
[2] ਸ਼ੁਕਲ, ਆਚਾਰਿਆ ਰਾਮਚੰਦਰ, ਹਿੰਦੀ ਸਾਹਿਤਅ ਕਾ ਇਤਿਹਾਸ, ਪੰਨਾ 66.

ਨਾਲ ਜੁੜਨ ਲੱਗਾ। ਉਪਾਸਨਾ ਅਤੇ ਭਗਤੀ ਹੀ ਜੀਵਨ ਜਾਪਨ ਦਾ ਸਹਾਰਾ ਬਣੀ ਅਤੇ ਉਪਾਸਨਾ ਅਤੇ ਭਗਤੀ ਵਿਚ ਸੰਗੀਤ ਹੀ ਇੱਕ ਮਾਤਰ ਉੱਚ ਸਾਧਨ ਸੀ ਜੋ ਉਸ ਹਾਰੀ ਮਨੋਵਿਰਤੀ ਅਤੇ ਰਾਜਸੀ ਅਤੇ ਮਾਨਸੀ ਉਥਲ-ਪੁਥਲ ਵਿਚ ਆਤਮਾ ਅਤੇ ਪ੍ਰਮਾਤਮਾ ਦੀ ਏਕ ਜੋਤ ਵਿਚ ਸਹਾਈ ਹੋ ਸਕਦਾ ਸੀ।

ਭਗਤੀ ਅੰਦੋਲਨ ਭਾਰਤੀ ਜਨਤਾ ਦੀ ਥੱਕੀ ਹਾਰੀ ਮਨੋਵ੍ਰਿਤੀ ਦਾ ਪਰਿਣਾਮ ਹੈ। ਇਸ ਅੰਦੋਲਨ ਤੋਂ ਬਿਨ੍ਹਾਂ ਉਨ੍ਹਾਂ ਦੱਬੇ ਕੁਚਲੇ ਲੋਕਾਂ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ। ਵਿਦਰੋਹੀ ਭਾਵਾਂ ਦੀ ਉਪਜ ਨੇ ਨਵ-ਚਿੰਤਨ ਨੂੰ ਜਨਮ ਦਿੱਤਾ। ਮੁਗਲ ਕਾਲ ਤੋਂ ਪਹਿਲਾਂ ਵੀ ਕਈ ਨੀਵੀਆਂ ਜਾਤੀਆਂ ਬ੍ਰਾਮਣਵਾਦ ਤੋਂ ਤੰਗ ਸਨ, ਕਿਉਂਕਿ ਜਾਤ-ਪਾਤ, ਊਚ-ਨੀਚ ਨੇ ਉਹਨਾਂ ਦਾ ਜੀਪਨ-ਜਾਪਣ ਦੁੱਭਰ ਕਰ ਦਿੱਤਾ ਸੀ। ਨੀਂਵੀਂ ਜਾਤੀ ਦੇ ਲੋਕਾਂ ਨੂੰ ਮੰਦਿਰਾਂ ਵਿਚ ਜਾ ਕੇ ਪੂਜਾ ਪਾਠ ਅਤੇ ਕੀਰਤਨ ਦੀ ਮਨਾਹੀ ਸੀ। ਇਹ ਸੱਚ ਹੈ ਕਿ ਹਿੰਦੂਆਂ ਵਿਚ ਸਮਾਜਿਕ ਦ੍ਰਿਸ਼ਟੀਕੋਣ ਵਿਚ ਛੂਆ-ਛੂਤ, ਜਾਤੀਵਾਦ ਆਦਿ ਅਸਮਾਨਤਾਵਾਂ ਸਨ ਜਿਸ ਕਾਰਨ ਅਛੂਤ ਅਤੇ ਨੀਵੀਆਂ ਜਾਤੀਆ ਵਿਚ ਵਿਦਰੋਹ ਦੀ ਭਾਵਨਾ ਨੇ ਜਨਮ ਲਿਆ। ਇਸ ਤੰਗ ਅਤੇ ਸੁਕੜੀ ਸੋਚ ਦੇ ਵਿਰੁੱਧ ਸੰਤਾਂ, ਪੀਰਾਂ, ਫ਼ਕੀਰਾਂ ਨੇ ਨਿਰਾਕਾਰ ਪ੍ਰਭੂ ਦੀ ਭਗਤੀ ਨੂੰ ਅਧਿਆਤਮਿਕ ਪੱਧਰ ਤੇ ਮੂਲ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਮੂਲ ਨਾਲ ਜੋੜਨ ਲਈ ਸੰਗੀਤ ਹੀ ਸਭ ਤੋਂ ਉਤਮ ਸਾਧਨ ਸੀ।

"ਤਤਕਾਲੀਨ ਉਤਰੀ ਭਾਰਤ ਦੀਆਂ ਪਤਨਮੁਖੀ ਪਰਿਸਥਿਤੀਆਂ ਨੂੰ ਧਿਆਨ ਵਿਚ ਰੱਖਦਿਆਂ, ਇਹਨਾਂ ਭਗਤਾਂ ਨੇ ਇਕ ਅਜਿਹੀ ਪਰੰਪਰਾ ਦਾ ਮੁਢ ਬੰਨਿਆ ਜਿਸ ਵਿਚ ਅਧਿਆਤਮਿਕਤਾ ਅਤੇ ਸੰਸਾਰਿਕਤਾ ਦੇ ਸੁਮੇਲ ਦੇ ਨਾਲ ਸਮੂਹ ਜਾਤੀ ਨੂੰ ਪ੍ਰਭੂ ਭਗਤੀ ਦਾ ਅਧਿਕਾਰ ਹਾਸਿਲ ਹੋ ਸਕਿਆ। ਸਮਾਜਿਕ ਢਾਂਚੇ ਵਿਚ ਆਈ ਗਿਰਾਵਟ, ਵਰਣ-ਆਸ਼ਰਮ ਸਮਾਜ ਦਾ ਬੋਲ-ਬਾਲਾ, ਬਾਹਰੀ ਆਡੰਬਰਾਂ ਤੇ ਕਰਮ-ਕਾਂਡਾਂ ਦੀ ਪ੍ਰਧਾਨਤਾ ਅਤੇ ਮਾਨਵ ਗੌਰਵ ਨੂੰ ਖਤਮ ਹੁੰਦਾ ਵੇਖ ਕੇ ਇਹਨਾਂ ਸਾਧਕਾਂ ਨੇ ਆਪਣੇ ਰਹੱਸਵਾਦੀ ਅਨੁਭਵਾਂ ਨੂੰ ਮਨੁੱਖਤਾ ਦੇ ਸੁਧਾਰ ਅਤੇ ਉਧਾਰ ਹਿਤ, ਆਪਣੀ ਬਾਣੀ ਵਿਚ ਰੂਪਮਾਨ ਕੀਤਾ।"[1]
"ਭਾਰਤੀਏ ਸੰਗੀਤ ਕੇ ਪਵਿਤਰ ਏਵਮ ਸੀਤਲ ਅਧਿਆਤਮਿਕ ਸੌਂਦਰਅ ਕੋ ਨਸ਼ਟ ਕਰਨੇ ਕੇ ਮਧਅ ਕਾਲ ਮੇਂ ਕਾਫ਼ੀ ਪ੍ਰਆਸ ਹੂਏ, ਜਿਸਕੇ ਫਲਸਰੂਪ ਇਸੀ ਯੁਗ ਮੇਂ ਭਕਤੀ ਅੰਦੋਲਨ ਅਪਣੇ ਪਰਮ ਵੇਗ ਮੇਂ ਪ੍ਰਵਾਹਿਤ ਹੂਆ।"[2]

ਇਸ ਧਾਰਮਿਕ ਅੰਦੋਲਨ ਵਿਚ ਕਾਵਿ ਅਤੇ ਸੰਗੀਤ ਇਕ ਸੰਯੁਕਤ ਮਾਧਿਅਮ ਦੇ ਰੂਪ ਵਿਚ ਉਜਾਗਰ ਹੋਏ। ਵੈਦਿਕ ਯੁਗ ਤੋਂ ਹੀ ਵੈਦਿਕ ਰਿਚਾਵਾਂ ਦਾ ਗਾਇਨ ਰੂਪ ਸੰਗੀਤ ਅਤੇ ਧਰਮ ਦੇ ਅਟੁੱਟ ਸੰਬੰਧ ਨੂੰ ਦਰਸਾਉਂਦਾ ਹੈ। ਧਰਮ, ਸੰਗੀਤ ਅਤੇ ਸਾਹਿਤ ਇਕ ਦੂਜੇ ਦੇ ਸਮਕਾਲੀ ਰਹੇ ਹਨ। ਧਰਮ ਵਿਚ ਜਿਸ ਵੀ ਗੁਰੂ, ਪੀਰ ਜਾਂ ਇਸ਼ਟ ਦੀ ਉਪਾਸਨਾ ਕਰਨੀ ਹੁੰਦੀ ਹੈ। ਉਸ ਉਪਾਸਨਾ ਵਿਚ ਇਕਾਗਰਤਾ, ਇਕਸੁਰਤਾ ਅਤੇ ਭਾਵ ਦੀ ਪੂਰਤੀ ਲਈ ਸੰਗੀਤ ਹੀ ਅਤਿਉੱਤਮ ਸਾਧਨ ਰਿਹਾ ਹੈ।

ਵੈਦਿਕ ਯੁੱਗ ਦੀ ਤਰ੍ਹਾਂ ਹੀ ਮੱਧਕਾਲੀ ਭਗਤੀ ਅੰਦੋਲਨ ਵਿਚ ਵੀ ਸਾਰੇ ਸੰਪ੍ਰਦਾਵਾਂ ਨੇ ਸੰਗੀਤਾਤਮਕ ਈਸ਼ਵਰ ਉਪਾਸਨਾ ਨੂੰ ਹੀ ਉੱਚ ਮੰਨਿਆ। ਸਾਰੇ ਹੀ ਭਗਤਾਂ ਨੇ ਭਗਤੀ ਦੇ ਪ੍ਰਚਾਰ ਲਈ ਕਾਵਿ ਅਤੇ

---

[1] ਕੁਲਵੰਤ ਕੌਰ (ਡਾ.), ਬਾਣੀ ਭਗਤ ਰਵਿਦਾਸ-ਇਕ ਅਧਿਐਨ, ਪੰਨਾ 10.
[2] ਪ੍ਰਤਾਪ, ਰਾਗਿਨੀ (ਡਾ.) ਸੂਰ, ਮੀਰਾ, ਏਵਮ ਸਵਾਮੀ ਹਰਿਦਾਸ ਕੀ ਭਕਤੀ ਸਾਧਨਾ ਮੇਂ ਸੰਗੀਤ ਕਾ ਯੋਗਦਾਨ, ਪੰਨਾ 11.

ਸੰਗੀਤ ਨੂੰ ਇਕਰੂਪਤਾ ਪ੍ਰਦਾਨ ਕੀਤੀ। ਇਸ ਲਹਿਰ ਨੇ ਸਮਾਜ, ਧਰਮ, ਦਰਸ਼ਨ, ਸਾਹਿਤ ਅਤੇ ਸਭਿਆਚਾਰ ਨੂੰ ਪ੍ਰਭਾਵਿਤ ਕਰਦੇ ਹੋਏ ਆਉਣ ਵਾਲੇ ਸਮੇਂ ਲਈ ਵੀ ਆਪਣੀ ਅਮਿਟ ਛਾਪ ਛੱਡੀ। ਇਸ ਕ੍ਰਾਂਤੀਕਾਰੀ ਲਹਿਰ ਦੇ ਸਿੱਟੇ ਵਜੋਂ ਭਗਤੀ ਦੀ ਵਾਗਡੋਰ ਪੰਡਿਤਾਂ-ਪਰੋਹਿਤਾਂ ਦੇ ਹੱਥੋਂ ਨਿਕਲ ਕੇ ਆਮ ਜਨਤਾ ਦੇ ਹੱਥਾਂ ਵਿਚ ਆ ਗਈ, ਜਿਸ ਨਾਲ ਹਰ ਜਾਤ-ਪਾਤ, ਇਸਤਰੀ ਪੁਰਖ, ਅਮੀਰ-ਗਰੀਬ ਨੂੰ ਭਗਤੀ ਦਾ ਪੂਰਾ-ਪੂਰਾ ਅਧਿਕਾਰ ਮਿਲਿਆ।

ਵੈਦਿਕ ਕਾਲ ਤੋਂ ਸੰਸਕ੍ਰਿਤ ਭਾਸ਼ਾ ਵਿਚ ਪ੍ਰਵਾਹਿਤ ਹੋਣ ਵਾਲਾ ਭਗਤੀ, ਸੰਗੀਤ ਹੌਲੀ-ਹੌਲੀ ਖੇਤਰੀ ਭਾਸ਼ਾ ਵਿਚ ਤਬਦੀਲ ਹੋਣ ਲੱਗਾ। "ਉਤਰੀ ਭਾਰਤ ਕੇ ਇਨ ਸੰਤੋਂ ਨੇ ਜਿਸ ਮਤ ਕਾ ਪ੍ਰਚਾਰ ਕੀਆ ਔਰ ਜਿਸੇ ਉਨਹੋਂ ਨੇ ਵਿਸ਼ਵ ਕਲਿਆਣ ਕੇ ਲੀਏ ਅਤਿਅੰਤ ਆਵਸ਼ਕ ਸਮਝਾ, ਵਹ ਕੋਈ ਨਿਤਾਂਤ ਨਵੀਨ ਸੰਦੇਸ਼ ਨਹੀਂ ਥਾ ਔਰ ਨਾ ਭਾਰਤੀ ਲੋਗੋਂ ਕੇ ਲਿਏ ਉਸ ਕਾ ਕੋਈ ਅੰਸ਼ ਅਪਰਿਚਿਤ ਥਾ। ਉਸ ਕੇ ਪ੍ਰਤੇਕ ਭਾਗ ਕਾ ਮੂਲ ਰੂਪ ਹਮਾਰੇ, ਪ੍ਰਾਚੀਨ ਸਾਹਿਤਅ ਕੇ ਕਿਸੀ ਨਾ ਕਿਸੀ ਭਾਗ ਮੇਂ ਮੌਜੂਦ ਹੈ।"[1]

ਭਾਰਤੀ ਅੰਦੋਲਨ ਨੂੰ ਕਈ ਇਤਿਹਾਸਕਾਰ ਇਸਲਾਮ ਅਤੇ ਮੁਸਲਮਾਨੀ ਸਮਾਜ ਦੀ ਪ੍ਰਤੀਕਿਆ ਸਮਝਦੇ ਹਨ ਅਤੇ ਕਈ ਉਸ ਤੇ ਇਸਲਾਮ ਦਾ ਅਤਿਅੰਤ ਸੀਮਿਤ ਪ੍ਰਭਾਵ ਮੰਨਦੇ ਹਨ। ਹਿੰਦੂ ਸਮਾਜ ਵਿਚ ਸਾਂਝੀ ਵਿਚਾਰਧਾਰਾ ਦੀ ਪਰਿਪੱਕਤਾ ਨਾ ਹੋਣ ਕਰਕੇ ਸਮਾਜ ਸ਼ਕਤੀਸ਼ਾਲੀ ਨਹੀਂ ਸੀ ਰਿਹਾ। ਕਿਉਂਕਿ ਉੱਚ ਸ਼੍ਰੇਣੀ ਵੱਲੋਂ ਨੀਵੀਂ ਸ੍ਰੇਣੀਆਂ ਦੇ ਨਾਲ ਦੁਰਵਿਵਹਾਰ ਕਾਰਨ ਲੋਕਾਂ ਵਿਚ ਬ੍ਰਾਹਮਣਵਾਦ ਵਿਚ ਆਸਥਾ ਹੀ ਨਹੀਂ ਸੀ ਰਹੀ। ਇਸ ਲਈ ਇਨ੍ਹਾਂ ਸੂਫ਼ੀ ਸੰਤਾਂ ਦਾ ਇਨ੍ਹਾਂ ਬ੍ਰਾਹਮਣਵਾਦ ਤੋਂ ਤੰਗ ਨੀਵੀਆਂ ਸ਼੍ਰੇਣੀਆਂ ਤੇ ਬਹੁਤ ਪ੍ਰਭਾਵ ਪਿਆ। ਭਗਤੀ ਅੰਦੋਲਨ ਵਿਚ ਇਸਲਾਮ ਦੇ ਸਮਾਜਿਕ ਅਤੇ ਸਾਂਸਕ੍ਰਿਤਕ ਪ੍ਰਭਾਵਾਂ ਨੂੰ ਅਸਵੀਕਾਰ ਨਹੀਂ ਕੀਤਾ ਜਾ ਸਕਦਾ। ਪਰੰਤੂ ਵਾਸਵਿਕਤਾ ਇਹ ਹੈ ਕਿ ਇਹ ਮੁਸਲਮਾਨੀ ਪ੍ਰਭਾਵਾਂ ਦੇ ਨਾਲ-ਨਾਲ ਹਿੰਦੂ ਸਮਾਜ ਦੀ ਜਾਤ-ਪਾਤ, ਊਚ-ਨੀਚ ਆਦਿ ਸੰਕੀਰਣ ਸੋਚ ਦਾ ਹੀ ਨਤੀਜਾ ਸੀ। ਜਦੋਂ ਰੱਬੀ ਹੁਕਮਾਂ ਨੂੰ ਮੰਨਣ ਵਾਂਗ ਸ਼ਾਹੀ ਹੁਕਮ ਮੰਨਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਤਾਂ ਹਾਕਮ ਜਮਾਤ ਦੇ ਜ਼ੁਲਮ ਤੇ ਅਤਿਆਚਾਰ ਲੋਕਾਂ ਵਿਚ ਬੇਚੈਨੀ ਵਧਾ ਦਿੰਦੇ ਹਨ। ਸੋ ਮੁਗਲ ਰਾਜ ਦੇ ਇਸ ਆਰੰਭਕ ਕਾਲ ਵਿਚ ਆਰਥਿਕ ਤੇ ਮਜ਼ਹਬੀ ਵਿਰੋਧਾਂ ਤੇ ਰਾਜਸੀ ਕਸ਼ਟਾਂ ਦੇ ਕਾਰਨ ਵਧੀ ਹੋਈ ਬੇਚੈਨੀ ਨੇ ਭਗਤੀ ਲਹਿਰ ਨੂੰ ਵਧਣ ਦਾ ਮੌਕਾ ਦਿੱਤਾ। ਇਨ੍ਹਾਂ ਦੋਹਾਂ ਲਹਿਰਾਂ ਦਾ ਅਧਾਰ ਅਧਿਆਤਮਵਾਦ ਸੀ ਤੇ ਇਨ੍ਹਾਂ ਦਾ ਜਨਮ ਪਹਿਲਾਂ ਹੀ ਹੋ ਚੁਕਾ ਸੀ, ਪਰ ਇਹ ਲੋਕ-ਹਿਤੂ ਲਹਿਰਾਂ ਸਨ ਤੇ ਇਨ੍ਹਾਂ ਵਿਚ ਲੋਕਾਂ ਦੇ ਦੁਖਾਂ ਤੇ ਬੇਚੈਨੀ ਦਾ ਅੰਸ਼ ਵੀ ਕਾਫ਼ੀ ਸੀ।

ਭਗਤੀ ਅੰਦੋਲਨ ਦੇ ਕਵੀ ਮੀਰਾ, ਸੂਰਦਾਸ, ਕਬੀਰ ਆਦਿ ਦੀ ਕਾਵਿ ਰਚਨਾ ਵਿਚ ਇਸ ਲਹਿਰ ਦੇ ਪੱਖ ਉਜਾਗਰ ਹੋਏ ਹਨ। ਇਹਨਾਂ ਕਵੀਆਂ ਨੇ ਧਾਰਮਿਕ ਰੂੜੀਵਾਦੀਆਂ ਦੇ ਭੇਦ-ਭਾਵ ਨੂੰ ਮਿਟਾ ਕੇ ਮਾਨਵੀ ਸਤਰ ਤੇ ਏਕਤਾ ਦੀ ਪਹਿਚਾਣ ਅਤੇ ਪ੍ਰਤਿਸ਼ਠਤਾ ਦਾ ਯਤਨ ਕੀਤਾ ਹੈ। ਇਹ ਆਮ ਧਾਰਨਾ ਹੈ ਕਿ ਭਗਤੀ ਅੰਦੋਲਨ ਦੱਖਣ ਵਿਚੋਂ ਉਠਿਆ ਅਤੇ ਉਸ ਵਿਚ ਆਲਵਾਰ ਸੰਤਾਂ ਨੇ ਮੁੱਖ ਭੂਮਿਕਾ ਨਿਭਾਈ।

---

[1] ਚਤੁਰਵੇਦੀ, ਪਰਸ਼ੂਰਾਮ, ਉਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ 92.

ਉਹਨਾਂ ਭਗਤੀ ਲਈ ਸਭ ਦੇ ਦੁਆਰ ਖੋਲ ਦਿੱਤੇ ਤੇ ਇਸਨੂੰ ਵਿਆਪਕ ਭੂਮੀ ਪ੍ਰਦਾਨ ਕੀਤੀ। ਇਸ ਦੇ ਨਤੀਜੇ ਵਜੋਂ ਆਮ ਜਨਤਾ ਇਸ ਲਹਿਰ ਦੇ ਕਲੇਵਰ ਵਿਚ ਆ ਗਈ। ਦੱਖਣ ਤੋਂ ਹੁੰਦੀ ਹੋਈ ਬੰਗਾਲ ਵਿਚ ਇਹ ਸ੍ਰੀ ਜੈਦੇਵ, ਵਿਦਿਆਪਤੀ ਤੇ ਚੇਤੰਨਅ ਮਹਾਂਪ੍ਰਭੂ, ਮਹਾਰਾਸ਼ਟਰ ਵਿਚ ਸ੍ਰੀ ਨਾਮਦੇਵ, ਤ੍ਰਿਲੋਚਨ, ਰਾਜਪੂਤਾਨੇ ਵਿਚ ਮੀਰਾਬਾਈ ਅਤੇ ਯੂ.ਪੀ. ਵਿਚ ਸ੍ਰੀ ਰਾਮਾਨੰਦ, ਕਬੀਰ ਤੇ ਰਵਿਦਾਸ ਆਦਿ ਭਗਤਾਂ ਦੁਆਰਾ ਵਧੀ ਫੁੱਲੀ। ਸਹੀ ਅਰਥਾਂ ਵਿਚ ਭਗਤੀ ਨੂੰ ਦਾਰਸ਼ਨਿਕ ਆਧਾਰ ਭਗਤੀ ਅਚਾਰਿਆ ਨੇ ਦਿੱਤਾ। "ਦੱਖਣ ਮੇਂ ਉਤਪੰਨ ਹੁਈ, ਕਰਨਾਟਕ ਮੇਂ ਬੜੀ-ਪਲੀ, ਕਭੀ-ਕਭੀ ਮਹਾਰਾਸ਼ਟ ਮੇਂ ਮੇਰਾ ਪੋਸ਼ਣ ਹੁਆ, ਗੁਰਜਰ ਮੇਂ ਜੀਰਣ ਹੋ ਗਈ ਔਰ ਦੁਰਬਲਤਾ ਕੋ ਪ੍ਰਾਪਤ ਹੋ, ਪੁਰੋਂ ਸਹਿਤ ਧੀਰੇ-ਧੀਰੇ ਵਰਿੰਦਾਵਨ ਮੇਂ ਆਈ, ਜਹਾਂ ਪੁਨ: ਸੁੰਦਰ ਰੂਪ ਪ੍ਰਾਪਤ ਕਰ ਯੁਵਤੀ ਹੋ ਗਈ ਔਰ ਅਬ ਉਤਕੁਸ਼ਟ ਰੂਪ ਵਾਲੀ ਹੂੰ।

उत्पन्ना द्रविणे साह वृद्धि कर्णाटिकेगता
क्वचित क्वचिन्महाराष्ट्रे गुर्नरेजीर्णतान्ता
तत्र–पोर क्लेयोगात् पाखण्डे तण्डितोगका
दुर्बलाह चिरॅयाता पुराभ्यां सहमन्दताम्
वृन्दावन पुनः प्राप्त नवोनैत सुकाविणी
जाताह युवति सम्यक श्रेष्ठ रूपातुसप्रतम"[1]

ਸਹੀ ਅਰਥਾਂ ਵਿਚ ਭਗਤੀ ਨੂੰ ਦਾਰਸ਼ਨਿਕ ਆਧਾਰ ਭਗਤੀ ਅਚਾਰਿਆ ਨੇ ਦਿੱਤਾ। "ਅਲਵਾਰ ਭਗਤਾਂ ਤੋਂ ਉਪਰੰਤ ਦੱਖਣ ਵਿਚ ਆਚਾਰਿਆ ਦਾ ਕਾਲ ਆਰੰਭ ਹੁੰਦਾ ਹੈ। ਰੰਗਨਾਥ ਮੁਨੀ ਨੂੰ ਆਦਿ ਆਚਾਰਿਆ, ਰਾਮਾਨੁਜਾਚਾਰੀਆ, ਨਿੰਬਾਰਕਾਚਾਰੀਆ, ਮਾਧਵਾਚਾਰੀਆ, ਵਿਸ਼ਨੂ ਸੁਆਮੀ ਆਦਿ ਦੇ ਨਾਮ ਮੁੱਖ ਤੌਰ ਤੇ ਪ੍ਰਸਿੱਧ ਹਨ।"[2] ਰਾਮਾਨੁਜ ਅਚਾਰਿਆ ਨਾਲ ਭਗਤੀ ਪਰੰਪਰਾ ਵਿਚ ਉਦਾਰਵਾਦੀ ਰੁਚੀ ਪ੍ਰਵੇਸ਼ ਕੀਤੀ। ਰਾਮਾਨੁਜ ਅਚਾਰਿਆ ਨੇ ਸੂਦਰ, ਨਿਮਨ ਵਰਗਾਂ ਤੇ ਵਿਵਰਜਤ ਵਰਗਾਂ ਲਈ ਭਗਤੀ ਦੇ ਦਰਵਾਜੇ ਖੋਲ ਦਿੱਤੇ ਅਤੇ ਭਗਤੀ ਦੇ ਲਈ ਪੰਡਿਤਾਂ ਜਾਂ ਮੌਲਵੀਆਂ ਦੀ ਕੱਟੜਤਾ ਅਤੇ ਬਾਹਰੀ ਅਡੰਬਰਾਂ ਦੀ ਜਗ੍ਹਾ ਤੇ ਅਧਿਆਤਮਿਕ ਪੱਖਾਂ ਨੂੰ ਉਜਾਗਰ ਕੀਤਾ। ਜਿਸ ਵਿਚ ਬ੍ਰਹਮ, ਸ੍ਰਿਸ਼ਟੀ ਤੇ ਜੀਵ ਆਤਮਾ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਹੈ।

ਮੱਧ ਕਾਲ ਵਿਚ ਸਮਾਜ ਮੁੱਖ ਰੂਪ ਵਿਚ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ।

1. ਹਿੰਦੂ ਸਮਾਜ
2. ਮੁਸਲਿਮ ਸਮਾਜ

ਸ਼ਾਸਕ ਵਰਗ ਮੁਸਲਮਾਨ ਸਮਾਜ ਦੇ ਨਾਲ ਸੀ। ਹਿੰਦੂ ਅਤੇ ਮੁਸਲਮਾਨ ਇਕ ਦੂਸਰੇ ਨੂੰ ਨਫਰਤ ਨਾਲ ਦੇਖਦੇ ਸਨ। ਹਿੰਦੂਆਂ ਨੂੰ ਜਬਰਦਸਤੀ ਧਰਮ ਪਰਿਵਰਤਨ ਕਰਾ ਕੇ ਮੁਸਲਮਾਨ ਬਣਾਇਆ ਜਾ ਰਿਹਾ ਸੀ। ਕੁਝ ਨਿਮਨ ਵਰਗ ਦੇ ਹਿੰਦੂਆਂ ਨੇ ਮੁਸਲਮਾਨ ਧਰਮ ਨੂੰ ਆਪਣੀ ਮਰਜੀ ਨਾਲ ਵੀ ਕਬੂਲਿਆ ਸੀ

---

[1] ਸ੍ਰੀਮਦ ਭਾਗਵਤ ਮਹਾਤਮਅ, ਪੰਨਾ 571.
[2] ਜਤਿੰਦਰ ਕੌਰ (ਡਾ.), ਸਿੱਖ ਧਰਮ ਅਤੇ ਭਗਤੀ ਸੰਗੀਤ, ਪੰਨਾ 56.

ਕਿਉਂਕਿ ਉਹ ਉੱਚ ਹਿੰਦੂ ਜਾਤੀ ਦੇ ਭੇਦ ਭਾਵ ਤੋਂ ਵੀ ਤੰਗ ਸਨ। "ਉਹਨਾਂ ਦੇ ਖੂਹ ਅਲਗ ਸਨ, ਉਨ੍ਹਾਂ ਦੇ ਮੁਹੱਲੇ ਅਗਲ ਸਨ। ਹਿੰਦੂ ਧਰਮ ਦੀਆਂ ਸੀਮਾਵਾਂ ਤੋਂ ਉਨ੍ਹਾਂ ਨੂੰ ਕਿਤੇ ਮੁਕਤੀ ਦਿਖਾਈ ਨਹੀਂ ਦੇ ਰਹੀ ਸੀ। ਇਸਲਾਮ ਦੇ ਦਰਵਾਜੇ ਦੇ ਅੰਦਰ ਉਨ੍ਹਾਂ ਨੂੰ ਆਪਣੇ ਦੁਰਭਾਗਾਂ ਤੋਂ ਮੁਕਤੀ ਮਿਲਦੀ ਨਜ਼ਰ ਆ ਰਹੀ ਸੀ।"[1]

ਜਦੋਂ ਦੋ ਸੰਸਕ੍ਰਿਤੀਆਂ, ਦੋ ਸਮਾਜਿਕ ਵਿਚਾਰਧਾਰਾਵਾ ਜਾਂ ਦੋ ਰਾਜਸੀ ਧੜਿਆਂ ਦੇ ਵਿਚਕਾਰ ਟੱਕਰ ਹੋਵੇ ਤਾਂ ਅਧਿਆਤਮਿਕ ਵਿਚਾਰਾਂ ਨਾਲ ਹੀ ਇਹਨਾਂ ਵਿਚ ਖਟਾਸ਼ ਘੱਟ ਕੀਤੀ ਜਾ ਸਕਦੀ। "ਭਗਤੀ ਕਾਲ ਪੰਜਾਬੀ ਸਾਹਿਤ ਦਾ ਸਭ ਤੋਂ ਅਮੀਰ ਤੇ ਸੁਨਿਹਰੀ ਕਾਲ ਹੈ। ਇਹ ਕਾਲ ਜਿੱਥੇ ਰਾਜਨੀਤਿਕ ਤੌਰ ਤੇ ਕਾਫ਼ੀ ਨੱਸ ਭੱਜ, ਹਫੜਾ-ਦਫੜੀ, ਮਾਰ ਵੱਢ ਤੇ ਉਥਲ-ਪੁਥਲ ਦਾ ਸਮਾਂ ਸੀ, ਉਥੇ ਸਮਾਜਿਕ ਤੌਰ ਤੇ ਵੀ ਇਥੇ ਭਾਰਤੀ ਤੇ ਵਿਦੇਸ਼ੀ ਦੋ ਭਿੰਨ-ਭਿੰਨ ਸਭਿਆਚਾਰਾਂ ਦਾ ਮੇਲ ਹੋ ਕੇ ਨਵਾਂ ਸਮਾਜ ਹੋਂਦ ਵਿਚ ਆ ਰਿਹਾ ਸੀ ਅਤੇ ਧਾਰਮਿਕ ਖਿੱਚ ਧਰੂਹ, ਅਵਿਸ਼ਵਾਸ ਤੇ ਹਨੇਰ ਗਰਦੀ ਵਿਚੋਂ ਇਕ ਨਵਾਂ ਨਰੋਆ ਧਰਮ 'ਭਗਵਤ ਧਰਮ' ਉਜਾਗਰ ਹੋ ਰਿਹਾ ਸੀ ਜਿਸ ਵਿਚ ਇਕ ਪਾਸੇ ਵੈਸ਼ਣਵ, ਸ਼ੈਵ, ਸ਼ਾਕਤ, ਬੋਧ ਤੇ ਜੈਨ ਧਰਮ ਤੇ ਦੂਜੇ ਪਾਸੇ ਇਸਲਾਮ ਧਰਮ ਤੇ ਸੂਫ਼ੀ ਚਿੰਤਾਧਾਰਾ ਮਿਲ ਕੇ ਇਕ ਇਹੋ ਜਿਹੇ ਯੁਗ ਨੂੰ ਜਨਮ ਦੇ ਰਹੀ ਸੀ ਜਿਸ ਨਾਲ ਅਲਗਾਊ ਦੀ ਥਾਂ ਮੇਲ-ਮਿਲਪ ਅਤੇ ਤੋੜ-ਫੋੜ ਦੀ ਥਾਂ ਸਮਨਣੈ ਦਾ ਭਾਵ ਉਜਾਗਰ ਹੋ ਰਿਹਾ ਸੀ ਅਤੇ ਇਉਂ ਇਕ ਨਿੱਗਰ, ਸੁਅਸਥ ਅਤੇ ਸਮਨਵੈਵਾਦੀ ਸਾਹਿਤ ਪੈਦਾ ਹੋ ਰਿਹਾ ਸੀ।"[2]

ਭਗਤੀ ਮਾਰਗ ਤੇ ਚਲਣ ਵਾਲੇ ਕਵੀ ਰਾਜਸੀ ਅਤੇ ਸਮਾਜੀ ਲੋਭ-ਲਾਲਚ ਤੋਂ ਦੂਰ ਸਨ ਇਸ ਲਈ ਉਹ ਸਵਤੰਤਰ ਅਤੇ ਸਵਾਅਭਿਮਾਨੀ ਸਨ। ਉਹਨਾਂ ਦਾ ਪ੍ਰਚਾਰ ਜਾਂ ਪ੍ਰਸਾਰ ਲੋਕ ਮੰਗਲ ਦੇ ਲਈ ਸੀ। ਇਹਨਾਂ ਭਗਤੀ ਮਾਰਗੀ ਕਵੀਆਂ, ਸੂਫ਼ੀਆਂ, ਸੰਤਾ ਨੇ ਜਾਤੀ, ਧਰਮ, ਲਿੰਗ ਅਤੇ ਦੇਸ਼ ਕਾਲ ਦੀਆਂ ਸੀਮਾਵਾਂ ਤੋਂ ਪਰ੍ਹੇ ਸੰਗੀਤ ਰਾਹੀਂ ਲੋਕ ਕਲਿਆਣ ਦਾ ਸੰਦੇਸ਼ ਦਿੱਤਾ। ਭਗਤੀ ਅੰਦੋਲਨ ਦੇ ਸੰਤਾਂ ਨੇ ਧਾਰਮਿਕ ਕੱਟੜਤਾ ਤੇ ਵੀ ਆਕਰਮਣ ਕੀਤਾ। ਉਹਨਾਂ ਨੇ ਜੀਵਨ ਜਾਪਣ ਵਿਚਲੇ ਅਨੁਭਵ ਅਤੇ ਸੱਚ ਨੂੰ ਹੀ ਅਧਿਕ ਪ੍ਰਮਾਣਿਕਤਾ ਦਿੱਤੀ। ਜਿਵੇਂ ਕਿ ਕਬੀਰ ਜੀ ਲਿਖਦੇ ਹਨ,

"ਤੂੰ ਕਰਤਾ ਕਾਗਦ ਕੀ ਲੇਖੀ,
ਮੈਂ ਕਹਤਾ ਆਖਿਨ ਕੀ ਦੇਖੀ।"

ਸੰਤ ਕਵੀਆਂ ਨੇ ਮਨੁੱਖਤਾ ਦੀ ਭਾਵਨਾ ਨੂੰ ਮੁੱਖ ਰੱਖ ਕੇ ਜਾਤੀਭੇਦ, ਧਾਰਿਮਕ ਰੂੜੀਵਾਦ, ਅੰਧ ਵਿਸ਼ਵਾਸ, ਰਸਮਾਂ-ਰਿਵਾਜਾਂ ਦੀ ਪ੍ਰਵਾਹ ਕੀਤੇ ਬਿਨ੍ਹਾਂ ਲੋਕਾਂ ਦੇ ਮਨ੍ਹਾਂ ਵਿਚੋਂ ਡਰ ਭੈਅ ਅਤੇ ਭਰਮ ਨੂੰ ਦੂਰ ਕਰਦੇ ਹੋਏ ਮਨੁੱਖਤਾ ਦੀ ਭਾਵਨਾ ਨੂੰ ਜਗਾਇਆ।

"ਧਾਰਮਿਕ ਭੇਦ-ਭਾਵ ਅਤੇ ਜ਼ੁਲਮ ਜਬਰ ਦੇ ਇਸ ਹਨੇਰੇ ਪੱਖ ਵਿਚ ਸੰਤਾਂ-ਭਗਤਾਂ ਸੂਫ਼ੀ ਫ਼ਕੀਰਾਂ, ਸਿੱਖ ਗੁਰੂ ਸਾਹਿਬਾਨ ਅਤੇ ਵੈਸ਼ਣਵੀ ਸੰਤ-ਸਮਾਜ ਨੇ ਇਕ ਵਿਸ਼ੇਸ਼ ਭੂਮਿਕਾ ਨਿਭਾਈ ਅਤੇ ਇਕ ਸਰਵਸਾਂਝੀ ਲੋਕ-ਭਾਸ਼ਾ ਵਿਚ ਸਾਹਿਤ ਦੀ ਸਿਰਜਣਾ ਕਰਕੇ ਧਰਮ ਦੇ ਸਹੀ ਰੂਪ ਨੂੰ ਲੋਕ ਧਰਮ ਵਿਚ ਤਬਦੀਲ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ। ਧਾਰਮਿਕ ਸਹਿਣਸੀਲਤਾ, ਜਾਤ ਵਰਣ ਵਿਵਸਥਾ ਦਾ

[1] ਸ਼ਰਮਾ, ਸਰਨਾਮ ਸਿੰਘ (ਡਾ.), ਕਬੀਰ ਇਕ ਵਿਵੇਚਨਾ, ਪੰਨਾ 100.
[2] ਸਿੰਗਲ, ਧਰਮਪਾਲ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 67.

ਵਿਰੋਧ, ਉਚ-ਨੀਚ ਦਾ ਭੇਦ-ਭਾਵ ਖਤਮ ਕਰਨਾ ਆਦਿ ਸਹਜ ਮਾਨਵੀ ਗੁਣ ਇਸ ਸੰਤ ਸਮਾਜ ਦੇ ਵਿਸ਼ੇਸ਼ ਲੱਛਣ ਆਖੇ ਜਾ ਸਕਦੇ ਹਨ। ਇਸ ਧਰਮ-ਨਿਰਲੇਪ, ਸਰਵ ਧਰਮ ਗ੍ਰਾਹੀ ਸੰਤ ਸਮਾਜ ਦੇ ਇਲਾਹੀ, ਅਲੌਕਿਕ ਪ੍ਰੇਮ ਸੰਗੀਤ ਨੇ ਨਵੀਂ ਕਰਵਟ ਲਈ ਅਤੇ ਨਕਲੀ ਧਰਮ ਉਤੇ ਅਸਲੀ ਧਰਮ-ਮਾਨਵਤਾ ਧਰਮ ਦੀ ਵਿਜੈ ਹੋਈ।"[1]

"ਸੰਤ ਵਾਣੀ ਕਾ ਪ੍ਰਮੁੱਖ ਵਿਸ਼ਅ ਈਸ਼ਵਰ ਕੀ ਏਕਤਾ, ਆਤਮਾ ਕੀ ਅਮਰਤਾ, ਸੰਸਾਰ ਕੀ ਨਾਸ਼ਵਰਤਾ, ਜੀਵ ਔਰ ਬ੍ਰਹਮ ਕੀ ਅਭਿਨਤਾ, ਸਭੀ ਧਰਮੋਂ ਕੀ ਸਮਾਨਤਾ, ਜਾਤੀ ਪ੍ਰਥਾ ਕੀ ਵਿਅਰਥਤਾ ਆਦਿ ਹੋਤਾ ਹੈ।"[2]

ਭਗਤੀ ਅੰਦੋਲਨ ਜਾ ਭਗਤੀ ਲਹਿਰ ਵਿਚ ਸੰਗੀਤ ਅਤੇ ਸੰਸਕ੍ਰਿਤੀ ਦੀ ਦ੍ਰਿਸ਼ਟੀ ਤੋਂ ਅਕਬਰ ਦਾ ਸਮਾਂ ਸਰਵਣ ਯੁੱਗ ਕਿਹਾ ਜਾਂਦਾ ਹੈ। ਆਇਨੇ ਅਕਬਰੀ ਵਿਚ ਲਿਖਿਆ ਹੈ ਅਕਬਰ ਦੇ ਦਰਬਾਰ ਵਿਚ 36 ਕਲਾਕਾਰ ਸਨ। ਅਕਬਰ ਦੇ ਸਮੇਂ ਵਿਚ ਭਾਰਤੀ ਸੰਸਕ੍ਰਿਤੀ ਅਤੇ ਸਮਾਜ ਦੇ ਉੱਜਵਲ ਰੂਪ ਦੇ ਦਰਸ਼ਨ ਹੁੰਦੇ ਹਨ। ਇਹ ਉਹ ਸਮਾਂ ਸੀ ਜਦੋਂ ਸੁਖ ਸ਼ਾਂਤੀ ਅਤੇ ਸੁਯੋਗ ਅਤੇ ਸੁਚਾਰੂ ਰਾਜ ਪ੍ਰਬੰਧ ਦੇ ਨਾਲ ਲਲਿਤ ਕਲਾਵਾਂ ਵੀ ਆਪਣੀ ਚਰਮ ਸੀਮਾ ਨੂੰ ਛੋਹ ਰਹੀਆਂ ਸਨ। "ਅਕਬਰ ਨੇ ਇਸਲਾਮ ਧਰਮ ਏਵਮ ਭਾਰਤੀਏ ਧਰਮ ਚਿੰਤਨ ਮੇਂ ਸਮਕਲਿਆਤਮਕ ਦ੍ਰਿਸ਼ਟੀਕੋਣ ਕੋ ਅਪਨਾਨੇ ਕੀ ਪਹਿਲ ਕੀ ਔਰ 'ਕਲਾ' ਕੋ ਧਰਮ ਸੇ ਜੋੜ ਕਰ ਏਕ ਅਧਿਆਤਮਿਕ ਸ਼ਕਤੀ ਕੇ ਰੂਪ ਮੇਂ ਸਵੀਕਾਰ ਕੀਆ।"[3]

ਮੱਧਕਾਲ ਦੇ ਭਗਤੀ ਅੰਦੋਲਨ ਵਿਚ ਮੁੱਖ ਦੋ ਤਰ੍ਹਾਂ ਦੀਆਂ ਭਗਤੀ ਲਹਿਰਾਂ ਸਾਹਮਣੇ ਆਈਆ

1. ਭਾਰਤੀ ਸੰਸਕ੍ਰਿਤੀ ਦੀ ਭਗਤੀ ਲਹਿਰ
2. ਮੁਸਲਿਮ ਸੰਸਕ੍ਰਿਤੀ ਦੀ ਭਗਤੀ ਲਹਿਰ

### 3.3.1 ਭਾਰਤੀ ਸੰਸਕ੍ਰਿਤੀ ਦੀ ਭਗਤੀ ਲਹਿਰ

ਜਿਸ ਸਮੇਂ ਭਗਤੀ ਲਹਿਰ ਦਾ ਉਦੈ ਹੋਇਆ ਉਦੋਂ ਭਾਰਤ ਵਿਚ ਦੋ ਧਰਮਾਂ-ਸਨਾਤਨ ਹਿੰਦੂ ਵੈਦਿਕ ਧਰਮ ਅਤੇ ਬੁੱਧ ਧਰਮ ਵਿਚ ਟਕਰਾ ਹੋ ਰਿਹਾ ਸੀ। ਬੁੱਧ ਧਰਮ ਦੀ ਵਿਕਰਤ ਪਰਿਸਥਿਤੀਆਂ ਦੇ ਕਾਰਨ ਦੋ ਸੰਪ੍ਰਦਾਵਾਂ ਵਿਚ ਵੰਡਿਆ ਜਾ ਚੁੱਕਾ ਸੀ (1) ਹੀਨਯਾਨ ਅਤੇ ਮਹਾਯਾਨ। ਹੀਨਯਾਨ ਸੰਪ੍ਰਦਾਇ ਵਿਚ ਸਿਧਾਂਤਕ ਪੱਖ ਦੀ ਦਾਰਸ਼ਨਿਕ ਜਟਿਲਤਾ ਸੀ ਅਤੇ ਇਸ ਕਾਰਨ ਬਹੁਤੇ ਲੋਕਾਂ ਦੀ ਆਸਤਾ ਉਸ ਤੇ ਟਿਕ ਨਾ ਸਕੀ। ਮਹਾਂਯਾਨ ਵਿਚ ਸਿਧਾਂਤਿਕ ਪੱਖ ਤੋਂ ਜਿਆਦਾ ਵਿਵਹਾਰਿਕ ਪੱਖ ਤੇ ਜ਼ੋਰ ਦਿੱਤਾ ਜਾਂਦਾ ਸੀ। ਮਹਾਯਾਨ ਵਿਚ ਸਿਧਾਂਤਾਂ ਦੀ ਕੱਟੜਤਾ ਨਹੀਂ ਸੀ ਇਸ ਕਰਕੇ ਇਹ ਹਰ ਧਰਮ ਅਤੇ ਜਾਤ ਦੇ ਲੋਕਾਂ ਨੂੰ ਆਪਣੇ ਧਰਮ ਵਿਚ ਸ਼ਾਮਿਲ ਕਰਕੇ ਇਕ ਵਿਸ਼ਾਲ ਸੰਪ੍ਰਦਾਇ ਦੇ ਰੂਪ ਵਿਚ ਵਿਕਸਿਤ ਹੋਇਆ ਪਰੰਤੂ ਹੀਨਯਾਨ ਸੰਕੀਰਨ ਅਤੇ ਕੱਟੜਤਾ ਦੇ ਕਾਰਨ ਸੰਕੁਚਿਤ ਹੁੰਦਾ ਗਿਆ। "ਭਗਵਾਨ ਬੁੱਧ ਜੋ ਕਿ ਬੁੱਧ ਧਰਮ ਦੇ ਮੋਢੀ ਸਨ ਨੇ ਆਪਣੇ ਉਪਦੇਸ਼ਾਂ ਦੀ ਭਾਸ਼ਾ ਦਾ ਮਾਧਿਅਮ ਪਾਲੀ ਚੁਣਿਆ। ਉਨ੍ਹਾਂ ਸੰਸਕ੍ਰਿਤ ਭਾਸ਼ਾ ਨੂੰ

---

[1] ਸਿੰਗਲ, ਧਰਮਪਾਲ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 72.
[2] ਗਰਗ, ਲਕਸ਼ਮੀ ਨਰਾਇਣ, ਸੰਗੀਤ (ਭਗਤੀ ਸੰਗੀਤ ਅੰਕ), ਜਨਵਰੀ 1970, ਪੰਨਾ 67.
[3] ਬੈਨਰਜੀ, ਨਮਿਤਾ, ਮੱਧਕਾਲੀਨ ਸੰਗੀਤਮਅ ਏਵਮ ਉਨਕਾ ਤਤਕਾਲੀਨ ਸਮਾਜ ਪਰ ਪ੍ਰਭਾਵ, ਪੰਨਾ 3.

ਛੱਡ ਕੇ ਲੋਕ ਭਾਸ਼ਾਵਾਂ ਵਿਚ ਆਪਣੇ ਉਪਦੇਸ਼ਾਂ ਨੂੰ ਆਮ ਜਨਤਾ ਤਕ ਪਹੁੰਚਾਇਆ। ਉਨ੍ਹਾਂ ਦੀ ਮੌਤ ਉਪਰੰਤ ਉਨ੍ਹਾਂ ਦੇ ਚੇਲਿਆਂ ਨੇ ਇਕੱਤਰ ਹੋ ਕੇ ਉਨ੍ਹਾਂ ਦੀਆਂ ਨਾਯਨੋ ਦਾ 'ਸੰਗਾਇਨ' ਕੀਤਾ। ਜਿਸ ਪ੍ਰੀਸ਼ਦ ਵਿਚ ਉਸ ਦਾ ਸੰਗਾਇਨ ਹੋਇਆ, ਉਸ ਨੂੰ ਸੰਗੀਤ ਕਿਹਾ ਗਿਆ ਹੈ।"[1]

ਬੁੱਧ ਧਰਮ ਦੀਆਂ ਇਹਨਾਂ ਦੋ ਸੰਪ੍ਰਦਾਵਾ ਤੋਂ ਅੱਗੇ ਮੰਤ੍ਰਯਾਨ ਤੇ ਸਹਸਯਾਨ ਸਾਖਾਵਾਂ ਬਣੀਆਂ। ਡਾ. ਸ਼ਿਵਕੁਮਾਰ ਸ਼ਰਮਾ ਦੇ ਅਨੁਸਾਰ, "ਮਹਾਯਾਨ ਸੰਪ੍ਰਦਾਇ ਨੇ ਜਨਤਾ ਕੇ ਅਸੰਸਕ੍ਰਿਤ ਵਰਗ ਕੋ ਜੰਤਰ-ਤੰਤਰ, ਅਭਿਚਾਰ ਤਥਾ ਚਮਤਕਾਰ ਬਾਜੀ ਸੇ ਵਾਨੀਭੂਤ ਕਿਏ ਰਖਾ, ਇਸੀ ਕਾਰਨ ਉਸਕਾ ਨਾਮ ਕਾਲਾਅੰਤਰ ਮੇਂ ਮੰਤਰਯਾਨ ਪੜਾ।"[2] ਸ਼ਿਵ ਕੁਮਾਰ ਸ਼ਰਮਾ ਦੇ ਅਨੁਸਾਰ ਮਹਾਯਾਨ ਸੰਪ੍ਰਦਾਇ ਹੀ ਮੰਤਰਯਾਨ ਸੰਪ੍ਰਦਾਇ ਦੇ ਨਾਮ ਨਾਲ ਪ੍ਰਸਿੱਧ ਹੋਇਆ। ਸਹਸਯਾਨ ਸੰਪ੍ਰਦਾਇ ਵਿਚ ਆਈਆਂ ਕੁਰੀਤੀਆਂ ਦੇ ਵਿਰੋਧ ਵਿਚ ਇਕ ਨਵਾਂ ਪੰਥ ਨਾਥ ਯੋਗੀਆਂ ਦਾ ਆਰੰਭ ਹੋਇਆ ਜੋ ਕਿ ਸਹਿਸਯਾਨ ਸਾਖਾ ਦੇ ਗੌਰਖ ਨਾਥ ਨੇ ਸ਼ੁਰੂ ਕੀਤਾ। ਜਿਸ ਵਿਚ ਸ਼ਿਵ ਦੀ ਅਰਾਧਨਾ ਅਤੇ ਯੋਗ ਪੱਧਤੀਆਂ ਦੀ ਪਾਲਣਾ ਕੀਤੀ ਗਈ।ਬੁੱਧ ਧਰਮ ਦੇ ਪਤਨ ਦੇ ਨਾਲ ਹੀ ਹਿੰਦੂ ਧਰਮ ਦੇ ਗਿਆਨ ਮਾਰਗੀ ਅਤੇ ਯੋਗ ਮਾਰਗੀ ਰੂਪਾਂ ਦਾ ਨਵ ਨਿਰਮਾਣ ਹੋਣ ਲੱਗਾ। "ਹਰ ਸੰਤ ਕਵੀ ਯੋਗ ਸਾਧਨਾ ਦੇ ਕਿਸੇ ਇਕ ਜਾਂ ਦੂਜੇ ਪੱਖ ਨੂੰ ਆਧਾਰ ਬਣਾ ਕੇ ਆਪਣੇ ਇਸ਼ਟ ਦੀ ਭਗਤੀ ਕਰਨ ਦੀ ਸਲਾਹ ਦਿੰਦਾ ਹੈ ਅਤੇ ਮਨ ਦੀ ਸ਼ੁੱਧਤਾ, ਗੁਰੂ ਦੀ ਸ਼ਰਨ ਅਤੇ ਕੁੰਡਲਿਨੀ ਆਦਿ ਨੂੰ ਜਾਗ੍ਰਤ ਕਰਕੇ ਪਰਮ ਪਦ ਪ੍ਰਾਪਤ ਕਰਨ ਅਤੇ ਬ੍ਰਹਮ ਵਿਚ ਲੀਨ ਹੋਣ ਦੀ ਗੱਲ ਕਰਦਾ ਹੈ। ਇਹ ਸਾਰਾ ਝਕਾਉ ਦਸਦਾ ਹੈ ਕਿ ਭਗਤੀ ਧਾਰਾ ਬੁੱਧ ਮਤ ਅਤੇ ਸ਼ੈਵ ਮਤ ਦੇ ਯੋਗ ਨਾਲ ਨਾਥਾ ਸਿੱਧਾਂ ਤੋਂ ਹੀ ਵਿਕਸਿਤ ਹੋਈ ਹੈ।"[3]

ਸਿੱਧਾਂ ਅਤੇ ਨਾਥਾਂ ਦਾ ਵੀ ਇਸ ਭਗਤੀ ਲਹਿਰ ਵਿਚ ਯੋਗਦਾਨ ਰਿਹਾ ਹੈ। ਸਿੱਧ ਅਤੇ ਨਾਥ ਕਰਮਕਾਂਡਾ, ਛੂਤ-ਪਾਤ ਅਤੇ ਵਰਣ ਵਿਵਸਥਾ ਦਾ ਘੋਰ ਵਿਰੋਧ ਕਰਦੇ ਸਨ ਅਤੇ ਮੋਕਸ਼ ਪ੍ਰਾਪਤੀ ਦੇ ਲਈ ਆਤਮਾ ਦੀ ਸ਼ੁੱਧੀ ਲਈ ਯੋਗ ਗੁਰੂ ਦੀ ਪਰਮ ਆਵਸ਼ਕਤਾ ਸਮਝਦੇ ਸਨ। ਸਿੱਧਾਂ ਅਤੇ ਨਾਥਾਂ ਦੀ ਮੁੱਖ ਰੂੜੀਆਂ ਸੰਤ ਮਤ ਦੀ ਧਾਰਮਿਕ ਪੁਸ਼ਟ ਭੂਮੀ ਬਣੀਆਂ।

ਵੈਦਿਕ ਕਾਲ ਵਿਚ ਭਗਤੀ ਦੇ ਸ਼ਲੋਕ ਪੂਰਨ ਤੌਰ ਤੇ ਸੰਸਕ੍ਰਿਤ ਭਾਸ਼ਾ ਵਿਚ ਸੀ ਜੋ ਆਮ ਜਨਤਾ ਦੀ ਸਮਝ ਤੋਂ ਪਰੇ ਸਨ ਨੂੰ ਆਲਵਰ ਸੰਤਾਂ ਨੇ ਆਮ ਜਨਤਾ ਤੱਕ ਪਹੁੰਚਾਉਣ ਲਈ ਖੇਤਰੀ ਭਾਸ਼ਾ ਦਾ ਇਸਤੇਮਾਲ ਕੀਤਾ। ਜਦੋਂ ਭਗਤੀ ਲਹਿਰ ਨੂੰ ਆਲਵਰ ਸੰਤਾਂ ਦੀ ਸਰਪ੍ਰਸਤੀ ਮਿਲੀ ਤਾਂ ਇਸ ਦਾ ਘੇਰਾ ਹੋਰ ਵਿਸ਼ਾਲ ਹੋ ਗਿਆ। ਆਲਵਰ ਸੰਤਾਂ ਨੇ ਆਪਣੇ ਕਾਵਿ ਦੀ ਰਚਨਾ ਤਾਮਿਲ ਭਾਸ਼ਾ ਵਿਚ ਕੀਤੀ ਜਿਸ ਨਾਲ ਭਗਤੀ ਸੰਗੀਤ ਦਾ ਵਿਕਾਸ ਹੋਰ ਤੇਜ਼ੀ ਨਾਲ ਹੋਇਆ। ਦੱਖਣ ਭਾਰਤ ਵਿਚ ਆਲਵਰ ਸੰਤਾਂ ਨੇ ਸ਼ੰਕਰਾਚਾਰੀਆ ਦੇ ਸਿਧਾਂਤਾ ਦੀ ਪ੍ਰਵਾਹ ਨਾ ਕਰਦੇ ਹੋਏ ਭਗਤੀ ਦੀ ਧਾਰਾ ਨੂੰ ਨਿਰੰਤਰ ਪ੍ਰਵਾਹਿਤ ਕੀਤਾ। ਸ਼ੰਕਰਚਾਰਿਆ ਦੁਆਰਾ ਚਲਾਏ ਗਏ ਜਟਿੱਲ ਅਤੇ ਕਠਿਨ ਧਰਮ ਮਾਰਗ ਨੂੰ ਛੱਡ ਕੇ ਲੋਕਾਂ ਨੇ ਸਰਲ ਅਤੇ

---

[1] ਜਤਿੰਦਰ ਕੌਰ (ਡਾ.), ਸਿਖ ਧਰਮ ਅਤੇ ਭਗਤੀ ਸੰਗੀਤ, ਪੰਨਾ 53.
[2] ਹਿੰਦੀ ਸਾਹਿਤਅ : ਯੁਗ ਔਰ ਪ੍ਰਵਰਿਤੀਆ, ਪੰਨਾ 100
[3] ਸਿੰਗਲ, ਧਰਮਪਾਲ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 66-67.

ਸੁਗਮ ਮਾਰਗ ਦੀ ਖੋਜ ਆਰੰਭ ਕੀਤੀ। ਇਸੇ ਖੋਜ ਦੇ ਸਿੱਟੇ ਵਜੋਂ ਚਾਰ ਪ੍ਰਮੁੱਖ ਸੰਪਰਦਾਵਾਂ ਹੋਂਦ ਵਿਚ ਆਈਆ।

1. ਰਾਮਾਨੁਜਾਚਾਰੀਆ ਦਾ ਸ੍ਰੀ ਸੰਪ੍ਰਦਾਇ
2. ਮਾਧਵਾਚਾਰੀਆ ਦਾ ਦਵੈਤ ਸੰਪ੍ਰਦਾਇ
3. ਵਿਸ਼ਨੂ ਸਵਾਮੀ ਦਾ ਰੁਦਰ ਜਾਂ ਸ਼ੁਧਾ ਦਵੈਤ ਸੰਪ੍ਰਦਾਇ
4. ਨਿੰਬਾਰਕ ਦਾ ਦਵੈਤ ਦਵੈਤ ਜਾਂ ਸਨਕ ਸੰਪ੍ਰਦਾਇ
5. ਸ੍ਰੀ ਗੁਰੂ ਨਾਨਕ ਦਾ ਸਿੱਖ ਮਤ

### 3.3.1.1 ਰਾਮਾਨੁਜਅਚਾਰਿਆ ਦਾ ਸ੍ਰੀ ਸੰਪ੍ਰਦਾਇ

ਰਾਮਾਨੁਜਾਚਾਰੀਆ ਸਗੁਣ ਬ੍ਰਹਮ ਮਤ ਦੇ ਧਾਰਣੀ ਸਨ। ਰਾਜਾਨੁਜਾਚਾਰੀਆ ਜੀ ਨੇ ਸ਼ੰਕਰ ਮਤ ਦੇ ਅਦਵੈਤ ਮਤ ਦੇ ਸਥਾਨ ਤੇ ਵੈਸ਼ਨਵ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਇਹਨਾਂ ਨੇ ਆਲਵਰ ਸੰਤਾਂ ਦੇ ਸੰਪਰਕ ਵਿਚ ਆ ਕੇ ਇਸ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਅਤੇ ਵੈਸ਼ਨਣ ਮਤ ਨੂੰ ਅਪਨਾਇਆ। "ਰਾਮਾਨੁਜ ਨਾਲ ਭਗਤੀ ਪਰੰਪਰਾ ਵਿਚ ਉਦਾਰਵਾਦੀ ਰੁਚੀ ਪ੍ਰਵੇਸ਼ ਕਰਦੀ ਹੈ। ਕਾਰਨ ਇਹ ਹੈ ਕਿ ਉਸ ਨੇ ਸ਼ੂਦਰ, ਨਿਮਨ ਵਰਗਾਂ ਤੇ ਵਿਵਰਜਤ ਵਰਗਾਂ ਲਈ ਭਗਤੀ ਦੇ ਦਰਵਾਜੇ ਖੋਲ੍ਹ ਦਿੱਤੇ।"[1] ਇਨ੍ਹਾਂ ਦਾ ਸੰਪ੍ਰਦਾਇ ਵਿਸ਼ਿਸ਼ਟ ਅਦ੍ਵੈਤਵਾਦੀ ਸ੍ਰੀ ਸੰਪਰਦਾਇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਸੰਪ੍ਰਦਾਇ ਵਿਚ ਵਿਸ਼ਨੂ ਦੇ ਅਵਤਾਰ ਨਰਾਇਣ ਅਤੇ ਉਹਨਾਂ ਦੀ ਪਤਨੀ ਸ੍ਰੀ ਲੱਛਮੀ ਦੀ ਉਪਾਸਨਾ ਕਰਦੇ ਸਨ। ਇਸ ਸੰਪ੍ਰਦਾਇ ਦੇ ਪੈਰੋਕਾਰ ਸ੍ਰੀ ਲੱਛਮੀ ਦੀ ਉਪਾਸਨਾ ਨਰਾਇਣ ਤੋਂ ਵੱਧ ਸ਼ਰਧਾ ਅਤੇ ਪ੍ਰੇਮ ਨਾਲ ਕਰਦੇ ਹਨ। ਇਸੇ ਕਾਰਣ ਹੀ ਇਸ ਸੰਪ੍ਰਦਾਇ ਨੂੰ ਸ੍ਰੀ ਸੰਪ੍ਰਦਾਇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। "ਸ੍ਰੀ ਰਾਮਾਨੁਜ ਅਚਾਰਿਆ ਨੇ ਆਪਣੇ ਭਗਤੀ ਸੰਬੰਧੀ ਸਿਧਾਂਤਾਂ ਦੇ ਸਪੱਸ਼ਟੀਕਰਨ ਦੇ ਲਈ ਸੰਸਕ੍ਰਿਤ ਵਿਚ ਅਨੇਕ ਗ੍ਰੰਥ ਅਤੇ ਟੀਕੇ ਲਿਖੇ। ਰਾਮਾਨੁਜ ਦੀ ਮਹਾਨ ਵਿਦਵਤਾ ਅਤੇ ਉਦਾਰ ਧਾਰਮਿਕ ਦ੍ਰਿਸ਼ਟੀਕੋਣ ਦੇ ਫਲਸਰੂਪ ਬਾਰ੍ਹਵੀਂ ਸਦੀ ਵਿਚ ਭਗਤੀ ਅੰਦਲੋਨ ਆਪਣੀ ਚਰਮ ਸੀਮਾ ਤਕ ਪਹੁੰਚਿਆ।"[2] ਰਾਮਾਨੁਜਆਚਾਰੀਆ ਨੇ ਭਗਤੀ ਲਈ ਅਨੇਕ ਮੱਠਾ ਦੀ ਸਥਾਪਨਾ ਕੀਤੀ ਅਤੇ ਵਸ਼ਿਸ਼ਟਾ ਦਵੈਤ ਦੁਆਰਾ ਭਗਤੀ ਦੀ ਸਾਰਥਿਕਤਾ ਸਿਧ ਕੀਤੀ। 14ਵੀਂ ਸ਼ਤਾਬਦੀ ਵਿਚ ਸਵਾਮੀ ਰਾਮਾਨੰਦ ਹੋਏ, ਜਿੰਨ੍ਹਾਂ ਨੇ ਉੱਤਰੀ ਭਾਰਤ ਵਿਚ ਰਾਮ ਭਗਤੀ ਦਾ ਪ੍ਰਚਾਰ ਕੀਤਾ। ਰਾਮਾਨੰਦ ਜੀ ਨੇ ਸ੍ਰੀ ਸੰਪਰਦਾਇ ਤੋਂ ਦੀਕਸ਼ਾ ਹਾਸਿਲ ਕੀਤੀ। ਰਾਮਾਨੰਦ ਤੋਂ ਪਹਿਲਾਂ ਸ੍ਰੀ ਸੰਪਰਦਾਇ ਵਿਚ ਵਿਸ਼ਨੂੰ ਅਤੇ ਉਨ੍ਹਾਂ ਦੀ ਸ਼ਕਤੀ ਲਕਸ਼ਮੀ ਦੀ ਪੂਜਾ ਕੀਤੀ ਜਾਂਦੀ ਸੀ। ਪਰੰਤੂ ਰਾਮਾਨੰਦ ਨੇ ਰਾਮ ਭਗਤੀ ਸ਼ੁਰੂ ਕੀਤੀ ਅਤੇ ਇਨ੍ਹਾਂ ਦਾ ਇਹ ਸੰਪਰਦਾਇ 'ਰਾਮਾਨੰਦ ਸੰਪਰਦਾਇ' ਅਖਵਾਇਆ। "ਰਾਮਾਨੰਦ ਸੇ ਪੂਰਵ ਜੋ ਸੰਗੀਤ ਧਾਰਾ ਜੈਦੇਵ ਕੀ ਰਾਧਾ ਕ੍ਰਿਸ਼ਨ ਲੀਲਾਓ ਕੇ ਪਦੋਂ ਕੇ ਗਾਨ

---

[1] ਨਾਨਕ ਪ੍ਰਕਾਸ ਪੱਤ੍ਰਿਕਾ, ਭਗਤੀ ਵਿਸ਼ੇਸ਼ ਅੰਕ-ਜੂਨ 1985, ਪੰਨਾ 47-48.
[2] ਜਤਿੰਦਰ ਕੌਰ (ਡਾ.), ਸਿੱਖ ਧਰਮ ਅਤੇ ਭਗਤੀ ਸੰਗੀਤ, ਪੰਨਾ 58.

ਸੇ ਤਥਾ ਕੁਛ ਸੂਫ਼ੀ ਕਵੀਓਂ ਕੀ ਰਚਨਾਓ ਦੁਆਰਾ ਪ੍ਰਵਾਹਿਤ ਹੋ ਰਹੀ ਥੀ। ਉਸ ਕੇ ਪ੍ਰਵਾਹ ਮੇਂ ਰਾਮ ਕਾਵਿਅ ਕੀ ਸੰਗੀਤ ਧਾਰਾ ਪ੍ਰਾਅ ਲੁਪਤ ਹੋ ਗਈ।"[1]

### 3.3.1.2 ਮਾਧਵਅਚਾਰਿਆ ਦਾ ਦਵੈਤ ਸੰਪ੍ਰਦਾਇ

ਇਨ੍ਹਾਂ ਦਾ ਸੰਪ੍ਰਦਾਇ ਦਵੈਤਵਾਦੀ ਦਾਰਸ਼ਨਿਕ ਵਿਚਾਰਧਾਰਾ ਉੱਤੇ ਆਧਾਰਿਤ ਸੀ। ਇਸ ਸੰਪ੍ਰਦਾਇ ਨੂੰ ਬ੍ਰਹਮ-ਸੰਪ੍ਰਦਾਇ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਰਾਮਾਨੁਜਾਚਾਰਿਆ ਤੋਂ ਬਾਅਦ ਮਾਧਵਾਚਾਰੀਆ ਨੇ ਦਵੈਤ ਸੰਪ੍ਰਦਾਇ ਦੀ ਸਥਾਪਨਾ ਕੀਤੀ। ਮਾਧਵਾਚਾਰੀਆ ਨੇ ਸ਼ੰਕਰਾਚਾਰੀਆ ਦੇ ਅਦਵੈਤਵਾਦ ਦੀ ਕੜੀ ਵਿਰੋਧਤਾ ਕੀਤੀ ਅਤੇ ਮਾਯਾਵਾਦ ਦਾ ਖੰਡਨ ਕੀਤਾ। ਇਹਨਾਂ ਨੇ ਵੀ ਭਗਤੀ ਕੇਂਦਰਾਂ ਵਜੋਂ ਮਠਾਂ ਦੀ ਸਥਾਪਨਾ ਕੀਤੀ ਅਤੇ ਸੰਨਿਆਸੀਆਂ ਦਾ ਸੰਗਠਨ ਕੀਤਾ। ਇਹਨਾਂ ਨੇ ਖੁਦ ਵੀ 11 ਸਾਲ ਦੀ ਉਮਰ ਵਿਚ ਹੀ ਸੰਨਿਆਸ ਧਾਰਨ ਕਰ ਲਿਆ ਸੀ। ਸੰਨਿਆਸੀਆਂ ਨੇ ਹੀ ਦਵੈਤ ਸੰਪ੍ਰਦਾਇ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਮਾਧਵਾਚਾਰੀਆ ਦੇ ਦਵੈਤ ਸੰਪ੍ਰਦਾਇ ਵਿਚ ਭਗਤੀ ਅਤੇ ਅਧਿਆਤਮਵਾਦ ਦਾ ਆਧਾਰ ਮੂਲਕ ਭਾਗਵਤ ਪੁਰਾਣ ਹੈ। ਇਹਨਾਂ ਨੇ ਭਗਤੀ ਦੋ ਪ੍ਰਕਾਰ ਦੀ ਦੱਸੀ ਹੈ।

1. ਸ਼ਾਸਤਰਾਂ ਦੇ ਅਭਿਆਸ ਤੋਂ
2. ਧਿਆਨ ਦੁਆਰਾ

ਸ਼ਾਸਤਰਾਂ ਦੇ ਅਭਿਆਸ ਨਾਲ ਅਗਿਆਨਤਾ ਦਾ ਪਰਦਾ ਹਟਦਾ ਹੈ ਅਤੇ ਆਤਮਾ ਪ੍ਰਮਾਤਮਾ ਦੇ ਮੇਲ ਅਤੇ ਮੁਕਤੀ ਦਾ ਮਾਰਗ ਦ੍ਰਿਸ਼ਟੀਪਾਤ ਹੁੰਦਾ ਹੈ। ਧਿਆਨ ਦੁਆਰਾ ਆਤਮਾ ਉਸ ਪ੍ਰਮਾਤਮਾ ਦਾ ਹੀ ਇਕ ਹਿੱਸਾ ਬਣ ਜਾਂਦੀ ਹੈ ਅਤੇ ਆਤਮਾ ਸਵੈ ਵਿਚੋਂ ਹੀ ਪ੍ਰਮਾਤਮਾ ਨੂੰ ਪਾ ਲੈਂਦੀ ਹੈ।

### 3.3.1.3 ਵਿਸ਼ਨੂ ਸਵਾਮੀ ਦਾ ਰੁਦਰ ਜਾਂ ਸ਼ੁਧਾ ਦਵੈਤ ਸੰਪ੍ਰਦਾਇ

ਇਨ੍ਹਾਂ ਦੀ ਦਾਰਸ਼ਨਿਕ ਵਿਚਾਰਧਾਰਾ ਨੂੰ ਸ਼ੁੱਧ-ਅਦ੍ਵੈਤ ਅਤੇ ਇਸ ਸੰਪ੍ਰਦਾਇ ਦਾ ਨਾਮ ਰੁਦਰ ਸੰਪ੍ਰਦਾਇ ਦੇ ਵਜੋਂ ਪ੍ਰਸਿੱਧ ਹੋਇਆ। "ਰੁਦਰ ਭਾਵੇਂ ਸ਼ਿਵ ਜੀ ਨੂੰ ਆਖਿਆ ਜਾਂਦਾ ਹੈ, ਪਰ ਸ੍ਰੀ ਮਦ ਭਾਗਵਤ ਪੁਰਾਣ ਵਿਚ 'ਨਾਰਾਯਣ' ਦੇ ਰਜੋ ਗੁਣ ਤੋਂ 'ਬ੍ਰਹਮਾ' ਅਤੇ ਤਪੋ ਗੁਣ ਤੋਂ 'ਰੁਦ੍ਰ' ਅਵਤਾਰ ਦੀ ਹੋਂਦ ਦਾ ਉਲੇਖ ਕੀਤਾ ਗਿਆ ਹੈ। ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਦੀ ਇਸ ਤ੍ਰੈ ਮੂਰਤੀ ਦੀ ਇਕਰੂਪਤਾ ਦੇ ਇਸ ਆਧਾਰ ਉੱਤੇ ਹੀ ਸ਼ਾਇਦ ਵਿਸ਼ਨੂ ਸ੍ਵਾਮੀ ਦੇ 'ਰੁਦਰ ਸੰਪ੍ਰਦਾਇ' ਨੂੰ ਵੈਸ਼ਣਵ ਭਗਤੀ ਵਿਚ ਸ਼ਾਮਿਲ ਕਰ ਲਿਆ ਗਿਆ ਹੈ।"[2]

ਦੱਖਣ ਦੇ ਵੈਸ਼ਣਵ ਆਚਾਰੀਆ ਵਿਚ ਵਿਸ਼ਨੂ ਸੁਆਮੀ ਦਾ ਨਾਮ ਬੜੇ ਸਤਿਕਾਰ ਅਤੇ ਆਦਰ ਨਾਲ ਲਿਆ ਜਾਂਦਾ ਹੈ। ਵਿਸ਼ਨੂ ਸੁਆਮੀ ਚੌਥੇ ਆਚਾਰਿਆ ਸਨ ਜਿਨ੍ਹਾਂ ਨੇ ਅਦਵੈਤਵਾਦ ਨੂੰ ਮਾਇਆ ਤੋਂ ਵੱਖ ਮੰਨ ਕੇ ਸ਼ੁੱਧਾ ਦਵੈਤਵਾਦ ਦੀ ਸਥਾਪਨਾ ਕੀਤੀ। ਇਸ ਸੰਪ੍ਰਦਾਇ ਬਾਰੇ ਇਤਿਹਾਸਿਕ ਜਾਣਕਾਰੀ ਬਹੁਤ ਘੱਟ ਪ੍ਰਾਪਤ ਹੁੰਦੀ ਹੈ। ਵਿਸ਼ਨੂ ਸਵਾਮੀ ਨਾਂ ਦੇ ਕਈ ਵਿਅਕਤੀ ਹੋਏ ਹਨ। ਇਸ ਲਈ ਰੁਦਰ ਸੰਪ੍ਰਦਾਇ ਦੇ ਸਹੀ ਸੰਚਾਲਕ ਅਤੇ ਸਮਾਂ ਅਗਿਆਤ ਹੈ।

---

[1] ਸਕਸੇਨਾ, ਰਾਕੇਸ਼ ਬਾਲਾ (ਡਾ.), ਮੱਧਅਯੁਗੀਨ ਵੈਸ਼ਨਵ ਸੰਪਾਦਾਇਓ ਮੇਂ ਸੰਗੀਤ, ਪੰਨਾ 40.
[2] ਨਾਨਕ ਪ੍ਰਕਾਸ਼ ਪੱਤ੍ਰਿਕਾ, ਭਗਤੀ ਵਿਸ਼ੇਸ਼ ਅੰਕ, ਜੂਨ 1985, ਪੰਨਾ 73.

ਸ਼ੁੱਧਾਦਵੈਤ ਸੰਪ੍ਰਦਾਇ ਦੇ ਸਿਧਾਂਤ ਨੂੰ ਹੀ ਪੂਰਨ ਰੂਪ ਵਿਚ ਸਵੀਕਾਰਦੇ ਹੋਏ ਸ੍ਰੀ ਵਲਭਾਅਚਾਰਿਆ ਜੀ ਹੋਏ ਜਿੰਨ੍ਹਾਂ ਨੇ ਇਸੇ ਸੰਪ੍ਰਦਾਇ ਦੇ ਆਧਾਰ ਤੇ ਇੱਕ ਵੱਖਰੀ 'ਪੁਸ਼ਟੀ ਸੰਪ੍ਰਦਾਇ' ਦੀ ਸਥਾਪਨਾ ਕੀਤੀ। ਸ੍ਰੀ ਵਲਭਾਅਚਾਰਿਆ ਜੀ ਨੇ ਪ੍ਰਭੂ ਅਰਾਧਨਾ ਲਈ ਗਿਆਨ ਮਾਰਗ ਤੇ ਚੱਲਣ ਦੀ ਬਜਾਏ ਭਗਤੀ ਮਾਰਗ ਨੂੰ ਉੱਚ ਦੱਸਿਆ ਹੈ। ਭਗਤੀ ਮਾਰਗ ਵਿਚ ਭਗਤ ਦਾ ਪ੍ਰਭੂ ਦੇ ਪ੍ਰਤੀ ਗੂੜ ਪ੍ਰੇਮ ਹੀ ਭਗਤੀ ਦਾ ਮੁੱਖ ਲੱਛਣ ਦੱਸਿਆ ਹੈ। "ਸ੍ਰੀ ਕ੍ਰਿਸ਼ਨ ਦੇ ਪ੍ਰਤੀ ਵਿਸ਼ੁੱਧ ਪ੍ਰੇਮ ਕਰਨਾ ਹੀ ਪੁਸ਼ਟੀ ਮਾਰਗੀਏ ਭਗਤੀ ਹੈ, ਵਹੀ ਸਾਧਨ ਹੈ, ਵਹੀ ਸਾਧਅ ਹੈ।"[1]

ਪੁਸ਼ਟੀ ਸੰਪ੍ਰਦਾਇ ਵਿਚ ਸੰਗੀਤ ਦੀ ਬਹੁਤ ਮਹੱਤਤਾ ਸੀ। ਅਧਿਆਤਮਿਕ ਕੀਰਤਨ ਵਿਚ ਗਾਏ ਜਾਣ ਵਾਲੇ ਪਦਾਂ ਨੂੰ ਸ਼ਾਸਤਰੀ ਸੰਗੀਤ ਦੀ ਸ਼ੁੱਧ ਸ਼ਾਸਤਰੀ ਗਾਇਨ ਸ਼ੈਲੀਆਂ ਧਰੁਪਦ ਅਤੇ ਧਮਾਰ ਦੇ ਅੰਤਰਗਤ ਹੀ ਗਾਇਆ ਜਾਂਦਾ ਸੀ। ਸ੍ਰੀ ਵਲਭਾਅਚਾਰਿਆ ਜੀ ਦੇ ਸਮੇਂ ਸੂਰਦਾਸ, ਪਰਮਾਨੰਦਦਾਸ, ਕੁੰਬਨਦਾਸ, ਕ੍ਰਿਸ਼ਨਦਾਸ ਕੀਰਤਨ ਕਰਿਆ ਕਰਦੇ ਸਨ। ਸ੍ਰੀ ਵਲਭਾਅਚਾਰਿਆ ਜੀ ਦੇ ਪੁੱਤਰ ਵਿਠੁੱਲਨਾਥ ਜੀ ਨੇ ਚਾਰ ਹੋਰ ਕੀਰਤਨਕਾਰਾਂ ਦੇ ਯੋਗਦਾਨ ਨਾਲ ਅਸ਼ਠਛਾਪ ਕੀਰਤਨਕਾਰਾਂ ਦੀ ਸਥਾਪਨਾ ਕੀਤੀ। ਭਾਵ ਕੀਰਤਨ ਲਈ ਅੱਠ ਸ਼ਾਸਤਰੀ ਸੰਗੀਤਕਾਰਾਂ ਨੂੰ ਨਿਯੁਕਤ ਕੀਤਾ। ਸ੍ਰੀ ਵਿਠੁੱਲਨਾਥ ਜੀ ਦੇ ਚਾਰ ਸ਼ਗਿਰਦ ਸਨ। ਗੋਵਿੰਦਸਵਾਮੀ, ਛੀਤਸਵਾਮੀ, ਚਤੁਰਭੁਜਦਾਸ ਅਤੇ ਨੰਦਦਾਸ। ਇਹ ਅੱਠ ਭਗਤ ਸੰਗੀਤਕਾਰ ਜਿੰਨ੍ਹਾਂ ਨੂੰ ਅਸ਼ਠਛਾਪ ਕਵੀਆਂ ਵਜੋਂ ਜਾਣਿਆ ਜਾਂਦਾ ਸੀ, ਹਰ ਰੋਜ਼ ਸ੍ਰੀਨਾਥ ਜੀ ਦੀ ਸੇਵਾ ਵਿਚ ਕੀਰਤਨ ਕਰਦੇ ਸਨ। ਰਾਗਾਂ ਨੂੰ ਸਮੇਂ ਅਤੇ ਰੁੱਤਾਂ ਅਨੁਸਾਰ ਗਾਇਨ ਦੀ ਪ੍ਰਥਾ ਵੀ ਇਸ ਸੰਪ੍ਰਦਾਇ ਵਿਚ ਸ਼ੁਰੂ ਤੋਂ ਪ੍ਰਚਲਿਤ ਸੀ। "ਅਸ਼ਠਛਾਪ ਕੇ ਆਠੋਂ ਕੀਰਤਨੀਏ ਆਠੋਂ ਝਾਕੀਓਂ ਕੇ ਕੀਰਤਨ ਮੇਂ ਵਿਸ਼ਸ਼ਠ ਰਿਤੂ ਔਰ ਕਾਲ ਕੇ ਅਨੁਸਾਰ ਅਨੇਕ ਰਾਗ-ਰਾਗਨੀਓਂ ਮੇਂ ਭਗਵਤ ਕੀਰਤਨ ਕਿਆ ਕਰਤੇ ਥੇ। ਇਨ ਆਠ ਕੀਰਤਨਕਾਰੋਂ ਕੇ ਸਾਥ ਕੁਛ ਝਾਲਰੀਏ ਔਰ ਤਾਲ ਵਾਲੇ ਭੀ ਕਵੀ ਔਰ ਗਾਇਕ ਰਹਿਤੇ ਥੇ, ਜੋ ਸਵਅਮ ਭੀ ਉੱਚ ਕੋਟੀ ਕੇ ਕੀਰਤਨਕਾਰ ਥੇ।"[2]

ਕੀਰਤਨ ਵਿਚ ਵਾਦਾਂ ਦਾ ਵੀ ਪ੍ਰਯੋਗ ਹੁੰਦਾ ਸੀ। ਵਾਦਾਂ ਵਿਚ ਮਿਰਦੰਗ, ਪਖਾਵਜ, ਵੰਸ਼ੀ, ਸ਼ੰਖ ਅਤੇ ਦੁਦੰਭੀ ਆਦਿ ਦਾ ਵਰਨਣ ਮਿਲਦਾ ਹੈ।

ਬ੍ਰਜ ਦੇ ਮੰਦਰਾਂ ਵਿਚ ਸ਼ਾਸਤਰੀ ਸੰਗੀਤ ਦੀ ਪਰੰਪਰਾ ਇੰਨੀ ਪਰਿਪੱਕ ਹੈ ਕਿ ਪਰੰਪਰਾਗਤ ਰੂਪ ਵਿਚ ਜਿੰਨਾਂ ਰਾਗਾਂ ਵਿਚ ਗਾਇਨ ਵਿਧਾ ਦਾ ਪ੍ਰਯੋਗ ਜਿਸ ਸਮੇਂ ਜਾਂ ਜਿਸ ਅਵਸਰ ਤੇ ਹੁੰਦਾ ਸੀ ਉਹ ਅੱਜ ਵੀ ਨਿਰੰਤਰ ਉਸੇ ਪ੍ਰਵਾਹ ਵਿਚ ਕੀਰਤਨਕਾਰਾਂ ਦੁਆਰਾ ਨਿਭਾਇਆ ਜਾ ਰਿਹਾ ਹੈ।

ਉਪਰੋਕਤ ਲਿਖਣ ਤੋਂ ਬਾਅਦ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਸ਼ਾਸਤਰੀ ਸੰਗੀਤ ਵਿਚ ਰਾਗਾਂ ਦਾ ਸਮਾਂ ਸਿਧਾਂਤ ਪੁਸ਼ਟੀ ਮਾਰਗੀ ਸੰਪ੍ਰਦਾਇ ਤੋਂ ਹੀ ਸ਼ੁਰੂ ਹੋਇਆ ਹੋਵੇਗਾ, ਕਿਉਂਕਿ ਇਸ ਤੋਂ ਪਹਿਲਾਂ ਰਚਨਾਵਾਂ ਨੂੰ ਸਮੇਂ ਅਨੁਸਾਰ ਗਾਇਨ ਦਾ ਪ੍ਰਚਲਨ ਕਿਸੇ ਵੀ ਗ੍ਰੰਥ ਵਿਚ ਨਹੀਂ ਮਿਲਦਾ। ਇਸੇ ਹੀ ਸੰਪ੍ਰਦਾਇ

---

[1] ਸਕਸੇਨਾ, ਰਾਕੇਸ਼ ਬਾਲਾ (ਡਾ.). ਮੱਧਅਯੁਗੀਨ ਵੈਸ਼ਨਵ ਸੰਪ੍ਰਦਾਇਓ ਮੇਂ ਸੰਗੀਤ, ਪੰਨਾ 59.
[2] ਉਹੀ, ਪੰਨਾ 63.

ਦੇ ਸਮਕਾਲੀਨ ਗੁਰਮਤਿ ਸੰਗੀਤ ਵਿਚ ਵੀ ਗੁਰਬਾਣੀ ਨੂੰ ਕੀਰਤਨ ਚੌਂਕੀਆਂ ਦੇ ਅਨੁਸਾਰ ਗਾਇਨ ਦੀ ਪ੍ਰਥਾ ਰਹੀ ਹੈ ਅਤੇ ਆਧੁਨਿਕ ਕਾਲ ਵਿਚ ਉਸ ਦਾ ਨਿਭਾਅ ਉਸੇ ਤਰ੍ਹਾਂ ਹੋ ਰਿਹਾ ਹੈ।

### 3.3.1.4 ਨਿੰਬਾਰਕ ਅਚਾਰਿਆ ਦਾ ਦਵੈਤ ਦਵੈਤ ਜਾਂ ਸਨਕ ਸੰਪ੍ਰਦਾਇ

ਦਾਰਸ਼ਿਕ ਸਾਹਿਤ ਵਿਚ ਨਿੰਬਾਰਕ ਅਚਾਰਿਆ ਦੇ ਕਈ ਨਾਂ ਮਿਲਦੇ ਹਨ, ਜਿਵੇਂ ਨਿੰਬ ਭਾਸਕਰ, ਨਿਯਮਾਨੰਦ, ਨਿੰਬਾਦਿਤਯ ਆਦਿ। ਇਸ ਸੰਪ੍ਰਦਾਇ ਨੂੰ ਸਨਕ ਸੰਪ੍ਰਦਾਇ ਵੀ ਕਿਹਾ ਜਾਂਦਾ ਹੈ। ਵੈਸ਼ਣਵ ਮਾਰਗੀ ਨਿੰਬਾਰਕ ਇਸ ਸੰਪ੍ਰਦਾਇ ਦੇ ਸਭ ਤੋਂ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਆਚਾਰਿਆ ਹੋਏ ਹਨ। ਦਵੈਤਾਦਵੈਤ ਨੂੰ ਭੇਦਾਭੇਦ ਵੀ ਆਖਦੇ ਹਨ। ਇਹ ਮਤ ਦਵੈਤ ਭਾਵ ਭਿੰਨਤਾ ਮੰਨਣ ਵਾਲਾ ਅਤੇ ਅਦਵੈਤ ਅਭਿੰਨਤਾ ਮੰਨਣ ਵਾਲਾ ਦੋਹਾਂ ਦਾ ਮੇਲ ਹੈ। ਨਿੰਬਾਰਕ ਆਚਾਰਿਆ ਦੇ ਮਤ ਅਨੁਸਾਰ ਸ੍ਰੀ ਕ੍ਰਿਸ਼ਣ ਹੀ ਪਾਰਬ੍ਰਹਮ ਹਨ ਅਤੇ ਜੀਵ ਅਤੇ ਜਗਤ ਦਾ ਬ੍ਰਹਮ ਨਾਲ ਸੰਬੰਧ ਦਵੈਤ ਵੀ ਹੈ ਅਤੇ ਅਦਵੈਤ ਵੀ ਹੈ। ਜੀਵ ਅਤੇ ਬ੍ਰਹਮ ਵਿਚ ਅਭੇਦ ਰਹਿੰਦੇ ਹੋਏ ਵੀ ਜੀਵ ਦਾ ਅਤੇ ਬ੍ਰਹਮ ਦਾ ਵਿਲੱਖਣ ਸੰਬੰਧ ਹੈ।

### 3.3.1.5 ਸਿੱਖ ਧਰਮ

ਭਗਤੀ ਅੰਦੋਲਨ ਦੀ ਲਹਿਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੱਡਮੁੱਲਾ ਯੋਗਦਾਨ ਹੈ। ਪੰਦਰਵੀਂ ਸ਼ਤਾਬਦੀ ਵਿਚ ਜਦੋਂ ਸੰਪੂਰਨ ਭਾਰਤ ਉਥਲ-ਪੁਥਲ ਦੀ ਸਥਿਤੀ ਵਿਚ ਸੀ ਤਾਂ ਗੁਰੂ ਨਾਨਕ ਦੇਵ ਜੀ ਦੀ ਅਗਵਾਈ ਵਿਚ ਸਿੱਖ ਧਰਮ ਦੀ ਨੀਂਹ ਰੱਖੀ ਗਈ। “ਗੁਰੂ ਨਾਨਕ ਦੇਵ ਜੀ ਨੇ ਭਗਤੀ ਦੇ ਉਸੇ ਵਹਿਣ ਦੀ ਯਾਤਰਾ ਕੀਤੀ। ਪਰੰਤੂ ਉਸ ਨੇ ਆਪਣੇ ਜਹਾਜ਼ ‘ਤੇ ਵੱਖਰੀ ਕਿਸਮ ਦਾ ਝੰਡਾ ਲਹਿਰਾਇਆ। ਉਸ ਦਾ ਜਹਾਜ਼ ਛੋਟੇ ਸਮੁੰਦਰੀ ਬੇੜੇ ਵਿਚੋਂ ਨਹੀਂ ਸੀ, ਇਹ ਉਹ ਜਹਾਜ਼ ਸੀ ਜੋ ਆਪਣੀ ਇਕੱਲੀ ਲੀਕ ਵਾਹੁੰਦਾ ਜਾ ਰਿਹਾ ਸੀ ਅਤੇ ਜੋ ਸੁਤੰਤ੍ਰ ਰਸਤੇ ‘ਤੇ ਚਲਿਆ। ਇਹ ਗੱਲ ਨੋਟ ਕਰਨੀ ਪਏਗੀ ਕਿ ਗੁਰੂ ਨਾਨਕ ਦੇਵ ਜੀ ਨੇ ਭਗਤੀ ਦੇ ਉਨ੍ਹਾਂ ਬਹੁਤ ਸਾਰੇ ਪੱਥਾਂ ਦਾ ਸਮਰਥਨ ਕੀਤਾ ਜਿਹੜੇ ਪਹਿਲੇ ਪਹਿਲ ਭਗਤਾਂ ਨੇ ਪਰਚਾਰੇ ਅਤੇ ਅਮਲ ਵਿਚ ਲਿਆਂਦੇ, ਇਨ੍ਹਾਂ ਪੱਖਾਂ ਨੂੰ ਵਿਚਾਰਨ ਤੋਂ ਪਹਿਲਾਂ, ਇਹ ਪੂਰੀ ਦ੍ਰਿੜਤਾ ਨਾਲ ਕਹਿਣਾ ਚਾਹੀਦਾ ਹੈ ਕਿ ਜਿਸ ਮਾਰਗ ਦੀ ਵਕਾਲਤ ਗੁਰੂ ਨਾਨਕ ਦੇਵ ਜੀ ਨੇ ਕੀਤੀ, ਉਹ ਭਗਤੀ ਮਾਰਗ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਪਰਮ-ਸਤਿ ਦਾ ਅਨੁਭਵ ਕੇਵਲ ਭਗਤੀ-ਮਾਰਗ ਰਾਹੀਂ ਹੀ ਹੋ ਸਕਦਾ ਹੈ ਅਤੇ ਕਰਮ ਮਾਰਗ ਜਾਂ ਗਿਆਨ ਮਾਰਗ ਰਾਹੀਂ ਨਹੀਂ।”[1]

ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ ਉਪਦੇਸ਼ਾਂ ਨੂੰ ਲੋਕਾਈ ਤੱਕ ਪਹੁੰਚਾਉਣ ਲਈ ਸੰਗੀਤ ਦਾ ਮਾਰਗ ਚੁਣਿਆ। ਗੁਰੂ ਨਾਨਕ ਦੇਵ ਜੀ ਦੇ ਨਾਲ ਭਾਈ ਮਰਦਾਨਾ ਰਬਾਬ ਤੇ ਉਨ੍ਹਾਂ ਦੇ ਨਾਲ ਕੀਰਤਨ ਵਿਚ ਸੰਗਤ ਕਰਦੇ ਸਨ। “ਉਨ੍ਹਾਂ ਦੇ ਅੰਮ੍ਰਿਤ ਬਚਨ ਸੁਣਨ ਲਈ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੋ ਜਾਂਦੇ ਅਤੇ ਉਨ੍ਹਾਂ ਤੇ ਅਮਲ ਕਰਦੇ ਸਨ, ਉਨ੍ਹਾਂ ਦੇ ਸਿੱਖ ਬਣ ਜਾਂਦੇ ਸਨ ਅਤੇ ਉਨ੍ਹਾਂ ਦੇ ਇਸ ਗੁਣ ਨੇ ਸਿੱਖ ਧਰਮ ਨੂੰ ਜਨਮ ਦਿੱਤਾ।”[2]

---

[1] ਨਾਨਕ ਪ੍ਰਕਾਸ਼ ਪੱਤ੍ਰਿਕਾ, ਭਗਤੀ ਵਿਸ਼ੇਸ਼ ਅੰਕ-ਜੂਨ 1985, ਪੰਨੇ 185-186.
[2] ਮਦਾਨ, ਪੰਨਾ ਲਾਲ, ਪੰਜਾਬ ਵਿਚ ਸੰਗੀਤ ਕਲਾ ਦਾ ਸੰਗੀਤ ਤੇ ਵਿਕਾਸ, ਪੰਨਾ 68.

ਵੈਦਿਕ ਯੁੱਗ ਵਿਚ ਬਹੁਤ ਦੇਵਤਾਵਾਦ ਦੀ ਪੂਜਾ ਭਗਤੀ ਵੀ ਕੀਤੀ ਗਈ। ਸਮੇਂ ਦੇ ਨਾਲ-ਨਾਲ ਦੇਵਤਿਆਂ ਦੀ ਸੰਖਿਆ ਵਧਦੀ-ਘਟਦੀ ਰਹੀ। ਗੁਰੂ ਸਾਹਿਬਾਨ ਨੇ ਬਹੁ-ਦੇਵਤਾ ਵਾਦ ਦੇ ਸਿਧਾਂਤ ਤੇ ਇੱਕ ਉਂਕਾਰ ਭਾਵ ਇਕ ਅਕਾਲ-ਪੁਰਖ ਅਤੇ ਇਕ ਸਰਵ-ਸ਼ਕਤੀਮਾਨ ਦੀ ਪੂਜਾ ਦਾ ਪ੍ਰਚਾਰ ਕੀਤਾ। ਗੁਰੂ ਜੀ ਇਸ ਗੱਲ ਦੀ ਹਾਮੀ ਭਰਦੇ ਸਨ ਕਿ ਆਤਮਾ ਪਰਮਾਤਮਾ ਦਾ ਹੀ ਅੰਸ਼ ਹੈ ਅਤੇ ਆਤਮਾ ਨੂੰ ਸ਼ੁੱਧ ਕਰਨਾ ਜਾਂ ਆਤਮ-ਚਿੰਤਨ ਨਾਲ ਹੀ ਅੰਤਰ ਪ੍ਰਕਾਸ਼ਮਾਨ ਹੋ ਸਕਦਾ ਹੈ। ਮਨੁੱਖ ਆਤਮਕ ਤੌਰ ਤੇ ਉੱਚਾ ਉੱਠ ਸਕਦਾ ਹੈ। ਬਾਹਰੀ ਗਿਆਨ ਨਾਲੋਂ ਅੰਦਰੂਨੀ ਗਿਆਨ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਗੁਰੂ ਸਾਹਿਬ ਲਿਖਦੇ ਹਨ ਕਿ

> "ਗਿਆਨ ਨਾ ਗਲੀਈ ਢੂਡੀਐ ਕਥਨਾ ਕਰੜਾ ਸਾਰ ॥
> ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰ ॥"[1]

ਭਾਵ ਗਿਆਨ ਸਿਰਫ ਗੱਲਾਂ ਰਾਹੀਂ ਹੀ ਪ੍ਰਾਪਤ ਨਹੀਂ ਹੋ ਸਕਦਾ ਅਤੇ ਨਾ ਹੀ ਇਸ ਦਾ ਸਾਰ ਬਿਆਨ ਕੀਤਾ ਜਾ ਸਕਦਾ ਹੈ। ਜੇਕਰ ਉਸ ਸੱਚੇ ਪ੍ਰਭੂ ਦੀ ਮਹਿਰ ਹੋਵੇ ਤਾਂ ਇਸ ਦੀ ਪ੍ਰਾਪਤੀ ਹੁੰਦੀ ਹੈ। ਦੂਸਰੇ ਸਭ ਯਤਨ ਬੇਕਾਰ ਹਨ। ਗੁਰੂ ਨਾਨਕ ਜੀ ਨੇ ਜਾਤ ਪਾਤ ਦੇ ਭੇਦ ਦਾ ਖੰਡਨ ਕੀਤਾ ਅਤੇ ਆਪਣੇ ਆਪ ਨੂੰ ਨੀਚ ਕਹਿ ਕੇ ਨੀਵੀਆਂ ਜਾਤਾਂ ਨੂੰ ਸਮਾਜ ਵਿਚ ਉੱਚ ਸਥਾਨ ਦਿਵਾਉਣ ਦਾ ਯਤਨ ਕੀਤਾ।

> "ਕਹੁ ਨਾਨਕ ਹਮ ਨੀਚ ਕਰਮਾ,
> ਸਰਣਿ ਪਰੈ ਕੀ ਰਾਖਹੁ ਸਰਮਾ"

ਗੁਰੂ ਨਾਨਕ ਭਗਤੀ ਲਹਿਰ ਦੇ ਅਜਿਹੇ ਆਗੂ ਸਨ ਜਿੰਨ੍ਹਾਂ ਨੇ ਭਗਤੀ ਦੇ ਨਾਲ-ਨਾਲ ਸਮਕਾਲੀਨ ਸਥਿਤੀਆਂ ਨੂੰ ਭਾਂਪਦੇ ਹੋਏ ਇਸਤਰੀ ਜਾਤੀ ਦੀ ਦੁਰਦਸ਼ਾ ਨੂੰ ਸਮਝਦੇ ਹੋਏ ਇਸਤਰੀ ਨੂੰ ਸਨਮਾਨਿਤ ਸਥਾਨ ਦਿੱਤਾ।

> "ਸੋ ਕਿਉ ਮੰਦਾ ਆਖੀਐ
> ਜਿਤੁ ਜੰਮਹਿ ਰਾਜਾਨੁ॥"

ਅਤੇ ਇਸੇ ਤਰ੍ਹਾਂ ਹੀ ਜਾਲਮ ਅਤੇ ਜੁਲਮ ਦੇ ਖਿਲਾਫ਼ ਆਵਾਜ਼ ਉਠਾਈ। ਉਨ੍ਹਾਂ ਨੇ ਲੁਕਾਈ ਦਾ ਘਾਣ ਹੁੰਦਿਆਂ ਦੇਖ ਕੇ ਕਰਮ ਯੋਗੀ ਵਾਲਾ ਕਰਤੱਵ ਨਿਭਾਇਆ।

> "ਪਾਪ ਕੀ ਜੰਞ ਲੈ ਕਾਬਲਹੁ ਤੋਂ ਧਾਇਆ, ਜੋਗੀ ਮੰਗੈ ਦਾਨੁ ਵੇ ਲਾਲੋ॥
> ਸ਼ਰਮ ਧਰਮੁ ਦੁਇ ਛਪਿ ਖਲੋਏ, ਕੂੜੇ ਫਿਰੈ ਪਰਧਾਨੁ ਵੇ ਲਾਲੋ॥"
> ਕਾਜੀਆਂ ਬਾਹਮਣਾਂ ਕੀ ਗਲਿ ਥਕੀ, ਅਗਦੁ ਪੜੇ ਸ਼ੈਤਾਨ ਵੇ ਲਾਲੋ॥
> ਮੁਸਲਮਾਨੀਆ ਪੜਹਿ ਕਤੇਬਾ, ਕਸ਼ਟ ਮਹਿ ਕਰਹਿ ਖੁਦਾਇ ਵੇ ਲਾਲੋ॥
> ਖੂਨ ਕੇ ਸੁਹਿਲੇ ਗਾਵੀਅਹਿ ਨਾਨਕੁ, ਰਤੁ ਕਾ ਕੁੰਗੂ ਪਾਇ ਵੇ ਲਾਲੋ॥"

ਗੁਰੂ ਨਾਨਕ ਸਾਹਿਬ ਨੇ ਪੂਰਵ ਅਤੇ ਸਮਕਾਲੀਨ ਸੰਤ ਸੰਗੀਤਕਾਰਾਂ ਦੀ ਬਾਣੀ ਦਾ ਸੰਗ੍ਰਹਿ ਕੀਤਾ ਅਤੇ ਇਸੇ ਤਰ੍ਹਾਂ ਹੀ ਗੁਰੂ ਸਾਹਿਬ ਤੋਂ ਬਾਅਦ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਦਾ ਸੰਕਲਨ

---

[1] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 395.

ਕਰਕੇ 1604 ਈ: ਵਿਚ ਸਿੱਖਾਂ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ। ਦੱਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਇਆ। "ਸਿੱਖ ਗੁਰੂਆਂ ਤੋਂ ਇਲਾਵਾ ਇਸ ਵਿਚ ਬਹੁਤ ਸਾਰੇ ਪੂਰਵਕਾਲੀ ਅਤੇ ਸਮਕਾਲੀਨ ਹਿੰਦੂ ਭਗਤਾਂ, ਮੁਸਲਿਮ ਸੂਫ਼ੀਆਂ, ਭੱਟਾਂ ਆਦਿ ਦੀ ਬਾਣੀ ਤੇ ਸ਼ਬਦਾਂ ਨੂੰ ਵੀ ਥਾਂ ਦਿੱਤੀ ਗਈ ਹੈ।"[1]

ਸ੍ਰੀ ਗੁਰੂ ਗ੍ਰੰਥ ਸਾਹਿਬ ਕੁੱਲ ਸੰਸਾਰ ਦੇ ਧਰਮਾਂ ਦਾ ਸਾਝਾਂ ਧਰਮ ਹੈ ਜਿਸ ਵਿਚ ਮਾਨਵਤਾ ਨੂੰ ਹੀ ਵੱਡਾ ਧਰਮ ਮੰਨਿਆ ਗਿਆ ਹੈ।

### 3.3.2 ਮੁਸਲਿਮ ਸੰਸਕ੍ਰਿਤੀ ਦੀ ਭਗਤੀ ਲਹਿਰ

ਜਿਸ ਸਮੇਂ ਭਾਰਤ ਵਿਚ ਭਗਤੀ ਲਹਿਰ ਜਾਂ ਭਗਤੀ ਅੰਦੋਲਨ ਜ਼ੋਰ ਫੜ ਰਿਹਾ ਸੀ, ਉਸੇ ਸਮੇਂ ਉੱਤਰ ਭਾਰਤ ਵਿਚ ਮੁਸਲਮਾਨਾਂ ਦੇ ਹਮਲਿਆਂ ਦੇ ਕਾਰਨ ਅਸਾਂਤੀ, ਅਵਿਸ਼ਵਾਸ, ਸੰਘਰਸ਼ ਵਾਲਾ ਸਮਾਂ ਸੀ। ਇਹ ਸਮਾਂ ਧਾਰਿਮਕ ਕੱਟੜਵਾਦ ਤੇ ਪੱਖਪਾਤੀ ਸੁਲਤਾਨਾਂ ਦੇ ਇਕ ਪੁਰਖੀ ਰਾਜ ਪ੍ਰਬੰਧ ਦਾ ਸਮਾਂ ਸੀ ਜਿਸ ਵਿਚ ਗੈਰ ਮੁਸਲਿਮ ਲੋਕਾਂ ਦਾ ਜੀਣਾ ਦੁੱਭਰ ਹੋ ਚੁੱਕਾ ਸੀ। ਮੁਸਲਮਾਨਾਂ ਦੇ ਸ਼ਾਸਨ ਵਿਚ ਹਿੰਦੂ ਸਮਾਜ ਦੀ ਹਾਰ ਅਤੇ ਨਿਰਾਸ਼ਾ ਨੇ ਜਨਤਾ ਦਾ ਗੌਰਵ ਅਤੇ ਉਤਸ਼ਾਹ ਖਤਮ ਕਰ ਦਿੱਤਾ। ਹਿੰਦੂ ਜਨਤਾ ਦੇ ਦਿਲਾਂ ਵਿਚ ਉਦਾਸੀ ਛਾ ਗਈ। ਮੁਸਲਮਾਨ ਸ਼ਾਸਕਾਂ ਨੇ ਆਪਣਾ ਰਾਜ ਸਥਾਪਿਤ ਕਰਨ ਦੇ ਨਾਲ-ਨਾਲ ਇਸਲਾਮ ਧਰਮ ਦਾ ਪ੍ਰਚਾਰ ਵੀ ਬੜੇ ਜੋਸ਼ ਨਾਲ ਸ਼ੁਰੂ ਕੀਤਾ। ਮੁਸਲਿਮ ਰਾਜ ਵਿਚ ਭਾਰਤੀਆਂ ਨੂੰ ਇਸਲਾਮ ਕਬੂਲ ਕਰਵਾਉਣ ਲਈ ਹਰ ਤਰ੍ਹਾਂ ਦੇ ਤਰੀਕੇ ਅਪਣਾਏ ਗਏ। ਭਾਰਤੀਆਂ ਨੂੰ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਅਤੇ ਇਸਲਾਮ ਕਬੂਲ ਨਾ ਕਰਨ ਦੀ ਸੂਰਤ ਵਿਚ ਮੌਤ ਹੀ ਮਿਲਦੀ। ਮੁਸਲਿਮ ਰਾਜ ਵਿਚ ਜਜ਼ੀਆ ਕਰ ਇਕ ਅਜਿਹਾ ਭਾਰਾ ਕਰ ਸੀ ਜੋ ਕਿ ਬਹੁਤ ਕਠੋਰ ਤਰੀਕੇ ਨਾਲ ਵਸੂਲਿਆ ਜਾਂਦਾ ਸੀ। ਇਹ ਕਰ ਆਮ ਜਨਤਾ ਅਦਾ ਕਰਨ ਦੀ ਹੈਸੀਅਤ ਨਹੀਂ ਰੱਖਦੀ ਸੀ। ਅਜਿਹੀ ਸੂਰਤ ਵਿਚ ਮਜ਼ਬੂਰੀ ਵਸ ਜਾਂ ਤਾਂ ਗਰੀਬ ਹਿੰਦੂ ਜਨਤਾ ਇਸਲਾਮ ਕਬੂਲ ਕਰ ਲੈਂਦੀ ਸੀ ਜਾ ਫਿਰ ਉਹਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ।

ਮੁਸਲਿਮ ਰਾਜਿਆਂ ਨੇ ਭਾਰਤ ਉੱਤੇ ਰਾਜ ਸਥਾਪਿਤ ਕਰਨ ਦੇ ਨਾਲ-ਨਾਲ ਆਪਣੇ ਧਰਮ ਦਾ ਪ੍ਰਚਾਰ ਵੀ ਬੜੀ ਕੱਟੜਤਾ ਦੇ ਨਾਲ ਕੀਤਾ। ਜਿਸ ਦੇ ਸਿੱਟੇ ਵਜੋਂ ਆਮ ਜਨਤਾ ਵੱਲੋਂ ਵਿਰੋਧ ਦੀ ਲਹਿਰ ਚੱਲੀ। ਪਰੰਤੂ ਇਸਲਾਮ ਧਰਮ ਦੀ ਇਸ ਕੱਟੜਤਾ ਨੂੰ ਦੂਰ ਕਰਨ ਅਤੇ ਇਸਲਾਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਮੁਸਲਮਾਨ ਸੂਫ਼ੀਆਂ ਦੀ ਭੂਮਿਕਾ ਅਹਿਮ ਰਹੀ। ਮੁਸਲਮਾਨ ਸੂਫ਼ੀਆਂ ਨੇ ਹਿਰਦੇ-ਸਪਰਸ਼ੀ ਕਥਾਵਾਂ ਅਤੇ ਪ੍ਰੇਮ ਭਰੇ ਸੰਦੇਸ਼ਾਂ ਰਾਹੀਂ ਆਪਣੇ ਇਸਲਾਮਿਕ ਸਿਧਾਂਤਾਂ ਨੂੰ ਜਨਤਾ ਸਾਹਮਣੇ ਪੇਸ਼ ਕੀਤਾ। ਨੀਂਵੀਂ ਜਾਤੀਆਂ ਦੇ ਹਿੰਦੂ ਵਰਗ ਭਾਵ ਸ਼ੂਦਰ ਅਤੇ ਨੀਚ ਜਾਤਾਂ ਜਿਹਨਾਂ ਨੂੰ ਵਿਦਿਆ ਪੜ੍ਹਨ ਤੇ ਵੇਦ ਪੜ੍ਹਨ ਸੁਣਨ ਦਾ ਹੁਕਮ ਨਹੀਂ ਸੀ, "ਉਨ੍ਹਾਂ ਦੇ ਖੂਹ ਅਲੱਗ ਸਨ, ਉਨ੍ਹਾਂ ਦੇ ਮੁਹੱਲੇ ਅਲੱਗ ਸਨ, ਹਿੰਦੂ ਧਰਮ ਦੀਆਂ ਸੀਮਾਵਾਂ ਤੋਂ ਉਨ੍ਹਾਂ ਨੂੰ ਕਿਤੇ ਮੁਕਤੀ ਦਿਖਾਈ ਨਹੀਂ ਦੇ ਰਹੀ ਸੀ। ਇਸਲਾਮ ਦੇ ਦਰਵਾਜੇ ਦੇ ਅੰਤਰ ਉਨ੍ਹਾਂ

---

[1] ਗੁਰਨਾਮ ਸਿੰਘ (ਡਾ.). ਗੁਰਮਤਿ ਸੰਗੀਤ : ਵਿਭਿੰਨ ਪਰਿਪੇਖ, ਪੰਨਾ 346.

ਨੂੰ ਆਪਣੇ ਦੁਰਭਾਗਾਂ ਤੋਂ ਮੁਕਤੀ ਮਿਲਦੀ ਨਜ਼ਰ ਆ ਰਹੀ ਸੀ। ਉਨ੍ਹਾਂ ਨੇ ਇਹਨਾਂ ਸੂਫ਼ੀਆਂ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਇਸਲਾਮ ਧਰਮ ਕਬੂਲ ਕੀਤਾ। ਸੰਤ ਪ੍ਰਵਿਰਤੀ ਦੇ ਸੂਫ਼ੀ ਫਕੀਰ ਜਾਤ-ਪਾਤ ਤੋਂ ਉਪਰ ਉਠ ਚੁੱਕੇ ਹੁੰਦੇ ਹਨ। ਕਬੀਰ ਜੀ ਫਰਮਾਉਂਦੇ ਹਨ -

"ਜਾਤ ਨਾ ਪੁਛੋ ਸਾਧ ਕੀ, ਪੂਛ ਲੀਜੀਏ ਗਿਆਨ,
ਮੋਲ ਕਰੋ ਤਲਵਾਰ ਕਾ, ਪੜਾ ਰਹਿਣ ਦਉ ਮਿਆਨ।

ਭਾਵ ਕਿ ਸੰਤ ਚਾਹੇ ਕਿਸੇ ਵੀ ਜਾਤ-ਪਾਤ ਜਾਂ ਧਰਮ ਨਾਲ ਸੰਬੰਧ ਰੱਖਦਾ ਹੋਵੇ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ। ਬਾਹਰੀ ਦਿਖਾਵੇ, ਜਾਤ-ਪਾਤ, ਰੰਗ, ਨਸਲ, ਭੇਦ ਕੋਈ ਮਾਇਨੇ ਨਹੀਂ ਰੱਖਦੇ, ਆਤਮਾ ਸ਼ੁੱਧ ਅਤੇ ਪਾਕਿ ਹੋਣੀ ਚਾਹੀਦੀ ਹੈ। ਮਨੁੱਖ ਦੀ ਰੂਹ ਪਰਵਰਦਿਗਾਰ ਨਾਲ ਇਕਸੁਰ ਹੋਣੀ ਚਾਹੀਦੀ ਹੈ।

"ਸੂਫ਼ੀ ਮਤ ਦੇ ਸੰਤਾਂ ਦੀ ਵਿਚਾਰਧਾਰਾ ਨੂੰ ਹੀ ਨਹੀਂ ਬਲਕਿ ਭਾਵ ਪ੍ਰਦਰਸ਼ਨ ਦੇ ਵੇਗ ਨੂੰ ਵੀ ਪ੍ਰਭਾਵਿਤ ਕੀਤਾ। ਸੰਤ ਮਤ ਨੇ ਦੇਸ਼ ਵਿਚ ਫੈਲੀ ਅਰਾਜਕਤਾ ਨੂੰ ਖਤਮ ਕਰਕੇ ਧਾਰਿਮਕ ਕੱਟੜਤਾ ਦੀ ਥਾਂ ਪ੍ਰੇਮ, ਮਧੁਰਤਾ ਅਤੇ ਏਕਤਾ ਦੀ ਭਾਵਨਾ ਦਾ ਪ੍ਰਚਾਰ ਕੀਤਾ ਅਤੇ ਧਾਰਿਮਕ ਸੰਸਕ੍ਰਿਤਕ ਖੇਤਰ ਵਿਚ ਰੂੜੀਆਂ ਅਤੇ ਕਟੜਤਾ ਦੀ ਖੁੱਲੇ ਸ਼ਬਦਾਂ ਵਿਚ ਆਲੋਚਨਾ ਕੀਤੀ ਅਤੇ ਪੁਰਾਣਾਂ ਆਦਿ ਨੂੰ ਮਹੱਤਵਹੀਣ ਪ੍ਰਮਾਣਿਤ ਕਰ ਦਿੱਤਾ।"[1]

ਮੁਸਲਿਮ ਸੰਸਕ੍ਰਿਤ ਦੀ ਭਗਤੀ ਲਹਿਰ ਵਿਚ ਸੂਫ਼ੀ ਸੰਤਾਂ ਦੀ ਅਹਿਮ ਭੂਮਿਕਾ ਰਹੀ ਹੈ। ਇਸਲਾਮ ਦੇ ਪ੍ਰਭਾਵ ਕਾਰਨ ਸੂਫ਼ੀਆਂ ਦੀ ਇਹ ਲਹਿਰ ਇਕੀਸ਼ਰਵਾਦ ਤੋਂ ਪ੍ਰਭਾਵਿਤ ਰਹੀ। 'ਇਕ ਬ੍ਰਹਮ' ਦੇ ਵਿਸ਼ਵਾਸ ਨੂੰ ਭਾਵੇਂ ਉਪਨਿਸ਼ਦਾ ਨੇ ਵੀ ਦਿੱਤਾ ਹੈ, ਪਰ ਭਾਰਤੀਆਂ ਵਿਚ ਏਕਤਾ ਦਾ ਵਿਸ਼ਵਾਸ ਖੰਡਿਤ ਹੋ ਚੁੱਕਾ ਸੀ। ਇਸਲਾਮੀ ਵਿਚਾਰਧਾਰਾ ਨੇ ਇਸਨੂੰ ਪੁਨਰ ਜਾਗ੍ਰਿਤ ਕੀਤਾ। ਸੂਫ਼ੀਆਂ ਨੇ ਊਚ-ਨੀਚ, ਜਾਤ-ਪਾਤ ਆਦਿ ਕੁਰਤੀਆਂ ਦੀ ਵਿਰੋਧਤਾ ਕੀਤੀ। ਜਿਸ ਕਾ ਅਨੁਮਾਨ ਇਹਨਾਂ ਪੰਕਤੀਆਂ ਤੋਂ ਲਗਾਇਆ ਜਾ ਸਕਦਾ ਹੈ।

"ਜਾਤਿ ਪਾਤਿ-ਪੁਛੈ ਨਹੀਂ ਕੋਇ,
ਹਰਿ ਕੋ ਭਜੈ ਸੋ ਹਰਿ ਕਾ ਹੋਇ।"

ਸੂਫ਼ੀ ਮਤ ਲਹਿਰ ਬੇਸ਼ਕ ਵਿਦੇਸ਼ੀ ਭਗਤੀ ਲਹਿਰ ਸੀ ਪਰੰਤੂ ਸੂਫ਼ੀਆਂ ਦੀ ਉਦਾਰਤਾ, ਸਹਿਜਤਾ ਨੇ ਭਾਰਤੀਆਂ ਦੇ ਦਿਲਾਂ ਤੇ ਡੂੰਘੀ ਛਾਪ ਛੱਡੀ। "ਬੇਸ਼ਿਕ ਸੂਫ਼ੀ ਸਾਹਿਤਧਾਰਾ ਇਕ ਵਿਦੇਸ਼ੀ ਧਾਰਾ ਹੈ, ਪਰੰਤੂ ਇਸ ਦੀ ਮਹੱਤਤਾ ਇਸ ਵਿਚ ਹੈ ਕਿ ਇਸ ਵਿਚ ਇੱਥੋਂ ਦੀ ਭੁੰਇ ਦੀ ਸੁਗੰਧੀ ਅਤੇ ਆਂਚਲਿਕਤਾ ਦੇ ਵਿਸ਼ੇਸ਼ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ। ਕਾਰਨ ਇਹ ਹੈ ਕਿ ਸੂਫ਼ੀਮਤ ਵਿਦੇਸ਼ੀ ਤੇ ਵਿਜਾਤੀ ਹੁੰਦਾ ਹੋਇਆ ਵੀ ਭਾਰਤੀ ਧਾਰਮਿਕ ਜੀਵਨ ਦਾ ਵਿਸ਼ੇਸ਼ ਅੰਗ ਬਣ ਗਿਆ।"[2]

ਸੂਫ਼ੀਆਂ ਨੇ ਇਸਲਾਮ ਦੀਆਂ ਧਾਰਮਿਕ ਜੜ੍ਹਾਂ ਨੂੰ ਭਾਰਤ ਵਿਚ ਲਗਾਉਣ ਵਿਚ ਬਹੁਤ ਸਹਾਇਤਾ ਕੀਤੀ। ਸੂਫ਼ੀਆਂ ਦੇ ਹਿਰਦੇ ਦੀ ਪਵਿੱਤਰਤਾ, ਸਹਾਨੁਭੂਤੀ, ਪਾਰਸਪਰਿਕ ਪ੍ਰੇਮ, ਈਸ਼ਵਰ ਲਈ ਸ਼ਰਧਾ ਅਤੇ

---

[1] ਕਮਲਜੀਤ ਕੌਰ, ਰਾਗ ਮਾਲਾ ਸੰਗੀਤ ਵਿਗਿਆਨਕ ਵਿਸ਼ਲੇਸ਼ਣ (ਗੁਰਮਤਿ ਸੰਗੀਤ ਦੇ ਸੰਦਰਭ ਵਿਚ ਖੋਜ ਪ੍ਰਬੰਧ), ਪੰਨਾ 122.
[2] ਦਵਿੰਦਰ ਸਿੰਘ, ਪੰਜਾਬੀ ਸੂਫ਼ੀ ਸਾਹਿਤ ਅਧਿਐਨ, ਪੰਨਾ 25.

ਵਿਸ਼ਵ ਭਾਈਚਾਰੇ ਦੀ ਭਾਵਨਾ ਭਰਭੂਰ ਸੀ। ਭਗਤੀ ਲਹਿਰ ਦੇ ਸੂਫ਼ੀ ਫ਼ਕੀਰਾਂ ਨੇ ਮਨੁੱਖਤਾ ਦੀ ਭਾਵਨਾ ਨੂੰ ਮੁੱਖ ਰੱਖਦੇ ਹੋਏ ਅੰਧਵਿਸ਼ਵਾਸ, ਰਸਮਾਂ ਰਿਵਾਜਾਂ ਦੀ ਪ੍ਰਵਾਹ ਕੀਤੇ ਬਿਨ੍ਹਾਂ ਲੋਕਾਂ ਵਿਚ ਡਰ ਭੈਅ ਨੂੰ ਦੂਰ ਕਰਦੇ ਹੋਏ ਮਨੁੱਖਤਾ ਦੀ ਭਾਵਨਾ ਨੂੰ ਜਗਾਇਆ। ਕਬੀਰ ਜੀ ਨੇ ਬ੍ਰਾਹਮਣਾਂ ਅਤੇ ਕੱਟੜ ਮੁਲਾਣਿਆਂ ਦੇ ਕਰਮ ਕਾਂਡਾ ਦੀ ਆਲੋਚਨਾ ਕੀਤੀ ਅਤੇ ਉਹਨਾਂ ਦਾ ਡੱਟ ਕੇ ਵਿਰੋਧ ਕੀਤਾ।

"ਹਮਰਾ ਝਗਰਾ ਰਹਾ ਨ ਕੋਊ
ਪੰਡਿਤ ਮੁਲਾਂ ਛਾਡੇ ਦੋਊ
ਪੰਡਿਤ ਮੁਲਾਂ ਜੋ ਲਿਖਿ ਦੀਆ
ਛਾਡਿ ਚਲੇ ਹਮ ਕਛੂ ਨਾ ਲੀਆ" (ਭੈਰਉ ਕਬੀਰ) 1158

ਕਰਮਕਾਂਡਾ ਦੀ ਨਿਖੇਧੀ ਵਿਚ ਕਬੀਰ ਜੀ ਪਿਤਰ ਪੂਜਾ ਦੀ ਕ੍ਰਿਆ ਦਾ ਵੀ ਵਿਰੋਧ ਕਰਦੇ ਹੋਏ ਲਿਖਦੇ ਹਨ:

"ਜੀਵਤ ਪਿਤਰ ਨਾ ਮਾਨੈ ਕੋਊ ਮੂਏ ਸਿਰਾਧ ਕਰਾਹੀ।
ਪਿਤਰ ਭੀ ਬਪੁਰੇ ਕਹੁ ਕਿਉ, ਪਾਵਹਿ ਕਊਆ ਕੂਕਰ ਖਾਹੀ"

(ਗਉੜੀ ਬੈਰਾਗਣ) 331

ਸੂਫ਼ੀ ਫ਼ਕੀਰਾਂ ਨੇ ਹਿੰਦੂ ਅਤੇ ਮੁਸਲਿਮ ਪੁਜਾਰੀ ਸ਼੍ਰੇਣੀ ਦੇ ਕਰਮਕਾਂਡਾ, ਮੂਰਤੀ ਪੂਜਾ ਆਦਿ ਨੂੰ ਤਿਆਗਦੇ ਹੋਏ ਕਿਰਤੀ ਭਗਤੀ ਨੂੰ ਤਰਜ਼ੀਹ ਦਿੱਤੀ। ਇਹ ਭਗਤ ਕਿਰਤੀ ਸਨ। ਕਿਰਤ ਤਿਆਗ ਕੇ ਭਗਤੀ ਨਹੀਂ ਸਨ ਕਰਨਾ ਚਾਹੁੰਦੇ ਸਗੋਂ ਕਿਰਤ ਕਰਦਿਆਂ ਨਾਮ ਸਿਮਰਨ ਦੇ ਸਮਰਥਕ ਸਨ।

"ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ।
ਹਾਥ ਪਉ ਕਹਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।"

(ਗੁਰੂ ਗ੍ਰੰਥ ਸਾਹਿਬ) 1376

ਸੂਫ਼ੀ ਆਪਣੀ ਕਥਨੀ ਅਤੇ ਕਰਨੀ ਦੇ ਪੱਕੇ ਹੁੰਦੇ ਹਨ ਉਹ ਲੋਕ ਦਖਾਵਿਆਂ ਤੋਂ ਬਹੁਤ ਦੂਰ ਰਹਿੰਦੇ ਹਨ।

ਅਕਬਰ ਦੇ ਯੁੱਗ ਨੂੰ ਭਾਰਤੀ ਸੰਸਕ੍ਰਿਤੀ ਅਤੇ ਸੰਗੀਤ ਦੀ ਦ੍ਰਿਸ਼ਟੀ ਤੋਂ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ। ਅਕਬਰ ਅਤਿਅੰਤ ਉਦਾਰ ਸਮਰਾਟ ਸਨ। ਅਕਬਰ ਦੇ ਕਾਲ ਵਿਚ ਸੰਗੀਤ ਅਤੇ ਹੋਰ ਲਲਿਤ ਕਲਾਵਾਂ ਦੇ ਵਿਕਾਸ ਦਾ ਯੁੱਗ ਸੀ। "ਅਕਬਰ ਕੇ ਸ਼ਾਸਨ ਕਾਲ ਮੇਂ ਹੀ ਰਮਾਇਣ ਔਰ ਮਹਾਂਭਾਰਤ ਕਾ ਫਾਰਸੀ ਅਨੁਵਾਦ ਕੀਆ ਗਯਾ ਥਾ ਜਿਸਮੇਂ ਕਿ ਰਾਜਾ ਨਲ ਔਰ ਦਮਅੰਤੀ ਕੀ ਪ੍ਰਸਿੱਧ ਕਹਾਨੀ ਥੀ।"[1]

ਅਕਬਰ ਨੇ ਸੁਲਹ-ਕੁਲ ਦੇ ਸਿਧਾਂਤ ਤੇ ਚਲਦੇ ਹੋਏ ਹਰ ਧਰਮ ਦੇ ਚੰਗੇ ਗੁਣਾਂ ਨੂੰ ਆਤਮਸਾਤ ਕੀਤਾ। ਅਕਬਰ ਦੇ ਸ਼ਾਸਨ ਕਾਲ ਵਿਚ ਹਿੰਦੂ-ਮੁਸਲਿਮ ਏਕਤਾ, ਰਾਸ਼ਟਰੀ ਏਕਤਾ, ਸਮਾਜਿਕ ਸਮਾਨਤਾ ਅਤੇ ਮਾਨਵਤਾ ਦੇ ਪ੍ਰਤੀ ਉਦਾਰ ਨੀਤੀ ਉਲੇਖਨੀਏ ਹੈ। "ਅਕਬਰ ਦੁਆਰਾ ਧਾਰਿਮਕ ਵਾਤਾਵਰਣ ਤਿਆਰ ਕੀਆ ਗਿਆ ਜਿਸਮੇਂ ਭਗਵਤ ਧਰਮ (ਵੈਸ਼ਣਵ ਧਰਮ) ਕੋ ਪੂਰਵ ਫਲਨੇ ਫੂਲਨੇ ਕਾ ਅਵਸਰ ਪ੍ਰਾਪਤ

---

[1] ਕੁੰਵਰਪਾਲ ਸਿੰਘ, ਭਕਤੀ ਅੰਦੋਲਨ : ਇਤਿਹਸ ਔਰ ਸੰਸਕ੍ਰਿਤੀ, ਪੰਨਾ 18.

ਹੂਆ। ਸ਼ਤਾਬਦੀਓ ਕੇ ਬਾਅਦ ਹਿੰਦੂਓ ਕੋ ਮੰਦਿਰੋਂ ਮੇਂ ਜਾਕਰ ਪੂਜਾ ਕਰਨੇ ਕਾ ਅਵਸਰ ਪ੍ਰਾਪਤ ਹੋਨੇ ਲਗਾ। ਹਿੰਦੂ ਅਪਨੀ ਇੱਛਾ ਅਨੁਸਾਰ ਕਿਸੀ ਭੀ ਸਥਾਨ ਪਰ ਭਕਤੀ ਗੀਤ ਗਾ ਸਕਤੇ ਥੇ।"[1]

ਅਕਬਰ ਨੇ ਭਾਰਤ ਦੀ ਧਰਤੀ ਨੂੰ ਦੇਵ ਭੂਮੀ ਮੰਨਦੇ ਹੋਏ ਭਾਰਤੀ ਸੰਸਕ੍ਰਿਤੀ ਅਤੇ ਕਲਾਵਾਂ ਦੀ ਰੱਖਿਆ ਕੀਤੀ। ਅਕਬਰ ਦਾ ਸੂਫ਼ੀਆਂ ਨਾਲ ਮੇਲ ਮਿਲਾਪ, ਹਿੰਦੂ ਰਾਣੀਆਂ ਨਾਲ ਮੇਲ-ਜੋਲ ਇਸ ਗੱਲ ਦਾ ਪ੍ਰਮਾਣ ਹੈ ਕਿ ਅਕਬਰ ਹਿੰਦੂ ਮੁਸਲਿਮ ਏਕਤਾ, ਸਮਾਨਤਾਵਾਦ ਦੀ ਹਾਮੀ ਭਰਦਾ ਸੀ। ਇਸ ਸਮੇਂ ਵਿਚ ਸੰਗੀਤ ਭਗਤੀ ਅੰਦੋਲਨ ਦਾ ਅਭਿੰਨ ਅੰਗ ਬਣ ਗਿਆ। ਧਾਰਮਿਕ ਅੰਦੋਲਨ ਵਿਚ ਸੰਗੀਤ ਨੇ ਰੀੜ ਦੀ ਹੱਡੀ ਦਾ ਕੰਮ ਕੀਤਾ। ਸੰਤਾਂ, ਸੂਫ਼ੀਆਂ, ਫ਼ਕੀਰਾਂ ਨੇ ਈਸ਼ਵਰ ਭਗਤੀ ਲਈ ਭਜਨ ਕੀਰਤਨ ਨੂੰ ਆਧਾਰ ਬਣਾਇਆ। ਭਗਤੀ ਲਈ ਭਜਨ ਕੀਰਤਨ ਲਈ ਧਰੁਪਦ ਗਾਇਕੀ ਹੀ ਜਿਆਦਾ ਪ੍ਰਚਾਰ ਵਿਚ ਸੀ ਪ੍ਰੰਤੂ ਮੁਸਲਮਾਨ ਸ਼ਾਸਨ ਦੇ ਕਾਰਨ ਕੱਵਾਲੀ, ਗ਼ਜ਼ਲ ਆਦਿ ਗਾਇਕੀ ਜੋ ਕਿ ਮੂਲ ਰੂਪ ਵਿਚ ਸੂਫ਼ੀ ਸੰਤਾਂ ਦੀ ਗਾਇਕੀ ਸੀ ਜਿਆਦਾ ਪ੍ਰਚਾਰ ਵਿਚ ਆਈ। ਇਹ ਆਮ ਸੁਣਣ ਵਿਚ ਜਾ ਪੜ੍ਹਨ ਵਿਚ ਆਉਂਦਾ ਹੈ ਕਿ ਇਸਲਾਮ ਵਿਚ ਸੰਗੀਤ ਦੀ ਮਨਾਹੀ ਹੈ ਜਾਂ ਸੰਗੀਤ ਨੂੰ ਮੁਸਲਿਮ ਸਮਾਜ ਵਿਚ ਵਰਜਿਤ ਮੰਨਿਆ ਜਾਂਦਾ ਹੈ ਪਰ ਇਸਲਾਮ ਵਿਚ ਅਧਿਆਤਮਿਕ ਅਤੇ ਸਮਾਜਿਕ ਕਲਿਆਣ ਦੀ ਦ੍ਰਿਸ਼ਟੀ ਤੋਂ ਸੰਗੀਤ ਦੀ ਕਦੇ ਵੀ ਮਨਾਹੀ ਨਹੀਂ ਸੀ। ਸੰਗੀਤ ਦਾ ਵਿਰੋਧ ਸਿਰਫ਼ ਸੰਸਾਰਿਕ ਰੰਜਨ ਤੋਂ ਸੀ ਉਹ ਵੀ ਉਸ ਸਥਿਤੀ ਵਿਚ ਕੀਤਾ ਜਾਂਦਾ ਹੈ ਜਿਹੜੀ ਕਿ ਮਨੁੱਖ ਨੂੰ ਅਧਿਆਤਮਿਕਤਾ ਦੇ ਰਸਤੇ ਤੋਂ ਦੂਰ ਲੈ ਜਾਵੇ ਜਾਂ ਜਿਹੜਾ ਸੰਗੀਤ ਅਸ਼ਲੀਲਤਾ ਵੱਲ ਲੈ ਜਾਵੇ ਦੀ ਮਨਾਹੀ ਸੀ। ਸੂਫ਼ੀਆਂ ਨੇ ਤਾਂ ਸੰਗੀਤ ਦੇ ਮਾਧਿਅਮ ਰਾਹੀਂ ਹੀ ਮਨ ਨੂੰ ਇਕਾਗਰ ਕਰਕੇ ਅਧਿਆਤਮਿਕ ਜਗਤ ਵਿਚ ਪ੍ਰਵੇਸ਼ ਕੀਤਾ ਹੈ। ਸੰਗੀਤ ਦੀ ਸਰਲਤਾ ਅਤੇ ਸਹਿਜਤਾ ਦੇ ਕਾਰਨ ਹੀ ਸੂਫ਼ੀਆਂ ਨੇ ਆਪਣੇ ਵਿਚਾਰਾਂ ਨੂੰ ਆਮ ਜਨਤਾ ਵਿਚ ਬਹੁਤ ਜਲਦੀ ਫੈਲਾ ਦਿੱਤਾ। ਅਧਿਆਤਮਿਕਵਾਦ ਵਿਚ ਆਨੰਦ ਦੀ ਉਪਲੱਬਧੀ ਦਾ ਮੂਲ ਸੰਗੀਤ ਹੀ ਹੈ। ਸੰਗੀਤ ਅਤੇ ਭਗਤੀ ਇਕ ਦੂਜੇ ਦੇ ਸਮਕਾਲੀ ਹਨ। "ਭਕਤੀ ਤਥਾ ਸੰਗੀਤ ਪਰਸਪਰ ਏਕ-ਦੂਸਰੇ ਕੇ ਪੂਰਕ ਹੈ। ਭਕਤੀ ਦੁਆਰਾ ਭਕਤ ਕਾ ਚਿਤ ਆਤਮਸਾਂਤੀ ਪ੍ਰਾਪਤ ਕਰਤਾ ਹੈ। ਪਰੰਤੂ ਉਸਮੇਂ ਸਥਿਰਤਾ ਸੰਗੀਤ ਕੇ ਮਾਧਿਅਮ ਸੇ ਆਤੀ ਹੈ ਕਿਉਂਕਿ ਸੰਗੀਤ ਕੇ ਸਵਰੋਂ ਮੇਂ ਨਿਹਿਤ ਗਤਿ ਏਵਮ ਲੈਅ ਹਿਰਦੇ ਕੋ ਗੰਭੀਰ ਬਨਾਨੇ ਮੇਂ ਸਹਾਇਤਾ ਦੇਤੀ ਹੈ।"[2]

ਸੂਫ਼ੀ ਸੰਤਾਂ ਨੇ ਸੰਗੀਤਮਈ ਨਾਦ ਦੀ ਸ਼ਕਤੀ ਦੀ ਗਹਿਰਾਈ ਨੂੰ ਜਾਂਚਦੇ ਹੋਏ ਆਪਣੇ ਕਲਾਮ ਨੂੰ ਲੈਅ ਅਤੇ ਸਵਰਾਂ ਨਾਲ ਸੰਜੋਇਆ। ਨਾਦ ਦੀ ਅਸੀਮ ਸ਼ਕਤੀ ਨਾਲ ਹੀ ਸੂਫ਼ੀਆਂ ਨੇ ਆਤਮਾ ਅਤੇ ਪ੍ਰਮਾਤਮਾ ਦੇ ਮਿਲਾਪ ਦਾ ਮਾਰਗ ਲੱਭਿਆ। ਪਰਮਾਤਮਾ ਨਾਲ ਇਕਸੁਰਤਾ ਸਥਾਪਿਤ ਕਰਨ ਲਈ ਮਨ ਦੀ ਸੰਪੂਰਨ ਇਕਾਗਰਤਾ ਦਾ ਹੋਣਾ ਅਤਿ ਆਵਸਕ ਹੈ। ਕਈ ਸੰਤਾਂ ਭਗਤਾਂ ਨੇ ਯੋਗ ਸਾਧਨਾ ਦੁਆਰਾ ਮਨ ਨੂੰ ਪ੍ਰਮੇਸ਼ਵਰ ਨਾਲ ਜੋੜਨ ਦਾ ਯਤਨ ਕੀਤਾ। ਯੋਗ ਸਾਧਨਾ ਲਈ ਉਹਨਾਂ ਨੂੰ ਘਰ ਬਾਹਰ ਤਿਆਗ ਕੇ ਇਕਾਂਤ ਦੀ ਜ਼ਰੂਰਤ ਹੁੰਦੀ ਹੈ ਪਰੰਤੂ ਸੰਗੀਤ ਇਕ ਅਜਿਹਾ ਸਰਲ, ਸੁਗਮ ਅਤੇ ਪ੍ਰਭਾਵਸ਼ਾਲੀ ਮਾਰਗ ਸੀ ਜਿਸ

---

[1] ਪ੍ਰਤਾਪ, ਰਾਗਿਨੀ (ਡਾ.), ਸੂਰ ਮੀਰਾ ਏਵਮ ਸਵਾਮੀ ਹਰੀਦਾਸ ਕੀ ਭਕਤੀ ਸਾਧਨਾ ਮੇਂ ਸੰਗੀਤ ਕਾ ਯੋਗਦਾਨ, ਪੰਨਾ 16.

[2] ਸਕਸੇਨਾ, ਰਾਕੇਸ਼ ਬਾਲਾ (ਡਾ.), ਮੱਧਅਯੁਸੀਨ ਵੈਸ਼ਣਵ ਸੰਪ੍ਰਦਾਇ ਮੇਂ ਸੰਗੀਤ, ਪੰਨਾ 144.

ਰਾਹੀਂ ਮਨ ਦੀ ਇਕਾਗਰਤਾ ਹਾਸਿਲ ਕੀਤੀ ਜਾ ਸਕਦੀ ਹੈ। ਸੂਫ਼ੀਆਂ ਵਿਚ ਆਪਣੇ ਇਸ਼ਟ ਦੇ ਮਿਲਾਪ ਦੀ ਗਹਿਰੀ ਤੜਪ ਸੀ। ਆਪਣੇ ਮੁਰਸ਼ਦ ਦੇ ਮਿਲਨ ਦੀ ਵਿਆਕੁਲਤਾ ਅਤੇ ਮਨੋਭਾਵਾਂ ਨੂੰ ਵਿਅਕਤ ਕਰਨ ਦੇ ਲਈ ਸੂਫ਼ੀਆਂ ਨੇ ਸੰਗੀਤ ਦੇ ਸਵਰਾਂ ਰਾਹੀਂ ਆਪਣੇ ਮਨੋਭਾਵਾਂ ਨੂੰ ਮੁਰਸ਼ਦ ਅੱਗੇ ਪ੍ਰਗਟ ਕੀਤਾ। ਸੂਫ਼ੀਆਂ ਦੀ ਦ੍ਰਿਸ਼ਟੀ ਵਿਚ ਈਸ਼ਵਰ ਨਾਲ ਇਕਸੁਰਤਾ ਅਤੇ ਸਮਾਧੀ ਦੀ ਸੁਗਮਤਾ ਦੇ ਲਈ ਸੰਗੀਤ ਜ਼ਾਇਜ਼ ਹੀ ਨਹੀਂ ਬਲਕਿ ਜ਼ਰੂਰੀ ਹੈ। ਸੂਫ਼ੀਆਂ ਦੀ ਚਿਸ਼ਤੀ ਪਰੰਪਰਾ ਜੋ ਕਿ ਸਭ ਤੋਂ ਪਹਿਲੀ ਪਰੰਪਰਾ ਹੈ ਜਿਸ ਵਿਚ ਸੰਗੀਤ ਦਾ ਪ੍ਰਯੋਗ ਕੀਤਾ ਗਿਆ ਹੈ ਦੇ ਕਾਜ਼ੀ ਸਨਾਉਲਾਹ ਨੇ ਆਪਣੀ ਪੁਸਤਕ 'ਰਿਸਾਲ : ਸਮਾਅ ਵ ਮਜ਼ਾਮੀਰ' ਵਿਚ ਲਿਖਿਆ ਹੈ ਕਿ ਅਧਿਆਤਮਿਕ ਖੇਤਰ ਵਿਚ ਸੰਗੀਤ ਦੀ ਮਨਾਹੀ ਨਹੀਂ ਹੈ ਪਰੰਤੂ ਉਸ ਲਈ ਕੁਝ ਸ਼ਰਤਾਂ ਹਨ ਜਿਵੇਂ ਕਿ ਗਾਇਨ ਦਾ ਵਿਸ਼ਾ ਅਧਿਆਤਮਿਕ ਪ੍ਰਸ਼ਟ ਭੂਮੀ ਵਾਲਾ ਹੋਣਾ ਚਾਹੀਦਾ ਹੈ। ਇਸ ਵਿਚ ਇਸਲਾਮ ਦੇ ਵਿਰੁੱਧ ਜਾਂ ਕਿਸੇ ਵੀ ਜੀਵਤ ਨਰ-ਨਾਰੀ ਦੀ ਸੁੰਦਰਤਾ ਦੀ ਚਰਚਾ ਨਹੀਂ ਹੋਣੀ ਚਾਹੀਦੀ। ਗਾਇਨ ਦਾ ਸਮਾਂ ਨਮਾਜ਼ ਦੇ ਸਮੇਂ ਦਾ ਨਹੀਂ ਹੋਣਾ ਚਾਹੀਦਾ। ਸੰਗੀਤ ਵਾਸਨਾ ਭੜਕਾਊ ਨਹੀਂ ਹੋਣਾ ਚਾਹੀਦਾ। ਸਮਾਅ ਦਾ ਆਯੋਜਨ ਕਿਸੇ ਅਜਿਹੇ ਸਥਾਨ ਤੇ ਹੋਣਾ ਚਾਹੀਦਾ ਹੈ ਜੋ ਇਕਾਂਤ ਵਿਚ ਹੋਵੇ ਭਾਵ ਬਾਹਰੀ ਸ਼ੋਰ-ਸ਼ਰਾਬਾ ਇਕਾਗਰਤਾ ਭੰਗ ਨਾ ਕਰੇ ਅਤੇ ਸੰਗੀਤ ਸੁਨਣ ਵਾਲੇ ਵੀ ਚਰਿਤਰਵਾਨ, ਸਹਿਨਸ਼ੀਲ ਅਤੇ ਗਿਆਨਵਾਨ ਹੋਣੇ ਚਾਹੀਦੇ ਹਨ।

ਸੂਫ਼ੀ ਸਾਧਨਾ ਵਿਚ ਜ਼ਿਕਰ ਦਾ ਵੀ ਖਾਸ ਮਹੱਤਵ ਹੈ। ਜ਼ਿਕਰ ਤੋਂ ਭਾਵ ਹੈ ਈਸ਼ਵਰ ਦਾ ਗੁਣਗਾਣ, ਕਥਾ, ਕੀਰਤਨ ਆਦਿ। ਕਈ ਵਾਰ ਜਿਕਰ ਕਰਦੇ ਹੋਏ ਸੂਫ਼ੀ ਆਲੌਕਿਕ ਆਨੰਦ ਵਿਚ ਏਨੇ ਲੀਨ ਹੋ ਜਾਂਦੇ ਹਨ ਕਿ ਉਹਨਾਂ ਨੂੰ ਆਪਣੀ ਸੁਧਬੁਧ ਹੀ ਨਹੀਂ ਰਹਿੰਦੀ। ਮਹਿਫ਼ਲੇ ਸਮਾਅ ਵਿਚ ਧਾਰਮਿਕ ਸੰਗੀਤ ਨਾਲ ਆਤਮਾ ਦਾ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ ਅਤੇ ਆਦਮੀ ਅਤੇ ਖੁਦਾ ਦੇ ਵਿਚਲਾ ਪਰਦਾ ਹਟ ਜਾਂਦਾ ਹੈ ਅਤੇ ਇਹ ਅਧਿਆਤਮਿਕ ਸੰਗੀਤ ਆਦਮੀ ਨੂੰ ਰੂਹਾਨੀਅਤ ਦੇ ਸ਼ਿਖਰ ਤੇ ਪਹੁੰਚਾ ਦਿੰਦਾ ਹੈ।

ਸੂਫ਼ੀਵਾਦ ਇਸਲਾਮ ਵਿਚੋਂ ਉਪਜਿਆ ਅਧਿਆਤਮਵਾਦ ਹੈ। ਸੂਫ਼ੀਆਂ ਨੇ ਕੁਰਾਨ ਨੂੰ ਹੀ ਆਪਣਾ ਧਾਰਮਿਕ ਗ੍ਰੰਥ ਸਵੀਕਾਰਿਆ ਹੈ। "ਇਸਲਾਮ ਹੀ ਇਸਦੀ ਸਮਾਜਿਕ ਅਤੇ ਧਾਰਮਿਕ ਵਲਗਣ ਹੈ। ਇਸਲਾਮ ਹੀ ਇਸ ਦਾ ਭੂਗੋਲਿਕ ਅਤੇ ਇਤਿਹਾਸਿਕ ਖੇਤਰ ਤੇ ਪਿਛੋਕੜ ਹੈ। ਇਸਲਾਮੀ ਰਹੱਸਵੱਦ ਤੇ ਫ਼ਕੀਰੀ ਇਸ ਨੂੰ ਵਿਰਸੇ ਵਿਚ ਮਿਲੀ। ਇਸਲਾਮ ਮਾਨੋ ਇਸ ਦਾ ਪਿੰਡਾ ਜਾਂ ਸਰੀਰ ਹੈ। ਇਸ ਦਾ ਲਹੂ, ਹੱਡੀ, ਮਾਸ ਇਸਲਾਮ ਵਿਚੋਂ ਉਪਜਿਆ।"[1]

ਮਜ਼ਹਬੀ ਤੌਰ ਤੇ ਸੂਫ਼ੀਵਾਦ ਇਸਲਾਮ ਦੀ ਅੰਤਰਮੁਖਤਾ ਹੈ। ਕਈ ਵਿਦਵਾਨ ਸੂਫ਼ੀਵਾਦ ਨੂੰ ਇਸਲਾਮ ਵਿਚ ਬਗਾਵਤ ਵਜੋਂ ਉਭਰਿਆ ਹੋਇਆ ਇਕ ਅੰਦਲੋਨ ਮੰਨਦੇ ਹਨ। ਪਰੰਤੂ ਸੂਫ਼ੀਆਂ ਨੇ ਮੁੱਲਾਂ ਮੁਲਾਣਿਆਂ ਦੇ ਬਣਾਏ ਹੋਏ ਬਾਹਰੀ ਕਰਮ ਕਾਂਡਾ ਦਾ ਵਿਰੋਧ ਕੀਤਾ ਹੈ, ਪਰੰਤੂ ਇਹ ਲੋਕ ਸ਼ਰੀਅਤ ਦੇ ਖਿਲਾਫ ਨਹੀਂ ਸਨ। "ਇਸਲਾਮ ਵਿਚ ਸ਼ਰੀਅਤ ਨੂੰ ਇੱਕ ਪਵਿੱਤਰ ਕਾਨੂੰਨ ਦੀ ਤਰ੍ਹਾਂ ਲਾਗੂ ਕੀਤਾ ਜਾਂਦਾ

---

[1] ਘੁੰਮਣ, ਬਿਕਰਮ ਸਿੰਘ (ਸੰਪਾ.), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਪੰਨਾ 12.

ਹੈ ਅਤੇ ਸਾਰੇ ਹੀ ਮੁਸਲਮਾਨ ਸ਼ਰੀਅਤ ਨੂੰ ਪਵਿੱਤਰ ਨਿਯਮ ਦੀ ਤਰ੍ਹਾਂ ਹੀ ਸ਼ਰੀਅਤ ਨੂੰ ਸਵੀਕਾਰਦੇ ਹਨ। ਅਧਿਆਤਮਿਕ ਉੱਨਤੀ ਲਈ ਹਰੇਕ ਧਰਮ ਜਾਂ ਸੰਪ੍ਰਦਾਇ ਕੁਝ ਪਵਿੱਤਰ ਨਿਯਮ ਉਲੀਕਦਾ ਹੈ। ਜਿੰਨ੍ਹਾਂ ਦੀ ਪਾਲਣਾ ਹਰੇਕ ਵਿਅਕਤੀ ਆਪਣੇ ਲਈ ਜ਼ਰੂਰੀ ਵੀ ਸਮਝਦਾ ਹੈ। ਪਰੰਤੂ ਜਦੋਂ ਇਨ੍ਹਾਂ ਨਿਯਮਾਂ ਵਿਚ ਧਰਮ ਦੇ ਮੋਢੀ ਆਪਣੀ ਸਹੂਲੀਅਤ ਜਾਂ ਸੋਚ ਮੁਤਾਬਿਕ ਕੱਟੜਤਾ ਨੂੰ ਜਾਂ ਕਿਸੇ ਨਿਯਮ ਨੂੰ ਜਬਰਦਸਤੀ ਥੋਪਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਸ ਦਾ ਵਿਰੋਧ ਹਰੇਕ ਦੇਸ਼, ਜਾਤੀ ਅਤੇ ਕਾਲ ਵਿਚ ਹੁੰਦਾ ਰਿਹਾ ਹੈ। ਇਸੇ ਤਰ੍ਹਾਂ ਹੀ ਮੁਸਲਮਾਨ ਫ਼ਕੀਰ ਵੀ ਸ਼ਰੀਅਤ ਦੇ ਕੱਟੜ ਭਰੇ ਰਵੱਈਏ ਤੋਂ ਨਾ ਖੁਸ਼ ਸਨ, ਕਿਉਂਕਿ ਜਿਸ ਇਲਾਹੀ ਭੇਦ ਦੀ ਗੱਲ ਕੁਰਾਨ ਵਿਚ ਹੋਈ ਹੈ ਉਸੇ ਹੀ ਇਲਾਹੀ ਭੇਦ ਨੂੰ ਸਮਝਦੇ ਹੋਏ ਇਨ੍ਹਾਂ ਸੂਫ਼ੀ ਫ਼ਕੀਰਾਂ ਨੇ ਬਾਹਰੀ ਇਲਮ ਤੋਂ ਜਿਆਦਾ ਅੰਦਰੂਨੀ ਜਾਂ ਅੰਤਰਮੁਖੀ ਰਹੱਸਾਂ ਤੱਕ ਪਹੁੰਚ ਕੀਤੀ। ਸੂਫ਼ੀਵਾਦ ਨੂੰ ਇਸਲਾਮੀ ਚਿੰਤਨ ਦੀ ਸ਼ਬਦਾਵਲੀ ਵਿਚ ਤਸੱਵੁਫ਼ ਕਿਹਾ ਜਾਂਦਾ ਹੈ। "ਤਸੱਵੁਫ਼ ਦਾ ਅਰਥ ਹਜ਼ਰਤ ਮੁਹੰਮਦ ਸਾਹਿਬ ਤੋਂ ਅਤੇ ਇਸ ਦੇ ਇਲਮ ਨੂੰ ਕੁਰਾਨ-ਓ-ਸੁੰਨਤ ਦੇ ਅੰਤਰਗਤ ਰੱਖਦਿਆਂ ਇਸ ਨੂੰ ਇਸਲਾਮੀ ਰਹੱਸਵਾਦ ਵਜੋਂ ਪ੍ਰਭਾਸ਼ਿਤ ਕੀਤਾ ਜਾਂਦਾ ਹੈ।"[1] "ਅਮਲਾ ਅਨੁਸਾਰ ਅੰਦਰੂਨੀ ਹਾਲਤ (ਬਾਤਿਨ) ਦਾ ਨਾਂ ਤਸੱਵੁਫ਼ ਹੈ। ਅਮਲਾ ਦੀ ਜ਼ਾਹਿਰੀ ਹਾਲਤ ਦਾ ਨਾਂ ਸ਼ਰੀਅਤ ਹੈ। ਤਸੱਵੁਫ਼ ਦਾ ਸੰਬੰਧ ਇਨਸਾਨੀ ਅੰਦਰੂਨੀ ਹਾਲਤ ਨਾਲ ਗੂੜ੍ਹਾ ਹੈ ਨਾ ਕਿ ਜ਼ਾਹਿਰ ਨਾ।"[2] ਸੂਫ਼ੀ ਤਰੀਕਤ ਨੂੰ ਸ਼ਰੀਅਤ ਤੋਂ ਵੱਧ ਅਹਿਮੀਅਤ ਦਿੰਦੇ ਹਨ ਇਸੇ ਲਈ ਸੂਫ਼ੀ ਰੂਹਾਨੀ ਤੌਰ ਤੇ ਅਧਿਆਤਮਿਕ ਤਰੱਕੀ ਵੱਲ ਵੱਧਦਾ ਹੈ। ਸੂਫ਼ੀ ਫ਼ਕੀਰਾਂ ਨੇ ਲੋਕਾਂ ਨੂੰ ਰੂਹਾਨੀਅਤ ਅਤੇ ਇਨਸਾਨੀਅਤ ਦਾ ਇਕ ਲਾਸਾਨੀ ਮਿਆਰ ਦਿੱਤਾ। ਸਾਰੇ ਹੀ ਧਰਮਾਂ ਵਿਚ ਰੂਹਾਨੀਅਤ ਅਤੇ ਅਧਿਆਤਮਿਕ ਵਿਚਾਰਧਾਰਾ ਪ੍ਰਾਚੀਨ ਕਾਲ ਤੋਂ ਪਰੰਪਰਾਗਤ ਪ੍ਰਵਾਹਿਤ ਰਹੀ ਹੈ। ਇਸੇ ਹੀ ਪਰੰਪਰਾਗਤ ਪ੍ਰਵਾਹ ਦੀ ਲੜੀ ਵਿਚ ਇਨ੍ਹਾਂ ਸੂਫ਼ੀ ਫ਼ਕੀਰਾਂ ਨੇ ਸਦਭਾਵਨਾ ਦੇ ਮੋਤੀ ਅਰਪਿਤ ਕੀਤੇ।

ਸੂਫ਼ੀਆਂ ਨੇ ਇਸ਼ਕ ਦੇ ਸੰਕਲਪ ਨੂੰ ਆਪਣੇ ਵਿਵਹਾਰਿਕ ਜੀਵਨ ਦਾ ਮੁੱਖ ਅੰਗ ਸਵੀਕਾਰਿਆ। ਇਨ੍ਹਾਂ ਸੰਤਾਂ ਫ਼ਕੀਰਾਂ ਨੇ ਆਪਣੇ ਕਾਵਿ ਰੂਪ ਵਿਚ ਮੁਹੱਬਤ ਦੇ ਜ਼ਜਬੇ ਦਾ ਇਜ਼ਹਾਰ ਕਰਦਿਆਂ ਫਿਰਕੂਵਾਦ ਵਰਗੇ ਜ਼ਹਿਰ ਨੂੰ ਖਤਮ ਕੀਤਾ। ਇਸੇ ਪਿਆਰ ਮੁਹੱਬਤ ਦੇ ਜ਼ਜਬੇ ਕਾਰਨ ਸੂਫ਼ੀ ਫ਼ਕੀਰ ਆਮ ਜਨਤਾ ਦੇ ਦਿਲਾਂ ਤੇ ਰਾਜ ਕਰਨ ਲੱਗੇ।

### 3.3.3 ਸੂਫ਼ੀ ਸ਼ਬਦ ਦੀ ਉਤਪਤੀ

ਸੂਫ਼ੀ ਸ਼ਬਦ ਦੀ ਉਤਪਤੀ ਦੇ ਸੰਬੰਧ ਵਿਚ ਵਿਦਵਾਨਾਂ ਦੇ ਭਿੰਨ-ਭਿੰਨ ਵਿਚਾਰ ਹਨ ਅਤੇ ਵਿਭਿੰਨ ਸ਼ਬਦਾਂ ਦਾ ਜ਼ਿਕਰ ਹੈ। ਜਿਵੇਂ ਸੁਫ਼ਾ, ਸਫ਼ੀ, ਸੂਫ਼, ਸਫ਼ਣ, ਸਫ ਆਦਿ। ਵਿਦਵਾਨਾਂ ਨੇ ਆਪਣੀ ਸੂਝ ਮੁਤਾਬਿਕ ਸੂਫ਼ੀ ਸ਼ਬਦ ਨੂੰ ਵੱਖ-ਵੱਖ ਤਰੀਕੇ ਨਾਲ ਸਮਝਾਉਣ ਦਾ ਯਤਨ ਕੀਤਾ ਹੈ। ਕੁਝ ਵਿਦਵਾਨਾਂ ਦੇ ਵਿਚਾਰ ਮੁਤਾਬਿਕ ਸੂਫ਼ੀ ਸ਼ਬਦ 'ਸਫ਼ਾ' ਤੋਂ ਬਣਿਆ ਹੈ, ਜਿਸਦਾ ਅਰਥ ਪਵਿੱਤਰਤਾ ਹੁੰਦਾ ਹੈ। ਸਫ਼ਾ ਉਨ੍ਹਾਂ ਲੋਕਾਂ ਲਈ ਵਰਤਿਆ ਗਿਆ ਹੈ ਜਿਨ੍ਹਾਂ ਦਾ ਮਨ ਸੰਸਾਰਿਕ ਵਾਸਨਾਵਾਂ ਤੋਂ ਉੱਪਰ ਉੱਠ ਕੇ ਪਵਿੱਤਰਤਾ ਨੂੰ ਗ੍ਰਹਿਣ ਕਰਦਾ ਹੈ। ਕਈ ਵਿਦਵਾਨ ਸੂਫ਼ੀ ਸ਼ਬਦ ਨੂੰ ਗ੍ਰੀਕ ਸ਼ਬਦ 'ਸੋਫ਼ਿਆ' ਦਾ ਰੂਪਾਂਤਰ ਮੰਨਦੇ ਹਨ।

---

[1] ਧਨਵੰਤ ਕੌਰ (ਡਾ.), ਸੂਫ਼ੀਆਨਾ ਅਦਬੀ ਰਿਵਾਇਤ, ਪੰਨਾ vii.
[2] ਉਹੀ, ਪੰਨਾ 19.

ਜਿਸਦਾ ਅਰਥ ਗਿਆਨ ਹੁੰਦਾ ਹੈ ਭਾਵ ਗਿਆਨਵਾਨ ਵਿਅਕਤੀ ਲਈ ਸੂਫ਼ੀ ਸ਼ਬਦ ਦਾ ਪ੍ਰਯੋਗ ਮੰਨਦੇ ਹਨ। ਪੰਜਾਬੀ ਸਾਹਿਤ ਕੋਸ਼ ਵਿਚ ਲਿਖਿਆ ਹੈ ਕਿ "ਸੂਫ਼ੀ ਸ਼ਬਦ ਦੀ ਨਿਯੁਕਤੀ ਯੂਨਾਨੀ ਸ਼ਬਦ 'ਸੋਆ' ਵਿਚੋਂ ਹੋਈ ਮੰਨੀ ਗਈ ਹੈ ਜਿਸਦਾ ਅਰਥ ਹੈ ਦਾਨਿਸ਼, ਅਕਲ, ਬੁੱਧੀ।"[1]

ਕੁਝ ਵਿਦਵਾਨ ਸੂਫ਼ੀ ਸ਼ਬਦ ਨੂੰ 'ਸੁਫ਼ਾ' ਤੋਂ ਬਣਿਆ ਮੰਨਦੇ ਹਨ। ਸੁਫ਼ਾ ਦਾ ਅਰਥ ਹੈ ਚਬੂਤਰਾ, ਜੋ ਕਿ ਅਰਬ ਦੇਸ਼ ਦੀ ਕਿਸੇ ਮਸਜਿਦ ਦੇ ਕੋਲ ਬਣੇ ਉਸ ਉੱਚੇ ਸਥਾਨ ਨੂੰ ਸੂਚਿਤ ਕਰਦਾ ਹੈ ਜਿੱਥੇ ਹਜ਼ਰਤ ਮੁਹੰਮਤ ਸਾਹਿਬ ਦੇ ਮੁਰੀਦ ਬੈਠਦੇ ਸਨ। ਉਨ੍ਹਾਂ ਮੁਰੀਦਾਂ ਦਾ ਜ਼ਿਆਦਾਤਰ ਵਕਤ ਪ੍ਰਭੂ ਦੇ ਚਿੰਤਨ ਮਨਨ ਵਿਚ ਬਤੀਤ ਹੁੰਦਾ ਸੀ। ਇਹ ਲੋਕ ਆਪਣੇ ਧਰਮ ਕਾਰਜ ਨੂੰ ਨਿਰਵਿਘਨ ਪੂਰਾ ਕਰਨ ਲਈ ਮਸਜਿਦ ਦੇ ਸਭ ਤੋਂ ਉੱਪਰ ਵਾਲੇ ਕਮਰੇ ਵਿਚ ਬੈਠ ਕੇ ਸਿਮਰਨ ਕਰਦੇ ਸਨ। "ਇਕ ਵਾਰਤਾ ਹੈ, ਹਜ਼ਰਤ ਮੁਹੰਮਦ ਸਾਹਿਬ ਮਦੀਨੇ ਸ਼ਹਿਰ ਵਿਚ ਫ਼ਕੀਰਾਂ ਵਾਲਾ ਜੀਵਨ ਜਿਉਂਦੇ ਸਨ"। ਮੁਹੰਮਦ ਸਾਹਿਬ ਨੇ ਉਦੋਂ ਫਰਮਾਇਆ ਸੀ, "ਮੈਂ ਫੱਕਰ (ਫਕੀਰੀ) ਦਾ ਜੀਵਨ ਜੀਉ ਰਿਹਾ ਹਾਂ।" ਤੇ ਉਨ੍ਹਾਂ ਦੇ ਚੇਲੇ ਜੋ ਵਰਾਂਡੇ ਵਿਚ ਹੀ ਗੁਜ਼ਾਰਾ ਕਰਦੇ ਸਨ, 'ਅਸ਼ਾਬ-ਅਲ-ਸਫੌ' ਜਾਂ ਅਹਲ-ਅਲ ਸਫਾ ਅਰਥਾਤ 'ਵਰਾਂਡੇ ਦੇ ਲੋਕ' ਕਹੇ ਜਾਂਦੇ ਸਨ। ਪੰਜਾਬ ਦੇ ਪਿੰਡਾਂ ਵਿਚ ਘਰ ਦੇ ਬਾਹਰਲੇ ਵੱਡੇ ਕਮਰੇ ਨੂੰ ਭੀ ਸੁਫ਼ਾ ਕਹਿੰਦੇ ਹਨ। ਕੁਝ ਵਿਦਵਾਨ 'ਸੂਫ਼ੀ' ਸ਼ਬਦ ਨੂੰ ਇਸ ਵਾਰਤਾ ਤੇ ਮੁਰੀਦਾਂ ਨਾਲ ਜੋੜਦੇ ਹਨ।"[2]

ਗੁਲਵੰਤ ਸਿੰਘ ਜੀ ਵੀ ਇਹ ਮੰਨਦੇ ਹਨ ਕਿ ਸੂਫ਼ੀ ਦਾ ਸਬੰਧ ਸੂਫ਼ਾ ਤੋਂ ਹੀ ਹੈ, ਕਿਉਂਕਿ ਹਜ਼ਰਤ ਮੁਹੰਮਦ ਸਾਹਿਬ ਦੇ ਸਮੇਂ ਵੀ ਕੁਝ ਸਾਧਕ ਅਜਿਹੇ ਸਨ ਜੋ ਧਰਮ ਸਾਧਨਾਂ ਕਰਦਿਆਂ ਕਿਸੇ ਵੀ ਵਿਘਨ ਭਾਵ ਦੁਨਿਆਵੀ ਸ਼ੋਰ ਸ਼ਰਾਬੇ ਤੋਂ ਦੂਰ ਮਸੀਤ ਦੇ ਚਬੂਤਰੇ (ਸੁਫ਼ਾ) ਵਿਚ ਨਿਵਾਸ ਕਰਦੇ ਸਨ।

"ਸੂਫ਼ੀ ਉਹ ਲੋਕ ਸਨ ਜੋ ਖਾਨਾਬਦੋਸ਼ ਸਨ, ਬੇਘਰ ਸਨ ਤੇ ਵਿਕਰਤ ਫ਼ਕੀਰ ਸਨ, ਦੁਨੀਆਂ ਨਾਲੋਂ ਤਅੱਲਕ ਤੋੜ ਚੁੱਕੇ ਸਨ ਤੇ ਹਜ਼ਰਤ ਮੁਹੰਮਦ ਦੇ ਸੰਗੀ ਸਨ ਤੇ ਉਨ੍ਹਾਂ ਨਾਲ ਮਸੀਤ ਦੇ ਇਕ ਕੋਨੇ ਵਿਚ ਰਹਿੰਦੇ ਸਨ।"[3]

ਇਨਸਾਈਕਲੋਪੀਡੀਆ ਆਫ਼ ਇਸਲਾਮ ਵਿਚ ਸੂਫ਼ੀਆਂ ਦੇ ਬਾਰੇ ਲਿਖਿਆ ਹੈ ਕਿ "Devotees seated on the bench of the mosque on Madina in the time of prophet." [4]

ਗੁਲਵੰਤ ਸਿੰਘ ਜੀ ਵੀ ਇਹ ਮੰਨਦੇ ਹਨ ਕਿ ਸੂਫ਼ੀ ਦਾ ਸੰਬੰਧ ਸੂਫ਼ਾ ਤੋਂ ਹੀ ਹੈ ਕਿਉਂਕਿ ਹਜ਼ਰਤ ਮੁਹੰਮਦ ਸਾਹਿਬ ਦੇ ਸਮੇਂ ਵੀ ਕੁਝ ਸਾਧਕ ਅਜਿਹੇ ਸਨ ਜੋ ਧਰਮ ਸਾਧਨਾ ਨੂੰ ਨਿਰਵਿਘਨ ਨਿਭਾਉਣ ਦੇ ਲਈ ਮਸੀਤ ਦੇ ਚਬੂਤਰੇ (ਸੁਫ਼ਾ) ਵਿਚ ਨਿਵਾਸ ਕਰਦੇ ਸਨ।

"ਮੁਹੰਮਦ ਸਾਹਿਬ ਨੇ ਇੱਕ ਮਸਜਿਦ ਬਨਵਾਈ ਸੀ। ਜਿਸਦੇ ਕੋਲ ਇੱਕ ਚਬੂਤਰਾ ਸੀ। ਉੱਥੇ ਬੈਠ ਕੇ ਲੋਕ ਭਗਵਾਨ ਦਾ ਧਿਆਨ ਕਰਦੇ ਸੀ। ਉਹੀ ਲੋਕ ਸੂਫ਼ੀ ਅਖਵਾਏ।"[5]

---

1 ਪੰਜਾਬੀ ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 180.
2 ਅਮੋਲ, ਐਸ.ਐਸ. (ਸੰਪਾ.), ਸੁਲਤਾਨ ਬਾਹੂ, ਭਾਸ਼ਾ ਵਿਭਾਗ ਪੰਜਾਬ, ਪੰਨਾ 7.
3 ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ 25.
4 ਇਨਸਾਈਕਲੋਪੀਡੀਆ ਆਫ਼ ਇਸਲਾਮ, ਪੰਨਾ 681.
5 ਗਰਗ, ਲਕਸ਼ਮੀ ਨਰਾਇਣ (ਡਾ.), ਸੰਗੀਤ ਜਨਵਰੀ 2013, ਪੰਨਾ 21.

ਡਿਕਸ਼ਨਰੀ ਆਫ਼ ਇਸਲਾਮ ਵਿਚ ਸੂਫ਼ਾ ਸ਼ਬਦ ਨਾਲ ਮਿਲਦਾ ਜੁਲਦਾ ਸ਼ਬਦ ਸੁਫਾਨ (Sufan) ਵੀ ਮਿਲਦਾ ਹੈ। ਸੂਫਾਨ ਦੇ ਬਾਰੇ ਵਿਚ ਲਿਖਿਆ ਹੈ ਕਿ "The name of a tribe of Arabs who in the time of ignorance, separated themselves from the world and engaged themselves exclusively in the service of the 'Makkah Temple'."[1]

ਕਈ ਵਿਦਵਾਨ ਸੂਫ਼ੀ ਸ਼ਬਦ ਨੂੰ ਸੂਫ਼ਾਨ ਜਾ ਸੂਫ਼ਾਨਾ ਨਾਲ ਵੀ ਜੋੜਦੇ ਹਨ ਜਿਸਦਾ ਅਰਥ ਹੈ ਸੰਯਮ ਜਾਂ ਬਹੁਤ ਥੋੜਾ ਭੋਜਨ ਗ੍ਰਹਿਣ ਕਰਨਾ।

ਸਾਹਿਤ ਵਿਚ ਵੀ ਪਹਿਲਾਂ-ਪਹਿਲਾਂ ਸੂਫ਼ੀ ਸ਼ਬਦ ਦੀ ਵਰਤੋਂ ਸੰਨਿਆਸੀਆਂ ਦੀ ਇਕ ਵਿਸ਼ੇਸ਼ ਜਮਾਤ ਲਈ ਕੀਤੀ ਗਈ। ਇਸ ਜਮਾਤ ਵਿਚ ਉਹੀ ਸੂਫ਼ੀ ਆਉਂਦੇ ਸਨ ਜਿਨ੍ਹਾਂ ਨੇ ਘਰ ਬਾਹਰ ਤਿਆਗ ਕੇ ਉਸੇ ਪ੍ਰਮਾਤਮਾ ਦੀ ਲਿਵ ਵਿਚ ਜੁੜ ਕੇ ਜੀਵਨ ਜਾਪਨ ਕੀਤਾ। ਕਨਸਾਈਜ਼ ਇਨਸਾਈਕਲੋਪੀਡੀਆ ਆਫ਼ ਇਸਲਾਮ ਵਿਚ ਸੂਫ਼ੀ ਨੂੰ ਇਸ ਤਰ੍ਹਾਂ ਪ੍ਰਭਾਸ਼ਿਤ ਕੀਤਾ ਗਿਆ ਹੈ।

The term "Sufi' is properly reserved for one who has reached the end of the spiritual path."[2]

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਸੂਫ਼ੀ ਸ਼ਬਦ 'ਸਫ਼' ਅਰਥਾਤ ਸਭ ਤੋਂ ਅਗਲੀ ਕਤਾਰ ਜਾਂ ਪ੍ਰਥਮ ਪੰਗਤੀ ਜਾਂ ਸ੍ਰੇਣੀ ਦੇ ਲਈ ਵਰਤਿਆ ਗਿਆ ਹੈ। ਸੂਫ਼ੀ ਉਹ ਲੋਗ ਹਨ ਜੋ ਕਿਆਮਤ ਦੇ ਦਿਨ ਈਸ਼ਵਰ ਦੇ ਸਾਹਮਣੇ ਪਹਿਲੀ ਪੰਗਤੀ ਵਿਚ ਖਲਾਰੇ ਜਾਣਗੇ ਕਿਉਂਕਿ ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਖੁਦਾ ਦੀ ਇਬਾਦਤ ਵਿਚ ਬਤੀਤ ਕੀਤੀ ਹੈ।

"ਸਫ਼ ਦਾ ਅਰਥ ਹੈ ਕਤਾਰ, ਕਿਉਂ ਜੋ ਅੱਲਾ ਦੇ ਦਰਬਾਰ ਵਿਚ ਸੂਫ਼ੀ ਆਪਣੇ ਸਬਰ ਸੰਤੋਖ ਦੇ ਕਾਰਨ ਪਹਿਲੀ ਪੰਗਤ (ਸਫ਼) ਵਿਚ ਗਿਣੇ ਜਾਣਗੇ। "[3]

"ਸੂਫ਼ੀ ਸ਼ਬਦ ਦੀ ਵਿਉਂਤਬੰਦੀ 'ਸਫ਼' ਤੋਂ ਮੰਨੀ ਜਾਂਦੀ ਹੈ। ਸਫ਼ ਦੇ ਅਰਥ ਹਨ ਪਾਲ ਜਾਂ ਕਤਾਰ। "[4]

"ਸੂਫ਼ੀ ਸ਼ਬਦ ਅਰਬੀ ਭਾਸ਼ਾ ਦੇ ਸਫਵ ਤੋਂ ਨਿਕਲਿਆ ਹੈ ਅਤੇ ਸਫਵ ਦੇ ਅਰਥ ਹਨ, ਸੰਸ਼ੋਧਨ ਕਰਨਾ, ਸਾਫ਼ ਕਰਨਾ, ਪਵਿੱਤਰ ਬਣਾਉਣਾ ਆਦਿ। "[5]

ਸੂਫ਼ੀ ਸ਼ਬਦ ਦੀ ਉਤਪਤੀ ਦਾ ਸੰਬੰਧ ਸਫ਼ਾ ਸ਼ਬਦ ਤੋਂ ਵੀ ਲਿਆ ਜਾਂਦਾ ਹੈ ਜਿਸ ਦਾ ਅਰਥ ਹੈ ਸਫ਼ਾਈ, ਭਾਵ ਸੂਫ਼ੀ ਉਹ ਲੋਕ ਹਨ ਜਿਨ੍ਹਾਂ ਦਾ ਹਿਰਦਾ ਪਾਕ, ਪਵਿੱਤਰ ਹੁੰਦਾ ਹੈ। ਡਾ. ਅਰਵਿੰਦਰ ਨਾਲ ਨਿੱਜੀ ਮੁਲਾਕਾਤ ਵਿਚ ਉਨ੍ਹਾਂ ਨੇ ਖੋਜਾਰਥਣ ਨੂੰ ਦੱਸਿਆ ਕਿ "ਸੂਫ਼ੀ ਅਤੇ ਸੂਫ਼ਾ ਸ਼ਬਦ ਸਮਕਾਲੀ ਹਨ। ਸੂਫ਼ਾ ਸ਼ਬਦ ਤੋਂ ਭਾਵ ਹੈ ਉਹ ਕੱਪੜਾ ਜੋ ਕਿ ਸਲੇਟ ਨੂੰ ਸਾਫ਼ ਕਰਨ ਲਈ ਵਰਤਿਆ ਜਾਂਦਾ ਹੈ। ਉਨ੍ਹਾਂ ਦੇ

---

[1] ਡਿਕਸ਼ਨਰੀ ਆਫ਼ ਇਸਲਾਮ, ਪੰਨਾ 608.
[2] ਗਲੈਸੀ, ਸਾਇਰਲ, ਦੀ ਕੰਨਸਾਈਸ ਇਨਸਾਈਕਲੋਪੀਡੀਆ ਆਫ਼ ਇਸਲਾਮ, ਪੰਨਾ 134.
[3] ਗੁਰਮੁੱਖ ਸਿੰਘ, (ਸੰਪਾ.), ਪ੍ਰੋ. ਗੁਲਵੰਤ ਸਿੰਘ ਰਚਨਾਵਲੀ, ਪੰਨਾ 67.
[4] ਕਸੇਲ, ਕਿਰਪਾਲ ਸਿੰਘ (ਸੰਪਾ.), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ 28.
[5] ਕੰਗ, ਗੁਲਜਾਰ ਸਿੰਘ, ਸੂਫੀਅਤ ਸਿਲਸਿਲੇ ਅਤੇ ਸਾਧਕ, ਪੰਨਾ 20.

ਮੁਤਾਬਿਕ ਸੂਫ਼ੀ ਅਸਲ ਵਿਚ ਸਫ਼ਾਈ ਨਾਲ ਸੰਬੰਧਿਤ ਸ਼ਬਦ ਹੈ ਅਤੇ ਮੁਸਲਿਮ ਸਾਧਕਾਂ ਲਈ ਇਹ ਸ਼ਬਦ ਇਸ ਲਈ ਵਰਤਿਆ ਗਿਆ ਕਿਉਂਕਿ ਇਹਨਾਂ ਸਾਧਕਾਂ ਨੇ ਪ੍ਰਮਾਤਮਾ ਨਾਲ ਇਕ ਹੋਣ ਲਈ ਅੰਦਰੂਨੀ ਸਫ਼ਾਈ ਤੇ ਜ਼ਿਆਦਾ ਬਲ ਦਿੱਤਾ ਹੈ।"[1]

"ਸੂਫ਼ੀ ਉਹ ਲੋਕ ਸਨ ਜਿਨ੍ਹਾ ਨੂੰ ਦੂਜੀ ਸਦੀ ਹਿਜ਼ਰੀ ਵਿਚ (ਸੰਨ 200 ਹਿਜਰੀ) ਵਿਚ 'ਸਹਾਬਾ' ਦੇ ਨਾਂ ਨਾਲ ਸੱਦਿਆ ਗਿਆ ਤੇ ਇਹ ਉਹਨਾਂ ਦਾ ਨਾਂ, ਹਜਰਤ ਮੁਹੰਮਦ ਦੇ ਪਰਲੋਕ ਸਿਧਾਰਨ ਉਪਰੰਤ ਪਿਆ।" "ਸਾਹਿਬਾ ਦੇ ਸ਼ਾਬਦਿਕ ਅਰਥ ਹੈ ਯਾਰਾਂ, ਦੋਸਤਾਂ, ਪਿਆਰੇ ਜਾਂ ਸਾਥੀ (ਸੁਹਬਤ ਕਰਨ ਵਾਲੇ) ਇਨ੍ਹਾਂ ਨੇ ਹਜ਼ਰਤ ਦੀ ਸੁਹਬਤ (ਸੰਗਤ) ਕੀਤੀ ਸੀ ਇਸ ਲਈ ਸਹਾਬਾ ਅਖਵਾਏ।"

ਅੰਗਰੇਜੀ ਵਿਦਵਾਨ ਨਿਕਲਸਨ ਅਤੇ ਬਰਾਉਨ ਦਾ ਵਿਚਾਰ ਹੈ ਕਿ ਸੂਫ਼ੀ ਸ਼ਬਦ ਯੂਨਾਨੀ ਸ਼ਬਦ ਸੋਫੋਸ (Sophos) ਵਿਚੋਂ ਨਿਕਲਿਆ ਹੈ, ਜਿਸ ਦਾ ਅਰਥ ਹੈ ਬੁੱਧੀ। ਭਾਵ ਸੂਫ਼ੀ ਉਹ ਲੋਕ ਹਨ ਜਿਨ੍ਹਾਂ ਦੀ ਬੁੱਧੀ ਪ੍ਰਕਾਸ਼ਿਤ ਹੋ ਚੁੱਕੀ ਹੋਵੇ। ਭਾਈ ਕਾਨ ਸਿੰਘ ਨਾਭਾ ਜੀ 'ਮਹਾਨ ਕੋਸ਼' ਵਿਚ ਲਿਖਦੇ ਹਨ ਕਿ "ਸੂਫ਼ੀ ਸ਼ਬਦ ਅਰਬੀ ਭਾਸ਼ਾ ਦੇ 'ਸੂਫ਼' ਤੋਂ ਬਣਿਆ ਹੈ। ਇਸਦਾ ਅਰਥ ਹੈ 'ਪਵਿੱਤਰਤਾ ਅਤੇ ਉੱਨ' ਜੋ ਕੰਬਲ ਅਥਵਾ ਕੰਬਲ ਦੀ ਖਫ਼ਨੀ ਪਹਿਨਣ, ਉਹ ਸੂਫ਼ੀ ਹੈ।"[2]

ਪੰਜਾਬੀ ਡਿਕਸ਼ਨਰੀ ਵਿਚ ਲਿਖਿਆ ਹੈ ਕਿ "ਉਹ ਵਿਅਕਤੀ ਸੂਫ਼ੀ ਹੈ ਜੋ ਮੁਸਲਿਮ ਵਰਗ ਦਾ ਹੈ ਅਤੇ ਸਵਤੰਤਰ ਵਿਚਾਰਕ ਹੈ, ਇਕ ਈਸ਼ਵਰ ਵਿਚ ਵਿਸ਼ਵਾਸ ਰੱਖਣ ਵਾਲਾ ਹੈ ਅਤੇ ਨਸ਼ੀਲੇ ਪਦਾਰਥਾਂ ਦੇ ਸੇਵਨ ਤੋਂ ਦੂਰ ਰਹਿੰਦਾ ਹੈ।"[3]

"ਸੂਫ਼ ਦੇ ਧਾਰਣ ਕਰਣ ਨੂੰ ਅਰਬ ਨਿਵਾਸੀ 'ਤਸੱਵੁਫ਼' ਦਾ ਨਾਮ ਦਿੰਦੇ ਸਨ।"[4]

"ਸੂਫ਼ੀ ਸ਼ਬਦ ਵਾਸਤਵ ਮੇਂ ਸੂਫ਼ ਸੇ ਬਣਾ ਹੈ ਜਿਸ ਕਾ ਅਰਥ ਉੱਨ ਹੈ। ਯਹ ਪਹਿਲੇ ਕੇਵਲ ਉਨ ਵਿਅਕਤੀਓਂ ਕੇ ਲਿਏ ਪ੍ਰਯੋਗ ਮੇਂ ਆਇਆ ਜੋ ਅਪਨੇ ਪਹਿਰਾਵੇ ਕੇ ਲਿਏ ਮੋਟੇ ਉੱਨੀ ਕੱਪੜੋਂ ਕਾ ਪ੍ਰਯੋਗ ਕਰਤੇ ਥੇ।"[5]

ਇਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ ਵਿਚ ਲਿਖਿਆ ਗਿਆ ਹੈ ਕਿ "ਸੂਫ਼ੀ ਸ਼ਬਦ ਇਸ ਲਈ ਸੂਫ਼ੀਆ ਨਾਲ ਜੁੜਿਆ ਸੀ ਕਿਉਂਕਿ ਉਹ ਉੱਨ ਦੇ ਵਸਤਰ ਪਹਿਨਦੇ ਸਨ।"[6]

"ਸੂਫ਼ੀ ਉਹ ਹੈ ਜੋ ਅਣਕੱਤੀ ਅਤੇ ਅਣਤੁੰਬੀ ਉੱਨ ਦੀ ਗੋਦੜੀ, ਕੰਬਲੀ ਜਾਂ ਕਾਲੇ ਕੱਪੜੇ ਪਹਿਨੇ।"[7]

---

[1] ਭੇਂਟਵਾਰਤਾ, ਡਾ. ਅਰਵਿੰਦ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
[2] ਨਾਭਾ, ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 224.
[3] ਪੰਜਾਬੀ ਡਿਕਸ਼ਨਰੀ, ਪੰਨਾ 1072.
[4] ਸੁਹਰਾਵਰਦੀ, ਸੇਖ ਸ਼ਹਾਬ-ਉਦ ਦੀਨ, ਅਵਾਰਿਫ਼-ਉਲ-ਮੁਆਰਿਫ (ਅਨੁ. ਪ੍ਰੋ. ਗੁਲਵੰਤ ਸਿੰਘ), ਪੰਨਾ 8.
[5] ਚਤੁਰਵੇਦੀ, ਸ੍ਰੀ ਪਰਸ਼ੂਰਾਮ, ਸੂਫ਼ੀ-ਕਾਵਿ ਸੰਗ੍ਰਹਿ, ਪੰਨਾ 16.
[6] ਹੈਸਟਿੰਗ, ਜੇਮਸ, ਇਨਸਾਈਕਲੋਪੀਡੀਆ ਆਫ਼ ਰੀਲੀਜਨ ਐਂਡ ਐਥਿਕਸ, ਵਾਲਿਅਮ XII, ਪੰਨਾ 10.
[7] ਕੋਹਲੀ, ਸੁਰਿੰਦਰ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 112.

ਅਲ ਸਰੋਜ ਦਾ ਇਸਦੇ ਵਿਸ਼ੇ ਵਿਚ ਕਥਨ ਹੈ ਕਿ "ਉਨ ਕਾ ਵਿਵਹਾਰ ਸਤ, ਸਾਧਕ ਔਰ ਪੈਗੰਬਰ ਲੋਗ ਕਰਤੇ ਆਏ ਹੈਂ।"[1]

"ਮੁਸਲਮਾਨੀ ਸਮਾਜ ਵਿਚ ਉੱਨ ਦੇ ਕਪੜੇ ਮੁੱਢ ਤੋਂ ਹੀ ਸਾਦਗੀ, ਪਰਹੇਜ਼ਗਾਰੀ ਅਤੇ ਪਵਿੱਤਰਤਾ ਦਾ ਚਿੰਨ੍ਹ ਰਹੇ ਹਨ। ਹਜ਼ਰਤ ਮੁਹੰਮਦ ਸਾਹਿਬ ਨੂੰ 'ਕਾਲੀ ਕੰਬਲੀ ਵਾਲਾ' ਵੀ ਕਿਹਾ ਜਾਂਦਾ ਸੀ, ਕਿਉਂਕਿ ਉਨ੍ਹਾਂ ਨੂੰ ਸੂਫ਼ੀਅਤ ਦਾ ਚਾਨਣ ਮੁਨਾਰਾ ਸਮਝਿਆ ਜਾਂਦਾ ਸੀ ਅਤੇ ਹਜ਼ਰਤ ਅਲੀ ਨੂੰ ਇਸ ਦਾ ਮੋਢੀ ਮੰਨਦੇ ਸਨ।"[2]

ਇਨਸਾਈਕਲੋਪੀਡੀਆ ਆਫ਼ ਇਸਲਾਮ ਵਿਚ ਲਿਖਿਆ ਹੈ "It is formed from the no root of suf meaning wool, to denote the practice of wear the woolen robs."[3]

ਸੂਫ਼ੀ ਲੋਕ ਮੋਹ ਮਾਇਆ ਦਾ ਤਿਆਗ ਕਰਕੇ ਸੰਸਾਰਿਕ ਰਿਸ਼ਤਿਆਂ ਤੋਂ ਦੂਰ ਇਕਾਂਤ ਵਿਚ ਆਪਣੇ ਇਸਟ ਦੀ ਭਗਤੀ ਵਿਚ ਲੀਨ ਰਹਿੰਦੇ ਸਨ ਤੇ ਆਪਣੀ ਅੰਦਰੂਨੀ ਸ਼ੁੱਧੀ ਤੇ ਜ਼ੋਰ ਦਿੰਦੇ ਸਨ। ਇਨ੍ਹਾਂ ਦੇ ਜੀਵਨ ਦਾ ਲਕਸ਼ ਜਾਂ ਉਦੇਸ਼ ਪਰਉਪਕਾਰੀ ਜੀਵਨ ਬਤੀਤ ਕਰਦੇ ਹੋਏ ਪ੍ਰਭੂ ਵਿਚ ਲੀਨ ਰਹਿਣਾ ਹੈ। ਇਹ ਲੋਕ ਉੱਨੀ ਵਸਤਰਾਂ ਦਾ ਲਿਬਾਸ ਇਸ ਲਈ ਪਹਿਨਦੇ ਸਨ ਤਾਂ ਕਿ ਇਨ੍ਹਾਂ ਦੇ ਸਰੀਰ ਨੂੰ ਇਹ ਖੁਰਦਰਾਪਨ ਅਰਾਮ ਪ੍ਰਸਤ ਨਾ ਕਰੇ ਅਤੇ ਇਹ ਹਰ ਵਕਤ ਆਪਣੇ ਖ਼ੁਦਾ ਦੀ ਬੰਦਗੀ ਵਿਚ ਵਿਅਸਤ ਰਹਿਣ। ਰੇਸ਼ਮ ਦੇ ਮੁਲਾਇਮ ਪਹਿਰਾਵੇ ਨੂੰ ਦੁਨੀਆਂਦਾਰਾਂ ਦਾ ਪਹਿਰਾਵਾ ਕਹਿੰਦੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਸਰੀਰ ਨੂੰ ਜਿੰਨਾ ਦੁਖ ਦਿੱਤਾ ਜਾਵੇ ਉਨੀ ਹੀ ਰੂਹ ਨਿਰਮਲ ਰਹਿੰਦੀ ਹੈ।

ਸੂਫ਼ੀ ਸ਼ਬਦ ਦੀ ਵਿਉਂਤਬੰਦੀ ਜਾਂ ਉਤਪਤੀ ਸੰਬੰਧੀ ਅਨੇਕਾਂ ਵਿਚਾਰ ਹਨ। ਪਰ ਇਹ ਵਿਚਾਰ ਸਰਵ ਪ੍ਰਮਾਣਿਤ ਹੈ ਕਿ ਸੂਫ਼ੀ ਸ਼ਬਦ 'ਸੂਫ਼' ਤੋਂ ਬਣਿਆ ਹੈ। ਪੁਰਾਤਾਨ ਸਮੇਂ ਵਿਚ ਉੱਨ ਦੇ ਕਾਲੇ ਕੱਪੜੇ ਸਾਦਗੀ ਅਤੇ ਪਵਿੱਤਰਤਾ ਦਾ ਪ੍ਰਤੀਕ ਮੰਨੇ ਜਾਂਦੇ ਸਨ।

ਪ੍ਰੋ. ਗੁਲਵੰਤ ਸਿੰਘ ਸ਼ੇਖ ਅਬੂ ਅਲੀ ਰੁਜਬਾਰੀ ਦਾ ਹਵਾਲਾ ਦਿੰਦਿਆ ਲਿਖਦਾ ਹੈ ਕਿ "ਸੂਫ਼ੀ ਉਹ ਹੈ ਜੋ ਮਾਨਸਿਕ ਪਵਿੱਤਰਤਾ ਸਹਿਤ ਸੂਫ਼-ਪੋਸੀ ਧਾਰਨ ਕਰਦਾ ਹੈ, ਕਾਮ ਵਾਸਨਾ ਦਾ ਕਠੋਰਤਾ ਪੂਰਵਕ ਤਿਆਗ ਕਰਦਾ ਹੈ, ਮੁਸਤਫ਼ੀ ਸਰ੍ਹਾਂ ਦੀ ਪਾਬੰਦੀ ਆਪਣੇ ਲਈ ਆਵਸ਼ਕ ਸਮਝਦਾ ਹੈ ਅਤੇ ਸੰਸਾਰ ਵਲੋਂ ਵਿਕਰਤ ਹੋ ਜਾਂਦਾ ਹੈ।"[4]

ਬਾਬਾ ਸ਼ੇਖ ਫਰੀਦ ਦਾ ਸ਼ਲੋਕ ਵੀ ਇਸ ਗੱਲ ਦੀ ਪੁਸਟੀ ਕਰਦਾ ਹੈ ਕਿ ਸੂਫ਼ੀ ਸੂਫ਼ ਦੇ ਕਾਲੇ ਕੱਪੜੇ ਪਹਿਨਦੇ ਸਨ, ਪਰ ਉਹ ਬਾਹਰੀ ਪਹਿਰਾਵੇ ਤੋਂ ਜ਼ਿਆਦਾ ਅੰਦਰੂਨੀ ਸਫ਼ਾਈ ਅਤੇ ਪ੍ਰਭੂ ਨਾਲ ਨੇੜਤਾ ਤੇ ਜ਼ੋਰ ਦਿੰਦੇ ਹੋਏ ਲਿਖਦੇ ਹਨ:

> "ਫ਼ਰੀਦਾ ਕਾਲੇ ਮੈਂਡੇ ਕੱਪੜੇ ਕਾਲਾ ਮੈਂਡਾ ਵੇਸ।
> ਗੁਨਹੀ ਭਰਿਆ ਮੈਂ ਫਿਰਾਂ ਲੋਕੁ ਕਹੈ ਦਰਵੇਸੁ।

---

[1] ਸਰੋਜ, ਅਲ, ਉਤਰ ਭਾਰਤੀ ਸੰਗੀਤ ਦਾ ਸੰਛਿਪਤ ਇਤਿਹਾਸ, 1969.
[2] ਦੁਸਾਂਝ, ਕੁਲਦੀਪ ਕੌਰ, ਪੰਜਾਬੀ ਸੂਫ਼ੀ ਦਾ ਸਭਿਆਚਾਰਕ ਅਧਿਐਨ, ਪੰਨਾ 49.
[3] ਇਨਸਾਈਕਲੋਪੀਡੀਆ ਆਫ਼ ਇਸਲਾਮ, ਪੰਨਾ 681.
[4] ਸੂਫ਼ੀ ਸਾਹਿਤ, ਭਾਸ਼ਾ ਵਿਭਾਗ, ਪੰਨਾ 327.

– ਫ਼ਰੀਦਾ ਕੰਨੀ ਮੁਸਲਾ, ਸੂਫ ਗਲਿ, ਦਿਲ ਕਾਤੀ, ਗੁੜ ਵਾਤਿ।

ਬਾਹਰਿ ਦਿਸੇ ਚਾਨਣਾ, ਦਿਲਿ ਅੰਧਿਆਰੀ ਰਾਤਿ।"

ਭਾਸ਼ਾ ਵਿਭਾਗ ਵਲੋਂ ਲਿਖੀ ਗਈ ਪੁਸਤਕ ਸੁਲਤਾਨ ਬਾਹੂ ਵਿਚ ਲਿਖਿਆ ਗਿਆ ਹੈ ਕਿ "ਅਰਬ ਵਿਚ ਅੱਠਵੀਂ ਸਦੀ ਵਿਚ ਦੋ ਪ੍ਰਕਾਰ ਦੇ ਸੰਤਾਂ ਦੀ ਸੂਹ ਮਿਲਦੀ ਹੈ:

1. ਕੁਰਾਨ ਮਜੀਦ ਅਨੁਸਾਰ ਤਿਆਗੀ ਜਿਨ੍ਹਾਂ ਨੂੰ ਜ਼ਾਹਿਦ ਜਾਂ ਫਕੀਰ ਕਿਹਾ ਜਾਂਦਾ ਸੀ।
2. ਸੂਫ਼ੀ ਫਕੀਰ

ਜ਼ਾਹਿਦ ਤਾਂ ਕੇਵਲ ਆਪਣੇ ਪਾਪਾਂ (ਗੁਨਾਹਾਂ) ਦੀ ਮੈਲ ਧੋਣ ਲਈ ਤੇ ਨਰਕ (ਦੋਜ਼ਖ) ਦੀ ਅੱਗ ਤੋਂ ਬਚਣ ਲਈ ਤਪੱਸਿਆ (ਜ਼ੋਹਦ) ਕਰਦੇ ਸਨ ਪਰ ਸੂਫ਼ੀ ਉਹ ਸੰਤ ਸਨ ਜੋ ਮਸਤੀ (ਬੇਖੁਦੀ) ਦੀ ਹਾਲਤ ਵਿਚ ਸੱਚੇ ਰੱਬ ਦੀ ਪਛਾਣ ਲਈ ਸਭ ਕੁਝ ਦਾ ਤਿਆਗ ਕਰਦੇ ਸਨ।"[1]

ਉਪਰੋਕਤ ਸਾਰੇ ਵਰਨਣ ਤੋਂ ਬਾਅਦ ਅਸੀਂ ਇਸ ਨਤੀਜੇ ਤੇ ਪਹੁੰਦੇ ਹਾਂ ਸਿਰਫ਼ ਕਾਲੇ ਸੂਫ਼ ਜਾਂ ਉੱਨ ਦੇ ਕੱਪੜੇ ਪਾਉਣ ਨਾਲ ਹੀ ਕੋਈ ਸੂਫ਼ੀ ਨਹੀਂ ਬਣ ਜਾਂਦਾ ਬਲਕਿ ਇਹ ਪਹਿਰਾਵਾ ਸਾਦਗੀ ਦਾ ਪ੍ਰਤੀਕ ਹੈ ਅਤੇ ਸੂਫ਼ੀ ਦੇ ਪਹਿਰਾਵੇ ਦੇ ਨਾਲ-ਨਾਲ ਆਤਮਿਕ ਹਿਰਦਾ ਵੀ ਸ਼ੁੱਧ ਅਤੇ ਪਾਕ ਹੋਣਾ ਚਾਹੀਦਾ ਹੈ। ਸੂਫ਼ੀ ਸ਼ਬਦ ਦੇ ਸਪੱਸ਼ਟੀਕਰਨ ਤੋਂ ਇਹੀ ਪਤਾ ਚਲਦਾ ਹੈ ਕਿ ਉਹਨਾਂ ਦਾ ਪਹਿਰਾਵਾ, ਕਲਾਮ ਸਭ ਭਗਤੀ ਭਾਵਨਾ ਤਹਿਤ ਪਵਿੱਤਰਤਾ ਦੇ ਅੰਸ਼ ਸਨ।

### 3.3.3.1 ਸੂਫ਼ੀ ਪਰੰਪਰਾ ਦਾ ਇਤਿਹਾਸਿਕ ਪਿਛੋਕੜ

ਸੂਫ਼ੀ ਵਾਦ ਦਾ ਇਲਮ ਅਤਿਅੰਤ ਉੱਤਮ, ਪਵਿੱਤਰ, ਅਤਿ ਸੂਖ਼ਮ ਅਤੇ ਅਤਿ ਗੰਭੀਰ ਹੈ ਜਿਸਦਾ ਆਧਾਰ ਕੁਰਾਨ ਸਰੀਫ਼ ਹੈ। ਸੂਫ਼ੀਮਤ ਸੰਪੂਰਨ ਤੌਰ ਤੇ ਇਸਲਾਮ ਵਿਚੋਂ ਹੀ ਉਭਰੀ ਭਗਤੀ ਲਹਿਰ ਹੈ। ਕੁਝ ਲੋਕ ਹਜ਼ਰਤ ਮੁਹੰਮਦ ਸਾਹਿਬ ਨੂੰ ਹੀ ਸੂਫ਼ੀਮਤ ਦਾ ਮੋਢੀ ਮੰਨਦੇ ਹਨ ਪਰ ਕੁਝ ਇਤਿਹਾਸਕਾਰਾਂ ਦੇ ਅਨੁਸਾਰ ਸੂਫ਼ੀਮਤ ਪੂਰਬ-ਇਸਲਾਮੀ ਸੰਨਿਆਸਵਾਦ ਹੀ ਹੈ। ਕਿਉਂਕਿ ਜਦੋਂ ਰਾਜਨੀਤਿਕ ਆਰਥਿਕ ਅਤੇ ਸਮਾਜਿਕ ਪਰਿਸਥਿਤੀਆਂ ਆਮ ਆਦਮੀ ਦੇ ਰਹਿਣ ਦੇ ਅਨੁਕੂਲ ਨਹੀਂ ਹੁੰਦੀਆਂ ਤਾਂ ਉਹ ਆਦਮੀ ਦੁਨੀਆਵੀਂ ਸੁੱਖਾਂ ਦਾ ਤਿਆਗ ਕਰਕੇ ਸੰਨਿਆਸ ਵ੍ਰਿਤੀ ਵੱਲ ਪ੍ਰੇਰਿਤ ਹੁੰਦਾ ਹੈ। ਅਸਲ ਵਿਚ ਸੰਨਿਆਸ ਵ੍ਰਿਤੀ ਮਨੁੱਖ ਵਿਚ ਉਸ ਵਕਤ ਪੈਦਾ ਹੁੰਦੀ ਹੈ ਜਦੋਂ ਉਹ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਅਸਮਰੱਥ ਹੁੰਦਾ ਹੈ। ਅਬੂ ਨਸਰ ਸਰਾਜ ਸੂਫ਼ੀਮਤ ਬਾਰੇ ਲਿਖਣ ਵਾਲਾ ਪਹਿਲਾ ਲੇਖਕ ਹੈ ਜਿਸਨੇ ਆਪਣੀ ਪੁਸਤਕ 'ਕਿਤਾਬੁਲ-ਲੁਮਾ ਫਿਤੱਸਵੱਫ਼' ਵਿਚ ਲਿਖਿਆ ਹੈ ਕਿ ਸੂਫੀਮਤ ਪੂਰਬ-ਇਸਲਾਮੀ ਕਾਲ ਵਿਚ ਦੇਰ ਤੋਂ ਸੰਨਿਆਸੀਆਂ ਵਿਚ ਪ੍ਰਚਲਿਤ ਸਾਧਨਾ ਪੱਧਤੀ ਸੀ।

---

[1] ਭਾਸ਼ਾ ਵਿਭਾਗ ਪੰਜਾਬ, ਸੁਲਤਾਨਬਾਹੂ, ਪੰਨਾ 13.

ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਸੁਰਗਵਾਸ 8 ਜੂਨ 632 ਈ. ਵਿਚ ਹੋਇਆ। ਉਨ੍ਹਾਂ ਦੇ ਸੁਰਗਵਾਸ ਤੋਂ ਬਾਅਦ ਉਹਨਾਂ ਦੇ ਸਹੁਰੇ ਅਬੂ ਬਕਰ ਨੂੰ ਪਹਿਲਾ ਖਲੀਫ਼ਾ ਥਾਪਿਆ ਗਿਆ। ਖਲੀਫ਼ਾ ਅਰਬੀ ਭਾਸ਼ਾ ਦੇ ਸ਼ਬਦ ਖਲਫ਼ ਤੋਂ ਬਣਿਆ ਜਿਸਦਾ ਅਰਥ ਹੈ ਲਾਇਕ ਬੇਟਾ, ਯੋਗ ਪੁੱਤਰ ਅਤੇ ਖਲਫ਼ ਤੋਂ ਹੀ ਖਲੀਫ਼ਾ ਸ਼ਬਦ ਬਣਿਆ ਹੈ ਜਿਸ ਤੋਂ ਭਾਵ ਹੈ ਉੱਤਰ ਅਧਿਕਾਰੀ। ਅਬੂ ਬਕਰ ਹੀ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਖਾਨਦਾਨ ਵਿਚ ਸਭ ਤੋਂ ਅਧਿਕ ਬਿਰਧ ਅਤੇ ਯੋਗ ਵਿਅਕਤੀ ਸਨ ਸੋ ਉਨ੍ਹਾਂ ਨੂੰ ਹੀ ਸਭ ਤੋਂ ਪਹਿਲਾਂ ਖਲੀਫ਼ਾ ਥਾਪਿਆ ਗਿਆ। ਅਬੂ ਬਕਰ ਨੇ ਇਸਲਾਮ ਧਰਮ ਦਾ ਖੂਬ ਪ੍ਰਚਾਰ ਤੇ ਪ੍ਰਸਾਰ ਕੀਤਾ। ਅਬੂ ਬਕਰ ਤੋਂ ਬਾਅਦ ਦੂਸਰੇ ਖਲੀਫ਼ਾ ਉਮਰ ਨੂੰ ਚੁਣਿਆ ਗਿਆ। ਹਜ਼ਰਤ ਉਮਰ ਨੇ ਧਰਮ ਪ੍ਰਚਾਰ ਦੇ ਹੇਤੂ ਇਸਲਾਮ ਧਰਮ ਦੇ ਪੈਰੋਕਾਰਾਂ ਦੀ ਇਕ ਵਿਸ਼ਾਲ ਸੈਨਾ ਦਾ ਸੰਗਠਨ ਕਰਕੇ ਮੇਸੋਪੋਟਾਮੀਆ, ਸੀਰੀਆ, ਫਰਾਂਸ ਅਤੇ ਮਿਸਰ ਆਦਿ ਦੇਸ਼ਾਂ ਤੇ ਜਿੱਤ ਪ੍ਰਾਪਤ ਕਰਕੇ ਉਨ੍ਹਾਂ ਦੇਸ਼ਾਂ ਦੇ ਵਾਸੀਆਂ ਨੂੰ ਮੁਸਲਮਾਨ ਬਣਾ ਕੇ ਇਸਲਾਮ ਦਾ ਪ੍ਰਚਾਰ ਕੀਤਾ। ਬਹੁਤ ਸਾਰੇ ਲੋਕਾਂ ਨੇ ਆਰਥਿਕ ਲਾਭਾਂ ਦੀ ਪ੍ਰਾਪਤੀ ਹੇਤੂ ਜਾਂ ਅੱਤਿਆਚਾਰ ਤੋਂ ਡਰਦੇ ਇਸਲਾਮ ਕਬੂਲ ਤਾਂ ਕਰ ਲਿਆ ਪਰ ਮਜ਼ਹਬੀ ਤੌਰ ਤੇ ਉਹ ਇਸਲਾਮ ਨੂੰ ਸਮਰਪਿਤ ਨਾ ਹੋ ਸਕੇ। ਹਜ਼ਰਤ ਉਮਰ ਤੋਂ ਬਾਅਦ ਤੀਸਰੇ ਖਲੀਫ਼ਾ ਹਜ਼ਰਤ ਉਸਮਾਨ ਅਤੇ ਹਜ਼ਰਤ ਉਸਮਾਨ ਤੋਂ ਬਾਅਦ ਹਜ਼ਰਤ ਅਲੀ ਨੂੰ ਚੌਥੇ ਖਲੀਫ਼ਾ ਚੁਣਿਆ ਗਿਆ। 660 ਈ. ਵਿਚ ਮੁਆਵਿਆ ਨਾਮਕ ਬਾਦਸ਼ਾਹ ਨੇ ਹਜ਼ਰਤ ਅਲੀ ਦਾ ਕਤਲ ਕਰ ਦਿੱਤਾ। ਹਜ਼ਰਤ ਅਲੀ ਦੀ ਮੌਤ ਤੋਂ ਬਾਅਦ ਲੋਕਾਂ ਵਿਚ ਆਪਸੀ ਵਿਰੋਧਤਾ ਨੇ ਜਨਮ ਲਿਆ। ਹਜ਼ਰਤ ਅਲੀ ਨਾਲ ਸਹਿਮਤੀ ਰੱਖਣ ਵਾਲੇ ਲੋਗ ਸ਼ਿਆ ਅਤੇ ਹਜ਼ਰਤ ਅਲੀ ਦੇ ਵਿਰੋਧੀ ਲੋਗ ਸੁੰਨੀ ਅਖਵਾਏ। ਇਸ ਤਰ੍ਹਾਂ ਮੁਸਲਮਾਨ ਸਮਾਜ ਵਿਚ ਦੋ ਧੜੇ ਬਣ ਗਏ ਅਤੇ ਸੁੰਨੀ ਹੋਂਦ ਵਿਚ ਆਏ। "ਸ਼ਿਆ ਸੰਪਰਦਾ ਕਾ ਝੰਡਾ ਕਾਲਾ ਔਰ ਸੁੰਨੀ ਸੰਪਰਦਾ ਕਾ ਝੰਡਾ ਸਫੈਦ ਹੁੰਦਾ ਹੈ।"[1] 680 ਈ. ਵਿਚ ਹਜ਼ਰਤ ਅਲੀ ਦੇ ਪੁੱਤਰ ਹੁਸੈਨ ਨੇ ਖੁਦ ਨੂੰ ਖਲੀਫ਼ਾ ਪਦ ਦਾ ਉਤਰਾਧਿਕਾਰੀ ਐਲਾਨ ਕਰ ਦਿੱਤਾ। ਪਰੰਤੂ ਮੁਆਵਿਆ ਦੇ ਪੁੱਤਰ ਯਜੀਦ ਨੇ ਇਸ ਵਿਰੋਧ ਵਿਚ ਕਰਬਲਾ ਦੇ ਮੈਦਾਨ ਵਿਚ ਹੁਸੈਨ ਅਤੇ ਉਸਦੇ ਸਾਥੀਆਂ ਦੀ ਹੱਤਿਆ ਕਰ ਦਿੱਤੀ। ਇਸ ਦਿਨ ਨੂੰ ਅੱਜ ਵੀ ਸ਼ਿਆ ਸੰਪਰਦਾਇ ਦੇ ਲੋਕ ਮੁਹੱਰਮ ਵਜੋਂ ਯਾਦ ਕਰਕੇ ਆਪਣੇ ਸਰੀਰ ਨੂੰ ਛੁਰੀਆਂ ਆਦਿ ਨਾਲ ਜਖਮੀ ਕਰਕੇ ਹੁਸੈਨ ਨੂੰ ਯਾਦ ਕਰਦੇ ਹਨ ਅਤੇ ਮਰਸੀਆ (ਸੋਗਮਈ) ਗਾਇਨ ਸ਼ੈਲੀ ਦੇ ਅੰਤਰਗਤ ਹੁਸੈਨ ਅਤੇ ਉਸਦੇ ਸਾਥੀਆਂ ਦੀ ਯਾਦ ਨੂੰ ਤਾਜਾ ਕਰਦੇ ਹਨ।

"ਰਸੂਲ, ਜੋ ਇਸਲਾਮ ਧਰਮ ਦੇ ਪਰਵਰਤਕ ਸਨ ਅਤੇ ਇਹਨਾਂ ਤੋਂ ਬਾਅਦ ਵਾਰੋ ਵਾਰੀ ਬਣੇ ਚਾਰ ਖਲੀਫ਼ਿਆਂ ਅਰਥਾਤ ਅਬੂਬਕਰ (ਮੌਤ 691 ਈ.) ਉਮਰ (ਮੌਤ 700 ਈ.) ਉਸਮਾਨ (ਮੌਤ 712 ਈ.) ਅਤੇ ਅਲੀ (ਮੌਤ 717 ਈ.) ਦਾ ਜੀਵਨ ਬੜਾ ਧਰਮੀ ਜੀਵਨ ਸੀ ਪਰ ਇਹਨਾਂ ਤੋਂ ਬਾਅਦ ਹੋਏ

[1] ਸੰਗੀਤ, (ਮੁਸਲਮਾਨ ਔਰ ਭਾਰਤੀਏ ਸੰਗੀਤ ਅੰਕ) ਜਨਵਰੀ 2013, ਪੰਨਾ 7.

ਖਲੀਫ਼ਿਆਂ ਸਮੇਂ ਉਪਰੋਕਤ ਖਲੀਫ਼ਿਆਂ ਦੇ ਰਾਜ ਦੀ ਸਮਾਪਤੀ ਹੁੰਦੀ ਗਈ ਅਤੇ 'ਸੁਲਤਾਨ' ਦਾ ਰਾਜ ਆਰੰਭ ਹੋਇਆ।"[1]

### 3.3.3.2 ਸੂਫ਼ੀਮਤ

"ਇਸਲਾਮ ਦਾ ਆਗਮਨ ਸੂਫ਼ੀ ਮਤ ਦਾ ਆਗਮਨ ਜਾਂ ਇਤਿਹਾਸਿਕ ਆਰੰਭ ਹੈ। ਇਸਲਾਮ ਸਤਵੀਂ ਸਦੀ ਦੇ ਪਹਿਲੇ ਅੱਧ ਵਿਚ ਅਰਬ ਦੇਸ਼ ਵਿਚ ਜਨਮਿਆ ਅਤੇ ਸੂਫ਼ੀਮਤ ਦੀ ਨੀਂਹ ਵੀ ਇਸ ਦੇ ਨਾਲ ਜਾਂ ਕੁਝ ਚਿਰ ਪਿੱਛੋਂ ਪਹਿਲੇ ਮੁਸਲਮਾਨ ਫ਼ਕੀਰਾਂ ਨੇ ਰੱਖੀ।"[2] "ਅਸਲ, ਇਸਲਾਮੀ ਸੂਫ਼ੀਵਾਦ ਉਹ ਹੈ ਜੋ ਹਜ਼ਰਤ ਪੈਗੰਬਰ ਸਾਹਿਬ ਦੇ ਨਿੱਜੀ ਜੀਵਨ-ਆਦਰਸ਼ ਤੋਂ ਅਗਵਾਈ ਪ੍ਰਾਪਤ ਕਰੇ ਅਤੇ ਕੁਰਾਨ ਉੱਪਰ ਆਧਾਰਿਤ ਹੋਵੇ"[3] ਸੂਫ਼ੀਮਤ ਦਾ ਉਪਜ ਸਥਾਨ ਇਸਲਾਮ ਹੀ ਹੈ। ਸੂਫ਼ੀਮਤ ਦਰਅਸਲ ਇਸਲਾਮੀ ਜੀਵਨ-ਜਾਂਚ ਦਾ ਹੀ ਦੂਜਾ ਨਾਂ ਹੈ ਜਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਬਾਹਰਲੇ ਦਿਖਾਵੇ ਜਾਂ ਕਰਮ ਕਾਂਡਾਂ ਦੀ ਥਾਂ ਅੰਤਰ ਆਤਮਾ ਨੂੰ ਸੁਆਰਨਾ ਹੀ ਸੂਫ਼ੀਮਤ ਦਾ ਧਰਮ ਹੈ। ਡਾ. ਦੀਵਾਨ ਸਿੰਘ ਲਿਖਦੇ ਹਨ ਕਿ "ਜਦੋਂ ਇਹ ਫ਼ਕੀਰ ਵਧੇਰੇ ਅੰਤਰਮੁਖੀ ਤੇ ਰਹੱਸਵਾਦੀ ਹੋ ਗਏ ਤਾਂ ਮਾਨੋ ਇਨ੍ਹਾਂ ਦੇ ਅਨੁਭਵ ਵਿਚੋਂ ਸੂਫ਼ੀ ਆਦਰਸ਼ ਇਸ ਤਰ੍ਹਾਂ ਰੂਪਵਾਨ ਹੋਇਆ ਜਿਵੇਂ ਜੁਪੀਟਰ ਦੇ ਮੱਥੇ ਵਿਚ ਦੇਵੀ ਮਿਨਰਵਾ ਪ੍ਰਗਟ ਹੋਈ ਸੀ। ਇਨ੍ਹਾਂ ਪਹਿਲੇ ਸੂਫ਼ੀਆਂ ਨੇ ਆਪਣਾ ਸੂਫ਼ੀ ਅਨੁਭਵ ਮਾਨੋ ਕਰੁਆਨ ਦੇ ਪੱਤਰਿਆਂ ਵਿਚੋਂ ਹੀ ਫੋਲ ਕੇ ਲੱਭ ਲਿਆ, ਪਰ ਇਹ ਘਾਲ ਕਮਾਈ ਸਾਰੀ ਉਨ੍ਹਾਂ ਦੇ ਅੰਦਰ ਹੋਈ।"[4]

ਸੂਫ਼ੀਮਤ ਇਸਲਾਮ ਦੇ ਸਭਿਆਚਾਰ ਵਿਚੋਂ ਪਣਪਿਆ ਹੋਇਆ ਅਧਿਆਤਮਿਕ ਮਤ ਹੈ। ਸੂਫ਼ੀਮਤ ਇਸਲਾਮ ਦਾ ਰਹੱਸਵਾਦੀ ਰੂਪ ਹੈ। ਸੂਫ਼ੀ ਪਰਮਾਤਮਾ ਨੂੰ ਸਾਰੀ ਸ੍ਰਿਸ਼ਟੀ ਦਾ ਧੁਰਾ ਮੰਨਦੇ ਹਨ। ਸੂਫ਼ੀਮਤ ਨਿਰੋਲ ਇਸਲਾਮੀ ਮੁੱਲਾਂ ਨਾਲ ਸੰਬੰਧਿਤ ਹੈ। ਸੂਫ਼ੀਆਂ ਨੇ ਰਹੱਸਵਾਦ ਅਧੀਨ ਆਤਮਾ, ਪ੍ਰਮਾਤਮਾ ਅਤੇ ਸ੍ਰਿਸ਼ਟੀ ਦੀ ਹੋਂਦ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਆਤਮਾ ਨੂੰ ਪ੍ਰਮਾਤਮਾ ਦਾ ਅੰਸ਼ ਮੰਨਦੇ ਹੋਏ ਉਸ ਨੂੰ ਪ੍ਰਮਾਤਮਾ ਨਾਲ ਜੋੜਨ ਦਾ ਯਤਨ ਕੀਤਾ। ਇਹ ਜੋੜ ਉਦੋਂ ਜੁੜਦਾ ਹੈ ਜਦੋਂ ਮਨੁੱਖ ਨੂੰ ਆਪੇ ਦੀ ਸੋਝੀ ਆਉਂਦੀ ਹੈ ਅਤੇ ਉਹ ਉਸੇ ਪਰਵਰਦਿਗਾਰ ਦੇ ਹੁਸਨ ਵਿਚ ਖਿੜਿਆ ਰਹਿੰਦਾ ਹੈ।

ਸੂਫ਼ੀਵਾਦ ਇਕ ਅਜਿਹੀ ਇਸਲਾਮੀ ਰਹੱਸਵਾਦੀ ਚਿੰਤਨਧਾਰਾ ਹੈ, ਜਿਸ ਵਿਚ ਸਾਧਕ ਚਿਤਵ੍ਰਿਤੀਆਂ ਉੱਤੇ ਨਿਯੰਤਰਣ ਕਰਦਿਆਂ, ਆਂਤਰਿਕ ਅਤੇ ਬਾਹਰੀ ਪਵਿੱਤਰਤਾ ਗ੍ਰਹਿਣ ਕਰਕੇ ਤੀਬਰ, ਪ੍ਰੇਮ ਦੁਆਰਾ ਦੈਵੀ ਤੱਤ ਵਿਚ ਸਮਾ ਜਾਂਦਾ ਹੈ। ਰਹੱਸਵਾਦੀ ਅਤੇ ਅਧਿਆਤਮਿਕ ਅਨੁਭਵ ਹੀ ਇਸਦਾ ਆਧਾਰ ਹੈ "ਸੂਫ਼ੀਵਾਦ ਦੇ ਮਹਾਨ ਲਿਖਾਰੀ ਤੇ ਵਿਦਵਾਨ ਕੁਰਾਨ ਤੇ ਹਦੀਸ ਨੂੰ ਸੂਫ਼ੀਵਾਦ ਦਾ ਆਧਾਰ ਅਤੇ ਪ੍ਰਮਾਣ ਮਿੱਥਦੇ ਹਨ।"[5]

---

[1] ਮਨਮੋਹਨ ਸਿੰਘ (ਡਾ.), ਸੂਫ਼ੀਅਤ ਅਤੇ ਧਾਰਮਿਕ ਲਹਿਰਾਂ, ਪੰਨਾ 3.
[2] ਘੁੰਮਣ, ਬਿਕਰਮ ਸਿੰਘ (ਪ੍ਰੋ.) (ਸੰਪਾ.), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਪੰਨਾ 15.
[3] ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ 51.
[4] ਦੀਵਾਨ ਸਿੰਘ (ਪ੍ਰੋ.), ਸੂਫ਼ੀਵਾਦ ਤੇ ਹੋਰ ਲੇਖ, ਪੰਨਾ 22.
[5] ਕਪੂਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ) ਸੰਪਾ. ਕਿਰਪਾਲ ਸਿੰਘ ਕਸੇਲ, ਪੰਨਾ 32, 321.

"ਸੂਫ਼ੀਮਤ ਕੁਰਾਨ ਅਤੇ ਹਦੀਸ ਉਪਰ ਆਧਾਰਿਤ ਇਲਾਹੀ ਹੁਸਨ ਦੇ ਜਲਾਲ ਦੀ ਉਹ ਸਾਦਗੀ ਹੈ ਜੋ ਕਿਸੇ ਵੀ ਫਲਸਫ਼ੇ ਦੀ ਮੁਥਾਜ ਨਹੀਂ ਸਗੋਂ ਇਹ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਵੱਲੋਂ ਬਖਸ਼ੀ ਇਲਹਾਮੀ ਰੂਹ ਦੀ ਖੁਰਾਕ ਨੂੰ ਆਪਣੇ ਅੰਦਰ ਹਜ਼ਮ ਕਰਦਾ ਹੋਇਆ ਫਲਸਫ਼ਿਆਂ ਦੀਆਂ ਅਮੁਕ ਲੜੀਆਂ ਖਿੜਾਉਂਦਾ ਰਿਹਾ।"[1]

ਸੂਫ਼ੀਵਾਦ ਦੇ ਵਿਦਵਾਨ ਕੁਰਾਨ ਅਤੇ ਹਦੀਸ ਨੂੰ ਸੂਫ਼ੀਵਾਦ ਦਾ ਆਧਾਰ ਅਤੇ ਪ੍ਰਮਾਣ ਦਸਦੇ ਹਨ। ਸੂਫ਼ੀਵਾਦ ਮੂਲਰੂਪ ਵਿਚ ਰੱਬ ਨਾਲ ਅਭੇਦਤਾ ਦਾ ਮੱਤ ਹੈ। "ਇਸਲਾਮੀ ਸੂਫ਼ੀਵਾਦ ਵਿਚ ਵਿਸ਼ਵਾਸ ਅਤੇ ਸਿਧਾਂਤ ਦੀਆਂ ਸਾਰੀਆਂ ਰੇਖਾਵਾਂ ਦਾ ਕੇਂਦਰ ਅਤੇ ਆਧਾਰ ਕੁਰਾਨ ਹੈ। ਸੂਫ਼ੀਵਾਦ ਇਕ ਲੋਕਵਾਦੀ, ਲੋਕਪੱਖੀ ਅਤੇ ਲੋਕ-ਉਪਕਾਰੀ ਇਨਕਲਾਬੀ ਅੰਦੋਲਨ ਸੀ ਜਿਸ ਦੇ ਆਗੂਆਂ ਨੇ ਧਾਰਮਿਕ ਵਿਸ਼ਵਾਸ ਅਤੇ ਸਦਾਚਾਰਿਕ ਅਨੁਸ਼ਾਸ਼ਨ ਦੇ ਅੰਦਰ ਰਹਿ ਕੇ ਲੋਕ ਸਮੂਹ ਦੀ ਸੇਵਾ ਅਡੋਲ ਦ੍ਰਿੜਤਾ ਦੇ ਨਾਲ ਨਿਭਾਈ।"[2] ਸੂਫ਼ੀਵਾਦ ਇਸਲਾਮ ਨਾਲੋਂ ਵੱਖਰਾ ਨਹੀਂ ਸਗੋਂ ਇਸਲਾਮ ਦੀ ਰੂਹਾਨੀਅਤ ਨਾਲ ਇਕਸੁਰਤਾ ਦਾ ਨਾਮ ਹੈ। ਸੂਫ਼ੀਮਤ ਇਕ ਪ੍ਰਕਾਰ ਦਾ ਰਹੱਸਵਾਦ ਹੈ। ਜਿਸ ਨੂੰ 'ਤਸੱਵੱਫ਼' ਅਰਥਾਤ ਸੂਫ਼ੀਪਨ ਜਾਂ ਸੂਫ਼ੀਵਾਦ ਕਹਿਣਾ ਵੀ ਉੱਚਿਤ ਹੈ। "ਸੂਫ਼ੀਵਾਦ ਸੰਸਾਰ ਦੇ ਵਿਸ਼ੇਸ਼ ਧਰਮਾਂ ਵਾਂਗ ਕੋਈ ਸਿਧਾਂਤਕ, ਸਮਾਜਕ, ਸਦਾਚਾਰਕ ਜਾਂ ਕਰਮ-ਕਾਂਡ (ਸ਼ਰੀਅਤ) ਦਾ ਲਿਖਾਇਕ ਧਰਮ ਨਹੀਂ, ਸਗੋਂ ਇਸਲਾਮ ਦੀ ਧਾਰਮਿਕ ਵਲਗਣ ਦੇ ਅੰਦਰ ਹੀ ਇਕ ਮਹਾਨ 'ਰਹੱਸਵਾਦੀ ਸੰਸਥਾ' ਦੀ ਪਦਵੀ ਰੱਖਦਾ ਹੈ, ਜੋ ਇਸਲਾਮੀ ਸ਼ਰੀਅਤ ਨੂੰ ਆਪਣਾ ਆਧਾਰ ਬਣਾ ਕੇ, ਜਦ ਆਪਣਾ ਉੱਚਾ ਅਧਿਆਤਮਕ ਵਿਕਾਸ ਪ੍ਰਾਪਤ ਕਰ ਲੈਂਦਾ ਹੈ ਤਾਂ ਸ਼ਰੀਅਤ ਤੋਂ ਉੱਕਾ ਮੁਨਕਰ ਹੋ ਜਾਂਦਾ ਹੈ।"[3]

ਸੂਫੀਮਤ ਨੂੰ ਇਸਲਾਮ ਧਰਮ ਦਾ ਪ੍ਰਧਾਨ ਅੰਗ ਸਵੀਕਾਰ ਕੀਤਾ ਜਾਂਦਾ ਹੈ। ਸੂਫ਼ੀਵਾਦ ਇਸਲਾਮ ਨਾਲ ਸੰਬੰਧਿਤ ਇਕ ਧਾਰਮਿਕ ਪੱਧਤੀ ਹੈ ਜੋ ਬਾਹਰੀ ਦਿਖਾਵੇ ਵਿਚ ਵਿਸ਼ਵਾਸ ਨਹੀਂ ਰੱਖਦੀ ਬਲਕਿ ਆਂਤਰਿਕ ਸ਼ੁੱਧੀ ਤੇ ਜ਼ੋਰ ਦਿੰਦੀ ਹੈ। ਮਨ ਨੂੰ ਜਿੱਤਣਾ ਹੀ ਸੂਫ਼ੀ ਦੀ ਅੰਦਰਲੀ ਤਿਆਰੀ ਹੈ। ਮਨ ਨੂੰ ਜਿੱਤ ਕੇ ਆਤਮਾ ਦੀ ਪਛਾਣ ਹੁੰਦੀ ਹੈ ਤੇ ਜਦੋਂ ਆਪਾ ਪਛਾਣਿਆ ਜਾਂਦਾ ਹੈ ਤਾਂ ਆਤਮਿਕ ਤੌਰ ਤੇ ਪ੍ਰਮਾਤਮਾ ਨਾਲ ਮਿਲਣੀ ਹੋ ਜਾਂਦੀ ਹੈ।

ਸੂਫ਼ੀਮਤ ਬਾਰੇ ਦੋ ਰਾਇ ਮਿਲਦੀਆਂ ਹਨ। ਕਈ ਵਿਦਵਾਨ ਸੂਫ਼ੀਅਤ ਨੂੰ ਇਸਲਾਮ ਦੇ ਵਿਰੋਧ ਵਿਚ ਉਪਜਿਆ ਮਤ ਦਸਦੇ ਹਨ ਅਤੇ ਦੂਸਰੀ ਰਾਇ ਅਨੁਸਾਰ ਸੂਫ਼ੀਮਤ ਇਸਲਾਮ ਤੋਂ ਵੱਖਰਾ ਨਹੀਂ ਹੈ। ਪਰੰਤੂ ਸੂਫ਼ੀਮਤ ਇਸਲਾਮ ਦੇ ਦਾਇਰੇ ਅੰਦਰ ਹੀ ਪੈਦਾ ਹੋਇਆ ਅਤੇ ਇਸਲਾਮ ਦੀਆਂ ਹੀ ਬੁਨਿਆਦੀ ਗੱਲਾਂ ਨੂੰ ਅਪਣਾਉਂਦਾ ਹੋਇਆ ਕੁਰਾਨ ਤੇ ਹਦੀਸ ਨੂੰ ਆਪਣਾ ਆਧਾਰ ਮੰਨਦਾ ਹੈ ਅਤੇ ਹਜ਼ਰਤ ਮੁਹੰਮਦ ਨੂੰ ਹੀ ਆਪਣਾ ਮੁਰਸ਼ਦ ਸਵੀਕਾਰਦਾ ਹੈ। ਸੂਫ਼ੀਮਤ ਨੂੰ ਅਪਣਾਉਣ ਵਾਲਿਆਂ ਨੇ ਕੁਝ ਅਮਾਨਵੀ ਕਰਮ ਕਾਂਡਾਂ ਦਾ ਵਿਰੋਧ ਜ਼ਰੂਰ ਕੀਤਾ ਹੈ। "ਸੂਫ਼ੀਮਤ ਇਸਲਾਮ ਤੋਂ ਅਲਹਿਦਾ ਕੋਈ ਮੱਤ ਨਹੀਂ ਹੈ ਸਗੋਂ ਇਹ ਤਾਂ

---

[1] ਕੰਗ, ਗੁਲਜਾਰ ਸਿੰਘ (ਡਾ.), ਸੂਫ਼ੀਅਤ ਸਿਲਸਿਲੇ ਅਤੇ ਸਾਧਕ, ਪੰਨਾ 15.
[2] ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ 66.
[3] ਘੁੰਮਣ, ਬਿਕਰਮ ਸਿੰਘ (ਪ੍ਰੋ.) (ਸੰਪਾ.), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਪੰਨਾ 7.

ਇਸਲਾਮੀ ਰਹੱਸ ਨੂੰ ਪਹਿਚਾਨਣ ਵਾਲੇ ਸਾਧਕਾਂ ਦਾ ਇਕ ਟੋਲਾ ਹੈ ਜਿਨ੍ਹਾਂ ਨੂੰ ਹਜ਼ਰਤ ਮੁਹੰਮਦ ਸਾਹਿਬ ਦੀ ਰੂਹਾਨੀ ਬਖਸ਼ਿਸ਼ ਪ੍ਰਾਪਤ ਹੋਈ ਸੀ। ਇਹੀ ਕਾਰਨ ਹੈ ਕਿ ਸੂਫ਼ੀਆਂ ਦੇ ਸਾਰੇ ਫ਼ਿਰਕੇ ਆਪਣੇ ਆਪ ਨੂੰ ਮੂਲ ਰੂਪ ਵਿਚ ਹਜ਼ਰਤ ਮੁਹੰਮਦ ਸਾਹਿਬ ਨਾਲ ਜੋੜਦੇ ਹਨ।"[1]

ਸੂਫ਼ੀਮਤ ਦਾ ਮੁੱਢ ਜਾਂ ਇਸਦੇ ਬੀਜ ਕੁਰਾਨ ਵਿਚ ਹੀ ਮੰਨੇ ਜਾਂਦੇ ਹਨ ਅਤੇ ਸੂਫ਼ੀਮਤ ਦੇ ਮੋਢੀ ਹਜ਼ਰਤ ਮੁਹੰਮਦ ਦੇ ਸਾਥੀ ਮੰਨੇ ਜਾਂਦੇ ਹਨ। ਹਰੇਕ ਇਸਲਾਮੀ ਸਰਾ ਹਰੇਕ ਮੁਸਲਮਾਨ ਨੂੰ ਸਮਾਜਿਕ ਜੀਵਨ ਬਤਾਉਣ ਲਈ ਹੱਦ ਬੰਦੀਆਂ ਸਥਾਪਿਤ ਕਰਦੀ ਹੈ ਜੋ ਕਿ ਜੀਵਨ ਨੂੰ ਸਹੀ ਸੇਧ ਵਿਚ ਲਿਆਉਂਦੀਆਂ ਹਨ, ਇਸ ਲਈ ਹਰ ਸੂਫ਼ੀ ਨੇ ਵੀ ਇਨ੍ਹਾਂ ਦੀ ਪਾਲਣਾ ਵੱਲ ਧਿਆਨ ਦਿੱਤਾ ਹੈ।

ਸੂਫ਼ੀਆਂ ਦੀ ਸਿਧਾਂਤਕ ਸਮਝ ਦਾ ਆਧਾਰ ਸਰੋਤ ਇਸਲਾਮ ਹੈ, ਪ੍ਰੰਤੂ ਅੱਲਾਹ ਦੀ ਪ੍ਰਾਪਤੀ ਲਈ ਇਹ ਸੰਸਥਾਗਤ ਇਸਲਾਮੀ ਅਨੁਸਾਸ਼ਨ ਨਾਲੋਂ ਪ੍ਰੇਮ ਜਾਂ ਮੁਹੱਬਤ ਨੂੰ ਵਧੇਰੇ ਅਹਿਮੀਅਤ ਦਿੰਦੇ ਹਨ। ਚਾਹੇ ਸੂਫ਼ੀਮਤ ਇਸਲਾਮ ਦੀ ਉਪਜ ਹੈ ਜਾਂ ਕੁਰਾਨ ਇਹਨਾਂ ਦਾ ਆਧਾਰ ਸ੍ਰੋਤ ਹੈ ਪਰ ਫਿਰ ਵੀ ਵਿਵਹਾਰਿਕ ਤੌਰ ਤੇ ਸੂਫ਼ੀ ਵੱਖਰਾ ਰਾਹ ਅਪਣਾਉਂਦੇ ਹਨ।

ਸੂਫ਼ੀਮਤ ਇਕ ਕ੍ਰਿਆਤਮਕ ਧਰਮ ਅਤੇ ਨਿਯਮ ਹੈ। ਇਸ ਵਿਚ ਕਿਸੇ ਪ੍ਰਕਾਰ ਦੀ ਕੱਟੜਤਾ ਲਈ ਜਗ੍ਹਾਂ ਨਹੀਂ ਹੈ। ਕੱਟੜਤਾ ਨਾ ਹੋਣ ਕਰਕੇ ਉਨ੍ਹਾਂ ਨੇ ਪ੍ਰਚਲਿਤ ਸੰਗੀਤ ਨੂੰ ਆਪਣੀ ਬੰਦਗੀ ਲਈ ਅਪਣਾਇਆ ਕਿਉਂਕਿ ਮੁੱਲਾਂ ਮੁਲਾਣਿਆਂ ਨੇ ਸੰਗੀਤ ਨੂੰ ਸ਼ਰ੍ਹਾ ਦੇ ਖਿਲਾਫ ਮੰਨਿਆ ਹੈ। "ਮੂਲ ਰੂਪ ਵਿਚ ਸੂਫ਼ੀਵਾਦ ਕੋਈ ਧਰਮ ਨਹੀਂ ਸਗੋਂ ਆਤਮ ਗਿਆਨ ਦੀ ਇਕ ਪੱਧਤੀ ਹੈ ਜੋ ਇਸਲਾਮ ਦੇ ਘੇਰੇ ਵਿਚ ਰਹਿੰਦੇ ਹੋਏ ਇਸ ਦੀ ਰੂਹਾਨੀਅਤ ਦੇ ਰਹੱਸ ਨੂੰ ਆਪਣੀ ਉੱਚੀ ਸੁਰਤਿ ਵਿਚ ਹੰਢਾਉਂਦੇ ਹੋਏ ਇਕ ਵਿਲੱਖਣ ਪਹਿਚਾਣ ਕਾਇਮ ਕਰ ਲੈਂਦੀ ਹੈ।"[2]

ਸੂਫ਼ੀਵਾਦ ਦੇ ਆਰੰਭ ਵਿਚ ਸੂਫ਼ੀ ਸਾਧਕ ਇਕਾਂਤਪ੍ਰੇਮੀ ਅਤੇ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ। ਇਹਨਾਂ ਦੀ ਪ੍ਰਵਿਰਤੀ ਸੰਨਿਆਸੀਆਂ ਵਾਲੀ ਸੀ। ਸੂਫ਼ੀ ਤਿਆਗੀ ਪਰਵਿਰਤੀ ਵਾਲੇ ਸਾਧਕ ਸਨ। ਸੂਫ਼ੀਮਤ ਵਾਲੇ ਸੰਸਾਰ ਪ੍ਰਤੀ ਘ੍ਰਿਣਾ ਅਤੇ ਪ੍ਰਭੂ ਦੇ ਪ੍ਰੇਮ ਵਿਚ ਰੰਗੇ ਆਪਣੇ ਗੰਭੀਰ ਭਾਵਾਂ ਅਤੇ ਰੱਬੀ ਤਤ ਬਾਰੇ ਤਰਕਵਾਦੀ ਹੁੰਦੇ ਹਨ।

### 3.3.3.3 ਭਾਰਤ ਵਿਚ ਸੂਫ਼ੀਆਂ ਦੀ ਆਮਦ

ਸੂਫ਼ੀਮਤ ਵਿਸ਼ਵ ਪ੍ਰਸਿੱਧ ਰਿਹਾ ਹੈ। ਅਰਬ ਦੇਸ਼ਾਂ ਵਿਚ ਸੂਫ਼ੀਮਤ ਦਾ ਪ੍ਰਚਾਰ 8ਵੀਂ ਸਦੀ ਵਿਚ ਸ਼ੁਰੂ ਹੋਇਆ। ਇਹ ਲੋਕ ਆਪਣੀਆਂ ਕੋਤਾਹੀਆਂ ਅਤੇ ਸਮਾਜ ਵਿਚ ਫੈਲਦੀਆਂ ਜਾ ਰਹੀਆਂ ਕੁਰੀਤੀਆਂ ਕਾਰਨ ਰੱਬ ਤੋਂ ਖੌਫਜ਼ਦਾ ਰਹਿੰਦੇ ਸਨ ਅਤੇ ਤੌਬਾ ਕਰਦੇ ਸਨ। ਅਰਬ ਅਤੇ ਭਾਰਤ ਦੇ ਸੰਬੰਧ ਪ੍ਰਾਚੀਨ ਕਾਲ ਤੋਂ ਚੱਲੇ ਆ ਰਹੇ ਹਨ। ਇਸਦਾ ਮੁੱਖ ਕਾਰਨ ਸਮੁੰਦਰ ਦੇ ਰਸਤੇ ਤੋਂ ਹੋਣ ਵਾਲਾ ਵਿਉਪਾਰ ਸੀ। ਅਰਬ ਵਿਉਪਾਰੀ ਜਹਾਜ਼ਾਂ ਰਾਹੀਂ ਆਪਣਾ ਸਮਾਨ ਲੈ ਕੇ ਭਾਰਤ ਦੇ ਸਮੁੰਦਰੀ ਤੱਟਾਂ ਤੇ ਆਉਂਦੇ ਰਹੇ। ਇਸ ਵਪਾਰ ਦੇ ਕਾਰਨ ਹੀ ਅਰਬ ਅਤੇ ਭਾਰਤ ਦੇ ਸੰਗੀਤਕ ਅਤੇ ਸਾਂਸਕ੍ਰਿਤਕ ਸੰਬੰਧ ਵੀ ਸਥਾਪਿਤ ਹੋਏ। "ਇਹ

---

[1] ਕੰਗ, ਗੁਲਜਾਰ ਸਿੰਘ (ਡਾ.), ਸੂਫ਼ੀਗਤ ਸਿਲਸਿਲੇ ਅਤੇ ਸਾਧਕ, ਪੰਨਾ 16.
[2] ਉਹੀ, ਪੰਨਾ 27.

ਕਿਹਾ ਜਾਂਦਾ ਹੈ ਕਿ ਬਾਬਾ ਆਦਮ, ਜਿਹੜੇ ਕਿ ਪਹਿਲੇ ਇਨਸਾਨ ਸਨ, ਨੂੰ ਜੰਨਤ ਤੋਂ ਜਮੀਨ ਵੱਲ ਭੇਜਿਆ ਗਿਆ ਤਾਂ ਉਨ੍ਹਾਂ ਨੂੰ ਭਾਰਤ ਦੇ ਦੱਖਣ ਵਿਚ ਲੰਕਾ ਦੀਪ ਤੇ ਉਤਾਰਿਆ ਗਿਆ ਜਦ ਕਿ ਉਨ੍ਹਾਂ ਦੀ ਪਤਨੀ ਹਜ਼ਰਤ ਹਵਾ ਅਰਬ ਵਿਚ ਉਤਰੇ, ਦੋਵਾਂ ਦੀ ਮੁੜ ਮੁਲਾਕਾਤ ਜੱਦਾ ਸ਼ਹਿਰ (ਸਊਦੀ ਅਰਬ) ਵਿਚ ਹੋਈ। ਇਸ ਤਰ੍ਹਾਂ ਅਰਬ ਅਤੇ ਹਿੰਦੁਸਤਾਨ ਤੋਂ ਸੰਬੰਧ ਰੱਖਣ ਵਾਲੀਆ ਸਖ਼ਸ਼ੀਅਤਾਂ ਦੀ ਇਹ ਪਹਿਲੀ ਮੁਲਾਕਾਤ ਸੀ।"[1] ਇਹ ਮਤ ਕਿਵਦੰਤੀ ਤੇ ਆਧਾਰਿਤ ਹੈ। "ਸਿੰਧ ਵਿਚ ਅਰਬ ਵਪਾਰੀਆਂ ਰਾਹੀਂ ਇਸਲਾਮ ਫੈਲਣਾ ਸ਼ੁਰੂ ਹੋਇਆ ਸੀ, ਮਗਰੋਂ ਮੁਹੰਮਦ ਬਿਨ ਕਾਸਿਮ ਰਾਹੀਂ ਇਹ ਖੇਤਰ ਫਤਿਹ ਹੋਇਆ, ਮੁਸਲਮਾਨਾਂ ਦੀ ਆਬਾਦੀ ਇੱਥੇ ਵਧਣ ਲੱਗੀ। ਉਲਮਾਂ ਅਤੇ ਦਰਵੇਸ਼ ਇੱਥੇ ਵੱਸਣ ਲੱਗੇ। ... ਇਸ ਕਾਲ ਵਿਚ ਮੁਲਤਾਨ ਵੀ ਸਿੰਧ ਦੇ ਖੇਤਰ ਵਿਚ ਸ਼ਾਮਿਲ ਸੀ। ਇਸ ਕਰਕੇ ਇਨ੍ਹਾਂ ਦਾ ਪ੍ਰਭਾਵ ਪੰਜਾਬ ਤੱਕ ਫੈਲਿਆ। ਇਨ੍ਹਾਂ ਵਿਚ ਸ਼ੇਖ, ਤੁਰਾਬੀ ਮੁੱਢਲੇ ਕਾਲ ਵਿਚ ਸਿੰਧ ਵਿਚ ਆ ਗਏ ਸਨ। ਇਹ 788 ਈ: ਵਿਚ ਰੱਬ ਨੂੰ ਪਿਆਰੇ ਹੋਏ ਜਦ ਕਿ ਸ਼ੇਖ ਸਫ਼ੀਉਦੀਨ ਗਜ਼ਰੂਨੀ ਅਤੇ ਸ਼ਾਹ ਯੂਸਫ਼ ਨੇ ਕਰਮ ਅਨੁਸਾਰ 1007 ਅਤੇ 1152 ਈ: ਵਿਚ ਵਫ਼ਾਤ (ਦਿਹਾਂਤ) ਪਾਈ।"[2]

ਡਾ. ਹਬੀਬ ਨੇ ਇਕ ਜਈਫ਼ ਹਦੀਸ਼ ਦੇ ਹਵਾਲੇ ਤੋਂ ਦੱਸਿਆ ਹੈ ਕਿ "ਪੈਗੰਬਰ ਹਜ਼ਰਤ ਮੁਹੰਮਦ ਨੇ ਵੀ ਭਾਰਤ ਦੀ ਤਾਰੀਫ਼ ਕੀਤੀ ਅਤੇ ਦੱਸਿਆ ਹੈ ਕਿ ਮੈਨੂੰ ਭਾਰਤ ਵੱਲੋਂ ਆਉਣ ਵਾਲੀਆਂ ਠੰਡੀਆਂ ਹਵਾਵਾਂ ਤੋਂ ਰੂਹਾਨੀਅਤ ਭਰੀਆਂ ਖੁਸ਼ਬੂਆਂ ਆਉਂਦੀਆਂ ਹਨ।"[3]

ਅਰਬ ਵਪਾਰੀ ਭਾਰਤ ਦੇ ਸਮੁੰਦਰੀ ਤਟਾਂ ਦੇ ਨੇੜਲੇ ਇਲਾਕਿਆਂ ਤੋਂ ਭਲੀ ਭਾਂਤੀ ਜਾਣੂ ਸਨ। ਇਹਨਾਂ ਰਸਤਿਆਂ ਤੋਂ ਹੀ ਕਈ ਸੂਫ਼ੀ ਸੰਤ ਅਤੇ ਮੁਸਲਮਾਨ ਵੀ ਧਰਮ ਪ੍ਰਚਾਰ ਹੇਤੂ ਭਾਰਤ ਵਿਚ ਪ੍ਰਵੇਸ਼ ਕਰ ਗਏ। ਇਹਨਾਂ ਮੁਸਲਮਾਨਾਂ ਨੇ ਸਮੁੰਦਰੀ ਤਟਾਂ ਦੇ ਨੇੜੇ ਦੀਆਂ ਬਸਤੀਆਂ ਵਿਚ ਨਿਵਾਸ ਕੀਤਾ। ਸਮੁੰਦਰੀ ਰਸਤਿਆਂ ਤੋਂ ਇਲਾਵਾ ਮੁਸਲਮਾਨਾਂ ਨੇ ਖੁਸ਼ਕੀ ਅਤੇ ਦੱਰਾ ਖੈਬਰ ਰਾਹੀਂ ਵੀ ਭਾਰਤ ਵਿਚ ਪ੍ਰਵੇਸ਼ ਕੀਤਾ। ਦੱਰੇ ਖੈਬਰ ਰਾਹੀਂ ਆਉਣ ਵਾਲੇ ਸੂਫ਼ੀ ਸਾਧਕਾਂ ਦਾ ਸਭ ਤੋਂ ਪਹਿਲਾ ਸੰਪਰਕ ਪੰਜਾਬ ਪ੍ਰਾਂਤ ਨਾਲ ਹੋਇਆ। ਮੁਸਲਮਾਨਾਂ ਦੇ ਆਗਮਨ ਨਾਲ ਹੀ ਭਾਰਤ ਵਿਚ ਇਸਲਾਮ ਦਾ ਪ੍ਰਚਾਰ ਹੋਇਆ।

"After the Muslim conquest of nothern India, the sufi began to pore into the country. This was the only peaceful, friendly and tolerant element of Islam."[4]

ਮੁਸਲਮਾਨ ਸੂਫ਼ੀ ਹਿੰਦੁਸਤਾਨ ਬੜੇ ਕਠਿਨ ਮਾਰਗਾਂ ਰਾਹੀਂ ਆਪਣੇ ਧਰਮ ਦੇ ਪ੍ਰਚਾਰ ਹੇਤੂ ਹਿੰਦੁਸਤਾਨ ਵਿਚ ਪਹੁੰਚੇ। ਉਸ ਵਕਤ ਹਿੰਦੁਸਤਾਨ ਵਿਚ ਇਸਲਾਮ ਜਾਂ ਸੂਫ਼ੀਆਂ ਤੋਂ ਕੋਈ ਵੀ ਹਿੰਦੁਸਤਾਨੀ ਜਾਣੂ ਨਹੀਂ ਸੀ। ਮੁਸਲਮਾਨ ਸੂਫ਼ੀ ਸਾਂਤਮਈ, ਮਿੱਤਰਤਾ ਅਤੇ ਸਹਿਣਸ਼ੀਲਤਾ ਪ੍ਰਵਿਰਤੀ ਵਾਲੇ ਸਨ। ਭਾਰਤੀਆਂ ਦੇ ਰੀਤੀ-ਰਿਵਾਜ਼ਾਂ, ਉਹਨਾਂ ਦੀਆਂ ਰੁਚੀਆਂ, ਸ੍ਰਿਸਟਾਚਾਰ, ਵੇਸ਼ਭੂਸਾ, ਸੰਗੀਤ ਨੂੰ ਸਮਝ ਕੇ ਉਹਨਾਂ ਵਿਚ ਜਲਦੀ ਹੀ ਰਚ-ਮਿਚ ਗਏ। ਸੂਫ਼ੀਆ ਵਿਚ ਸਾਦਗੀ, ਉਦਾਰਤਾ, ਧਾਰਮਿਕ ਕੱਟੜਤਾ ਵੱਲੋਂ

---

[1] ਹਬੀਬ, ਮੁਹੰਮਦ (ਡਾ.), ਭਾਰਤ ਵਿਚ ਸੂਫ਼ੀਵਾਦ ਚੋਣਵੇਂ ਸੰਦਰਭ, ਪੰਨਾ 1.
[2] ਉਹੀ, ਪੰਨਾ 7.
[3] ਉਹੀ, ਪੰਨਾ 2.
[4] ਲਾਜਵੰਤੀ ਰਾਮਾ ਕ੍ਰਿਸ਼ਨਾ, ਪੰਜਾਬੀ ਸੂਫ਼ੀ ਪੋਇਟਸ, ਪੰਨਾ 4.

ਉਦਾਸੀਨਤਾ ਅਤੇ ਸੰਸਾਰ ਦੇ ਲੋਭ, ਮੋਹ ਪ੍ਰਤੀ ਵਿਕਰਿਤ ਭਾਵਨਾ ਕਰਕੇ ਸੂਫ਼ੀ ਲੋਗ ਭਾਰਤੀਆਂ ਦੇ ਦਿਲ ਨੂੰ ਛੂਹ ਗਏ। ਸੂਫ਼ੀ ਮੁਸਲਮਾਨਾਂ ਦੇ ਆਗਮਨ ਸਦਕਾ ਹੀ ਭਾਰਤ ਅਤੇ ਇਸਲਾਮ ਦਾ ਇਕ ਦੂਸਰੇ ਨਾਲ ਮੇਲ ਮਿਲਾਪ ਵਧਿਆ।

"ਯਹ ਇਤਿਹਾਸਿਕ ਤੱਥ ਹੈ ਕਿ ਯਹਾਂ-ਯਹਾਂ ਭਾਰਤ ਮੇਂ ਮੁਸਲਿਮ ਅਕਰਾਂਤਾ ਆਏ, ਵਹਾਂ-ਵਹਾਂ ਸੂਫ਼ੀ ਫ਼ਕੀਰ ਪਹਿਲੇ ਸੇ ਹੀ ਵਿਧਮਾਨ ਥੇ। ਅਕਰਾਂਤਾਓਂ ਕੀ ਸੇਨਾ ਕੇ ਸਾਥ ਭੀ ਆਲਿਮ ਔਰ ਸੂਫ਼ੀ ਰਹਾ ਕਰਤੇ ਥੇ।"[1]

ਹਿੰਦੁਸਤਾਨ ਅਤੇ ਅਰਬ ਵਿਚ ਸਿਆਸੀ ਸੰਬੰਧਾਂ ਦੀ ਸ਼ੁਰੂਆਤ ਸਰਹੱਦੀ ਝਗੜਿਆਂ ਨਾਲ ਸ਼ੁਰੂ ਹੋਈ। ਅਰਬਾਂ ਨੇ ਭਾਰਤ ਦੇ ਸਮੁੰਦਰ ਦੇ ਨੇੜਲੇ ਇਲਾਕਿਆਂ ਨੂੰ ਲੁੱਟਣ ਲਈ ਹਮਲੇ ਕੀਤੇ। ਸਭ ਤੋਂ ਪਹਿਲਾ ਹਮਲਾ 636 ਈ. ਵਿਚ ਕੀਤਾ ਜਿਸ ਵਿਚ ਅਰਬਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। 712 ਈ. ਵਿਚ ਸਿੰਧ ਅਤੇ ਮੁਲਤਾਨ ਤੇ ਮੁਸਲਮਾਨਾਂ ਦਾ ਹਮਲਾ ਹੋਇਆ ਤੇ ਉਨ੍ਹਾਂ ਦਾ ਸਿੰਧ ਤੇ ਮੁਲਤਾਨ ਤੇ ਕਬਜਾ ਕਰ ਲਿਆ। ਮੁਸਲਮਾਨ ਫੌਜ ਦੇ ਨਾਲ ਕਈ ਸੂਫ਼ੀ ਫ਼ਕੀਰਾਂ ਦਾ ਵੀ ਭਾਰਤ ਵਿਚ ਆਗਮਨ ਹੋਇਆ। ਅਰਬ ਸੈਨਿਕਾਂ ਨੇ ਭਾਰਤੀ ਇਸਤਰੀਆਂ ਨਾਲ ਵਿਆਹ ਕੀਤਾ ਅਤੇ ਸੁਖ ਪੂਰਵਕ ਰਹਿਣ ਲੱਗੇ। ਸੂਫ਼ੀ ਫ਼ਕੀਰ ਭਾਰਤੀ ਲੋਕਾਂ ਨਾਲ ਰਚ-ਮਿਚ ਕੇ, ਉਨਾਂ ਦੀ ਭਾਸ਼ਾ ਸਿੱਖ ਕੇ ਹੌਲੀ-ਹੌਲੀ ਆਪਣੇ ਧਰਮ ਦਾ ਪ੍ਰਚਾਰ ਕਰਨ ਲੱਗੇ। ਉਹ ਮੁਸਲਮਾਨ ਸ਼ਾਸ਼ਕਾਂ ਦੀ ਤਰ੍ਹਾਂ ਕੱਟੜਤਾ ਨਾਲ ਧਰਮ ਦਾ ਪ੍ਰਚਾਰ ਪ੍ਰਸਾਰ ਨਹੀਂ ਕਰ ਰਹੇ ਸਨ ਬਲਕਿ ਉਨ੍ਹਾਂ ਨੇ ਸਹਿਨਸ਼ੀਲਤਾ ਅਤੇ ਪਿਆਰ ਨਾਲ ਭਾਰਤੀ ਲੋਕਾਂ ਦੇ ਦਿਲਾਂ ਵਿਚ ਜਗ੍ਹਾ ਬਣਾਈ ਅਤੇ ਕਈ ਭਾਰਤੀਆਂ ਨੂੰ ਮੁਸਲਮਾਨ ਬਣਾਇਆ। ਮੁਸਲਮਾਨਾਂ ਨੇ ਬ੍ਰਾਹਮਣ ਵਿਦਵਾਨਾਂ ਅਤੇ ਬੁੱਧ ਭਿਕਸ਼ੂਆਂ ਤੋਂ ਧਰਮ ਸ਼ਾਸਤਰ, ਗਣਿਤ ਸ਼ਾਸਤਰ, ਆਯੁਰਵੇਦ, ਜੋਤਿਸ਼ ਸ਼ਾਸਤਰ, ਦਰਸ਼ਨ ਸ਼ਾਸਤਰ ਆਦਿ ਬਾਰੇ ਗਿਆਨ ਪ੍ਰਾਪਤ ਕੀਤਾ। ਉਨ੍ਹਾਂ ਦੀ ਧਾਰਮਿਕਤਾ, ਜੀਵਨ ਦੀ ਸਾਦਗੀ ਤੇ ਉਦਾਰਤਾ ਆਦਿ ਨੇ ਲੋਕ ਦਿਲਾਂ ਨੂੰ ਪ੍ਰਾਜਿਤ ਕਰ ਲਿਆ।"[2]

"ਬਗਦਾਦ ਕੇ ਸ਼ਾਸਕੋਂ ਨੇ ਭਾਰਤੀਏ ਵਿਧਾਓਂ ਕੇ ਅਧਿਐਨ ਕੇ ਲਿਏ ਅਰਬੋਂ ਕੋ ਪ੍ਰੋਤਸਾਹਿਤ ਕੀਆ। 753-774 ਈ. ਕੇ ਮਧਅ ਮੇਂ ਅਰਬ ਲੋਗ 'ਬ੍ਰਹਮਾ ਸਿਧਾਂਤ' ਔਰ 'ਖੰਡ ਖਾਧਕ' ਜੈਸੇ ਗ੍ਰੰਥ ਅਰਬ ਲੇ ਗਏ, ਇਨ ਗ੍ਰੰਥੋਂ ਕਾ ਅਰਬੀ ਅਨੁਵਾਦ ਹੂਆ, ਜਿਸਸੇ ਅਰਬੋਂ ਕੋ ਜੋਤਿਸ਼-ਵਿਗਿਆਨ ਕੇ ਆਰੰਭਿਕ ਸਿਧਾਤੋਂ ਕਾ ਗਿਆਨ ਹੂਆ।"[3] ਭਾਰਤ ਵਿਚ ਸੂਫ਼ੀਆਂ ਦੀ ਆਮਦ ਤੇ ਸੂਫ਼ੀ ਸੰਤਾਂ ਨੇ ਕਈ ਖਾਨਕਾਹਾਂ ਅਤੇ ਸੰਪ੍ਰਦਾਇਆਂ ਦਾ ਨਿਰਮਾਣ ਕੀਤਾ ਤਾਂ ਜੋ ਉਹ ਨਿਰਵਿਘਨ ਅੱਲਾ ਦੀ ਬੰਦਗੀ ਕਰ ਸਕਣ।

### 3.3.3.4 ਸਿਲਸਿਲੇ ਦਾ ਸ਼ਾਬਦਿਕ ਅਰਥ

ਗੁਰੂ ਸ਼ਿਸ ਦੇ ਸੰਯੋਗ ਨਾਲ ਹੀ ਸੰਪ੍ਰਾਦਾਇ ਅਤੇ ਪਰੰਪਰਾ ਬਣਦੀ ਹੈ। ਸ਼ਾਬਦਿਕ ਬਣਤਰ ਵਿਚ ਸੂਫ਼ੀ ਸੰਪ੍ਰਦਾਵਾਂ ਅਤੇ ਸੂਫ਼ੀ ਸਿਲਸਿਲਾ ਦੋ ਅਲੱਗ-ਅਲੱਗ ਸ਼ਬਦ ਲੱਗਦੇ ਹਨ ਪ੍ਰੰਤੂ ਇਹਨਾਂ ਦੇ ਅਰਥਾਂ ਅਤੇ

---

[1] ਬ੍ਰਹਸਪਤੀ, ਅਚਾਰਿਆ, ਮੁਸਲਮਾਨ ਅਤੇ ਭਾਰਤੀ ਸੰਗੀਤ, ਪੰਨਾ 16.
[2] ਦੁਸਾਂਝ, ਕੁਲਦੀਪ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਸਭਿਆਚਾਰਕ ਅਧਿਐਨ, ਪੰਨਾ 57.
[3] ਬ੍ਰਹਿਸਪਤੀ, ਅਚਾਰਿਆ, ਮੁਸਲਮਾਨ ਔਰ ਭਾਰਤੀਏ ਸੰਗੀਤ, ਪੰਨਾ 19.

ਪ੍ਰਯੋਗ ਵਿਧੀ ਵਿਚ ਪਰਸਪਰ ਸਮਾਨਤਾਵਾਂ ਹਨ। ਇਹ ਇਕ ਹੀ ਸਿੱਕੇ ਦੇ ਦੋ ਵੱਖਰੇ ਪਹਿਲੂਆਂ ਵਾਂਗ ਹਨ ਜੋ ਵੇਖਣ ਵਿਚ ਭਾਵੇਂ ਅਲੱਗ ਲੱਗਦੇ ਹੋਣ ਪਰ, ਅਸਲ ਵਿਚ ਇਕ ਹੀ ਹਨ। ਇਨ੍ਹਾਂ ਸੰਪ੍ਰਦਾਵਾਂ ਦੇ ਪ੍ਰਚਾਰ ਦੇ ਢੰਗ ਵੀ ਆਪਣੇ-ਆਪਣੇ ਸਥਾਨ ਦੇ ਰੰਗ ਦੇ ਸਨ ਅਤੇ ਪੂਜਾ ਪਾਠ ਅਤੇ ਉਪਦੇਸ਼ ਦੇ ਤਰੀਕੇ ਵੀ ਭਾਵੇਂ ਵੱਖਰੇ ਸਨ ਪਰ ਅਸਲ ਮਕਸਦ ਜਾਂ ਉਦੇਸ਼ ਸਭ ਦਾ ਉਸ ਪ੍ਰਮਾਤਮਾ ਨਾਲ ਮੇਲ ਹੀ ਸੀ। ਵੱਖ-ਵੱਖ ਭਾਸ਼ਾਵਾਂ ਦੇ ਕੋਸ਼ਾਂ ਦੇ ਮੁਤਾਬਿਕ ਸਿਲਸਿਲਾ ਅਤੇ ਸੰਪਰਦਾਵਾਂ ਦੇ ਅਰਥ ਹੇਠ ਲਿਖੇ ਅਨੁਸਾਰ ਹਨ।

1. ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ "ਸੰਪ੍ਰਦਾਇ (ਸੰਪਰਦਾਯ) ਪਰੰਪਰਾ ਤੋਂ ਉਪਦੇਸ਼ ਦੇਣ ਦੀ ਚੱਲੀ ਆ ਰਹੀ ਰੀਤਿ, ਗੁਰੂ ਚੇਲੇ ਦੀ ਪੱਧਤੀ, ਗੁਰੂ ਉਪਦੇਸ਼ ਧਾਰਣ ਵਾਲੀ ਜਮਾਤ ਆਦਿ ਸ਼ਬਦ ਮਿਲਦੇ ਹਨ।"[1]

   "ਸਿਲਸਿਲਾ:- ਜੰਜ਼ੀਰ, ਸ਼ਿੰਖਲਾ, ਕ੍ਰਮ, ਵੰਸ਼, ਪੀੜ੍ਹੀ, ਸ਼੍ਰੇਣੀ, ਪੰਗਤੀ, ਕਤਾਰ"।[2]
2. ਫਾਰਸੀ: ਪੰਜਾਬੀ ਕੋਸ਼ ਅਨੁਸਾਰ, "ਸਿਲਸਿਲਾ:- ਜੰਜ਼ੀਰ, ਬੇੜੀ, ਲੜੀ, ਨਸਲ, ਔਲਾਦ, ਖਾਨਦਾਨ, ਸੂਫ਼ੀਆਂ ਦੀ ਬੰਸ਼ਾਵਲੀ, ਤਰਤੀਬ, ਵਾਸਤਾ।"[3]
3. ਹਿੰਦੀ: ਪੰਜਾਬੀ ਕੋਸ਼ ਅਨੁਸਾਰ, "ਸਿਲਸਿਲਾ:- ਕ੍ਰਮ, ਰੀਤ, ਢੰਗ, ਲੜੀ, ਜੰਜ਼ੀਰ, ਪੰਗਤ, ਸ਼੍ਰੇਣੀ, ਤਰਤੀਬ।"[4]

   "ਸੰਪਰਦਾਯ:- ਮਤ, ਧਰਮ, ਪੰਥ ਆਦਿ।"[5]

"ਸੂਫ਼ੀ ਖਾਨਕਾਹ ਦਾ ਵਾਤਾਵਰਣ ਅਸੂਲ ਅਤੇ ਵਰਤਾਰੇ ਦੇ ਪੱਖੋਂ ਹੋਰ ਸਾਰੇ ਸਾਮੰਤੀ ਇਦਾਰਿਆਂ ਦੇ ਵਰਤਾਰੇ ਤੋਂ ਵੱਖਰਾ ਸੀ।"[6]

"The Khanquahs of Sufi Saints were a place where people of all religious were attracted. The learned Sufi saints of these Khanquahs could not have drawn the people of varoius faiths and religious unless they had the capacity of creating an impact on the minds of the people around them."[7]

"ਸੂਫ਼ੀ ਸਿਲਸਿਲੇ ਮੁਸਲਿਮ ਸਮਾਜ ਦੇ ਕਿਸੇ ਖਾਸ ਰੁਹਾਨੀ ਵਲਵਲੇ ਦੇ ਤਹਿਮ ਸ਼ੁਰੂ ਨਹੀਂ ਹੋਏ ਸਨ ਸਗੋਂ ਇਨ੍ਹਾਂ ਦਾ ਜਨਮ ਮੁਸੀਬਤਜ਼ਦਾ ਸਮਾਜ ਦੀ ਮਾਨਸਿਕਤਾ ਦੇ ਪਿਛੋਕੜ ਵਿਚ ਹੋਇਆ ਜਿਸ ਨੂੰ ਰੱਬ ਤੋਂ ਛੁੱਟ ਦੁਨੀਆਂ ਦਾ ਹੋਰ ਕੋਈ ਸਹਾਰਾ ਨਜ਼ਰ ਨਹੀਂ ਆਉਂਦਾ ਸੀ।"[8]

"ਇਸ ਸਿਲਸਿਲੇ ਬੰਦੀ ਨੇ ਸੂਫ਼ੀ ਮਤ ਨੂੰ ਪੱਕੇ ਪੈਰਾਂ ਉੱਤੇ ਜਥੇਬੰਦ ਕੀਤਾ। ਨਾਲ ਹੀ ਇਹ ਯਤਨ ਸੀ ਕਿ ਹਰ ਸੂਫ਼ੀ ਲਈ ਸੂਫ਼ੀ ਮਤ ਕੁਝ ਸਾਰਥਕ ਸਿੱਧ ਹੋਵੇ। ਇਸ ਨਾਲ ਸੂਫ਼ੀ ਇਕ ਅਧਿਆਤਮਕ

---

[1] ਨਾਭਾ, ਕਾਨ ਸਿੰਘ, ਗੁਰੂ ਸ਼ਬਦ ਰਤਨਾਕਾਰ ਮਹਾਨ ਕੋਸ਼, ਪੰਨਾ 154.
[2] ਉਹੀ, ਪੰਨਾ 150.
[3] ਸੀਤਲ, ਜੀਤ ਸਿੰਘ (ਡਾ.), ਫਾਰਸੀ-ਪੰਜਾਬੀ ਕੋਸ਼, ਪੰਨਾ 433.
[4] ਹਿੰਦੀ ਪੰਜਾਬੀ ਕੋਸ਼, ਪੰਨਾ 801.
[5] ਉਹੀ, ਪੰਨਾ 776.
[6] ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ 67.
[7] Sathianathan, Stantsheela, Contribution of Saints and Seers of the Music of India, pg. 128.
[8] ਹਬੀਬ, ਮੁਹੰਮਦ (ਡਾ.), ਭਾਰਤ ਵਿਚ ਸੂਫ਼ੀਵਾਦ ਚੋਣਵੇਂ ਸੰਦਰਭ, ਪੰਨਾ 75.

ਵਿਰਸੇ ਨਾਲ ਜੁੜ ਗਏ ਜਿਸ ਕਾਰਨ ਸੂਫ਼ੀਆਂ ਦੇ ਸਤਿਕਾਰ ਵਿਚ ਵਾਧਾ ਹੋਇਆ ਅਤੇ ਕੱਟੜਵਾਦੀਆਂ ਤੇ ਪੁਰਾਤਨੀਆਂ ਦੇ ਹਮਲਿਆਂ ਤੋਂ ਉਹ ਵਧੇਰੇ ਸੁਰੱਖਿਅਤ ਹੋ ਗਏ।"[1]

ਜੇਕਰ ਇਹ ਕਹਿ ਲਿਆ ਜਾਵੇ ਕਿ ਇਨ੍ਹਾਂ ਸੰਪ੍ਰਦਾਵਾਂ ਦੇ ਹੋਂਦ ਵਿਚ ਆਉਣ ਨਾਲ ਹੀ ਇਸਲਾਮ ਦਾ ਰਹੱਸਵਾਦੀ ਪੱਖ ਇਸਲਾਮੀ ਜਗਤ ਦੇ ਨਾਲ-ਨਾਲ ਵਿਸ਼ਵ ਵਿਚ ਪ੍ਰਸਿੱਧ ਅਤੇ ਵਿਕਸਿਤ ਹੋਇਆ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਭਾਰਤ ਵਿਚ ਸੂਫ਼ੀਮਤ ਦੀ ਸਥੂਲ ਸਥਾਪਨਾ ਗਿਆਰਵੀਂ ਸਦੀ ਤੋਂ ਹੋਈ ਅਤੇ ਮੁਗਲ ਰਾਜ-ਕਾਲ ਵਿਚ ਇਸਦਾ ਪ੍ਰਚਾਰ ਹੋਇਆ। ਭਾਰਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਸੂਫ਼ੀਵਾਦ ਵਿਕਾਸ ਦੀਆਂ ਬੁਲੰਦੀਆਂ ਨੂੰ ਛੂ ਰਿਹਾ ਸੀ। ਇਸ ਵਿਕਾਸ ਵਿਚ ਸੂਫ਼ੀ ਸੰਪਰਦਾਵਾਂ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ। "ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਿਚ ਜਿੰਨੇ ਸ਼੍ਰੋਮਣੀ ਸੂਫ਼ੀ ਦਰਵੇਸ਼ ਹੋਏ ਹਨ ਅਤੇ ਜਿੰਨ੍ਹਾਂ ਦੀ ਖਾਨਗਾਹਾਂ ਸੂਫ਼ੀ ਦਰਸ਼ਨ ਅਤੇ ਨੈਤਿਕ ਵਿਵਹਾਰ ਤੇ ਪ੍ਰਸਾਰ ਕੇਂਦਰਾਂ ਵਜੋਂ ਸਨਮਾਨੀਆਂ ਜਾਂਦੀਆਂ ਰਹੀਆਂ ਹਨ।"[2] ਸੂਫ਼ੀਆਂ ਦੇ ਮਜ਼ਹਬ ਦੇ ਪ੍ਰਚਾਰਾਂ ਅਤੇ ਸਮਾਜਿਕ ਸੁਧਾਰ ਲਈ ਥਾਂ-ਥਾਂ ਤੇ ਖਾਨਕਾਹਾਂ ਸਥਾਪਿਤ ਕੀਤੀਆਂ। "ਮੁਹੰਮਦ ਗੌਰੀ ਸੂਫ਼ੀ ਪਰੰਪਰਾ ਦਾ ਅਨੁਆਈ ਸੀ ਤੇ ਸੰਗੀਤ ਪ੍ਰੇਮੀ ਸੀ ਜਿਹੜਾ ਵਿਦਵਾਨਾਂ ਦੀ ਖਾਸ ਕਦਰ ਕਰਦਾ ਸੀ। ਕੁਤੁਬਦੀਨ ਏਬਕ ਜਿਸ ਦਾ ਰਾਜ ਕਾਲ 1206-1210 ਸੀ, ਬਖਤਿਆਰ ਕਾਕੀ ਦਾ ਚੇਲਾ ਸੀ। ਇਸ ਨੇ ਕਈ ਮਸਜ਼ਿਦਾਂ, ਮਦਰੱਸਿਆਂ ਅਤੇ ਖਾਨਕਾਹਾਂ ਦੀ ਸਥਾਪਨਾ ਕੀਤੀ। ਇਸ ਨਾਲ ਕੱਵਾਲੀ ਦਾ ਪ੍ਰਚਾਰ ਵਿਸਥਾਰ ਵਧਿਆ ਅਤੇ ਇਹ ਖਾਨਕਾਹਾਂ ਕੱਵਾਲਾਂ ਦਾ ਕੇਂਦਰ ਬਣਨ ਲੱਗ ਪਈਆਂ। ਫਲਸਰੂਪ ਉੱਤਰੀ ਭਾਰਤੀ ਸੰਗੀਤ ਵਿਚ ਇੱਕ ਨਵੀਨ ਸ਼ੈਲੀ ਦਾ ਪ੍ਰਚਾਰ ਵਧਣ ਲੱਗਾ।"[3] ਇਸਲਾਮ ਦੇ ਪ੍ਰਚਾਰ ਪ੍ਰਸਾਰ ਵਿਚ ਸੂਫ਼ੀ ਸੰਪ੍ਰਦਾਵਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ। ਇਹ ਸੰਪ੍ਰਦਾਵਾਂ ਮੂਲ ਰੂਪ ਰਹੱਸਵਾਦੀ ਪ੍ਰਵਿਰਤੀ ਦੀਆਂ ਸਨ ਅਤੇ ਇਨ੍ਹਾਂ ਨੇ ਬਹੁਤ ਥੋੜ੍ਹੇ ਸਮੇਂ ਵਿਚ ਭਾਰਤ ਦੇ ਵੱਡੇ ਜਨ ਸਮੂਹ ਨੂੰ ਆਪਣੇ ਪ੍ਰਭਾਵ ਅਧੀਨ ਲੈ ਆਂਦਾ। ਇਹ ਵੇਖਣ ਵਿਚ ਆਉਂਦਾ ਹੈ ਕਿ ਹਰ ਸੰਪ੍ਰਦਾਇ ਦਾ ਨਾਮ ਸੁਪ੍ਰਸਿੱਧ ਸੂਫ਼ੀ ਸੰਤ ਨਾਲ ਜਾ ਜੁੜਦਾ ਹੈ, ਜਿਸ ਦਾ ਆਲੇ ਦੁਆਲੇ ਦੇ ਲੋਕਾਂ ਵਿਚ ਵਿਸ਼ੇਸ਼ ਆਦਰ ਮਾਣ ਹੁੰਦਾ ਸੀ। ਹਰ ਪਿੰਡ ਦਾ ਆਪਣਾ ਇਕ ਆਗੂ ਸੂਫ਼ੀ ਸੰਤ ਹੁੰਦਾ ਸੀ ਜਿਸਨੂੰ ਸਤਿਕਾਰਿਆ ਜਾਂਦਾ ਸੀ ਅਤੇ ਉਸਦੇ ਉਪਦੇਸ਼ਾਂ ਤੇ ਹੀ ਮੁਰੀਦ ਆਪਣਾ ਜੀਵਨ ਜਾਪਨ ਕਰਦੇ ਸਨ। ਸੂਫ਼ੀ ਸੰਤ ਇਨ੍ਹਾਂ ਖਾਨਕਾਹਾਂ ਵਿਚ ਬਿਨ੍ਹਾਂ ਭੇਦ-ਭਾਵ ਦੇ ਹਰੇਕ ਵਿਅਕਤੀ ਨੂੰ ਜੀ ਆਇਆਂ ਕਹਿ ਕੇ ਅਧਿਆਤਮਿਕ ਸਾਧਨਾ ਅਤੇ ਪ੍ਰਭੂ-ਮਿਲਾਪ ਦਾ ਮਾਰਗ ਦਖਾਉਂਦੇ ਸਨ। ਅਧਿਆਤਮਿਕ ਸਾਧਨਾ ਕਰਦਿਆਂ ਪ੍ਰਭੂ ਪ੍ਰਾਪਤੀ ਦੀਆਂ ਮੰਜ਼ਿਲਾਂ ਅਤੇ ਸਿਧਾਂਤ ਭਾਵੇਂ ਸਾਰੇ ਸੂਫ਼ੀ ਸਾਧਕਾਂ ਵਿਚ ਮਿਲਦੇ-ਜੁਲਦੇ ਸਨ ਪਰ ਸਾਧਨਾਂ ਜਾਂ ਸਥਾਨ ਦੂਰੀ ਕਰਕੇ, ਇਹ ਸੰਪਰਦਾਵਾਂ ਅਲੱਗ-ਅਲੱਗ ਰੂਪ ਵਿਚ ਅੱਗੇ ਵਿਕਸਿਤ ਹੋ ਗਈਆਂ। ਹਰ ਸੰਪਰਦਾ ਦੇ ਮੁੱਖੀ ਨੂੰ ਪੀਰ, ਸ਼ੇਖ, ਮੁਰਸ਼ਦ, ਖਲੀਫ਼ਾ, ਗੁਰੂ ਆਦਿ ਨਾਮਾਂ ਨਾਲ ਸਤਿਕਾਰਿਆ ਜਾਂਦਾ ਸੀ। "ਸ਼ੇਖ (ਅਧਿਆਤਮਿਕ ਗੁਰੂ)

---

[1] ਅਮੋਲ, ਐਸ.ਐਸ. (ਸੰਪਾ.), ਸੁਲਤਾਨ ਬਾਹੂ, ਭਾਸ਼ਾ ਵਿਭਾਗ ਪੰਜਾਬ, ਪੰਨਾ 17.
[2] ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ 143.
[3] ਸ਼ਰਮਾ, ਯੋਗੇਂਦਰ ਪਾਲ ਅਤੇ ਬਚਿੱਤਰ ਸਿੰਘ, ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 371.

ਕੀ ਸਥਿਤੀ ਖਾਨਕਾਹ ਮੇਂ ਕੇਂਦਰੀ ਵਿਅਕਤੀਤਵ ਔਰ ਸਰਵਉੱਚ ਪਦ ਅਧਿਕਾਰੀ ਕੀ ਹੋਤੀ ਥੀ, ਵਹ ਨਾ ਕੇਵਲ ਕੇਂਦਰ ਕੇ ਸੰਪੂਰਨ ਪ੍ਰਸ਼ਾਸਨਿਕ ਨਿਯੰਤਰਣ ਕਾ ਉਤਰਦਾਈ ਹੋਤਾ ਥਾ, ਬਲਕਿ ਸੰਪੂਰਨ ਦੇਸ਼ ਮੇਂ ਫੈਲੀ ਅਪਨੀ ਸਭੀ ਸ਼ਾਖਾਓਂ ਕੀ ਦੇਖ-ਰੇਖ ਭੀ ਕਰਤਾ ਥਾ।"[1] ਇਹੀ ਗੁਰੂ ਪੀਰ ਆਪਣੇ ਮੁਰੀਦ ਭਾਵ ਪੈਰੋਕਾਰਾਂ ਦਾ ਪਥ ਪ੍ਰਦਰਸ਼ਕ ਬਣ ਕੇ ਉਨ੍ਹਾਂ ਨੂੰ ਅਧਿਆਤਮਿਕ ਸਿਖਰ ਤੇ ਪਹੁੰਚਾਉਂਦਾ ਸੀ। ਪ੍ਰਸਿੱਧ ਮੁਗਲ ਸਮਰਾਟ ਅਕਬਰ ਦੇ ਦਰਬਾਰੀ ਅਬੁਲ-ਫਜਲ ਨੇ ਆਇਨੇ ਅਕਬਰੀ ਵਿਚ ਸੰਪਰਦਾਵਾਂ ਦਾ ਜ਼ਿਕਰ ਕੀਤਾ ਹੈ ਜੋ ਇਸ ਪ੍ਰਕਾਰ ਹਨ। ਚਿਸ਼ਤੀ, ਸੁਹਰਾਵਰਦੀ, ਹਬੀਬੀ, ਤਫੂਰੀ, ਕਰਖੀ, ਸ਼ਕਤੀ, ਜੁਨੇਦੀ, ਕਾਜਰੂਨੀ, ਤੂਸੀ, ਫਿਰਦੌਸੀ, ਜ਼ੇਦੀ, ਇਯਾਚੀ, ਅਧਮੀ, ਹੁਬੈਰੀ।

"ਐਨਸਾਈਕਲੋਪੀਡੀਆ ਆਫ ਇਸਲਾਮ ਦੇ ਕਰਤਾ ਨੇ 175 ਮੁੱਖ ਸੂਫ਼ੀ ਸੰਪਰਦਾਵਾਂ ਦਾ ਅਤੇ ਅਨੇਕ ਗੌਣ ਸੰਪਰਦਾਵਾਂ ਦਾ ਵਰਨਣ ਕੀਤਾ ਹੈ, ਜਿਨ੍ਹਾਂ ਇਸਲਾਮੀ ਵਿਚਾਰਧਾਰਾ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਨਾਲ ਵਿਅਕਤ ਕੀਤਾ।"[2]

**3.3.3.4.1 ਚਿਸ਼ਤੀ ਸਿਲਸਿਲਾ**

ਭਾਰਤ ਵਿਚ ਸਭ ਤੋਂ ਵੱਧ ਗੌਰਵ ਅਤੇ ਪ੍ਰਚਾਰ ਕਰਨ ਵਾਲਾ ਚਿਸ਼ਤੀ ਸਿਲਸਿਲਾ ਹੈ। ਚਿਸ਼ਤੀ ਸਿਲਸਿਲੇ ਦੇ ਮੋਢੀ ਹਜ਼ਰਤ ਖ਼ਵਾਜਾ ਅਬੂ ਇਸਹਾਕ ਸਾਮੀ ਚਿਸ਼ਤੀ, ਹਜ਼ਰਤ ਅਲੀ ਦੇ ਰੂਹਾਨੀ ਉਤਰ-ਅਧਿਕਾਰੀਆਂ ਵਿਚ ਨੌਵੀ ਪੀੜੀ ਵਿਚ ਮੰਨੇ ਜਾਂਦੇ ਹਨ। ਹਜ਼ਰਤ ਅਲੀ ਨੇ ਖ਼ਵਾਜਾ ਹਸਨ ਬਸਰੀ ਨੂੰ ਫ਼ਕੀਰੀ ਦਿੱਤੀ ਜੋ ਕਿ ਇਸ ਸਿਲਸਿਲੇ ਦੇ ਮੋਢੀ ਮੰਨੇ ਜਾਂਦੇ ਹਨ। ਇਹ ਹੀ ਏਸ਼ੀਆ ਮਾਈਨਰ ਤੋਂ ਚਲਕੇ ਖੁਰਾਸਾਨ ਦੇ ਚਿਸ਼ਤ ਨਗਰ ਵਿਚ ਨਿਵਾਸ ਕਰਦੇ ਸਨ। ਇਸੇ ਕਾਰਨ ਹੀ ਇਹਨਾਂ ਨੂੰ ਚਿਸ਼ਤੀ ਕਿਹਾ ਜਾਂਦਾ ਸੀ। ਹਜ਼ਰਤ ਖ਼ਵਾਜਾ ਅਬੂ ਇਸਹਾਕ ਹਜ਼ਰਤ ਖਵਾਜਾ ਅਲੀ ਦੀਨਵਰੀ ਦੇ ਹਜ਼ੂਰ ਮੁਰਸ਼ਦ ਧਾਰਨ ਕਰਨ ਲਈ ਬਗਦਾਦ ਹਾਜ਼ਰ ਹੋਏ। ਵਧੇਰੇ ਵਿਦਵਾਨ ਇਸ ਸਿਲਸਿਲੇ ਦਾ ਆਗੂ ਖ਼ਵਾਜਾ ਅਬੂ ਅਬਦਾਲ ਚਿਸ਼ਤੀ ਨੂੰ ਮੰਨਦੇ ਹਨ। ਜੋ ਖ਼ਵਾਜਾ ਇਸਹਾਕ ਸਾਮੀ ਦਾ ਮੁਰੀਦ ਸੀ।ਕਿਹਾ ਜਾਂਦਾ ਹੈ ਕਿ ਅਬੂ ਇਸਹਾਕ ਸਾਮ ਦੇਸ ਤੋਂ ਆ ਕੇ ਚਿਸ਼ਤ ਨਗਰ ਵਿਚ ਵੱਸ ਗਿਆ ਸੀ। ਚਿਸ਼ਤ ਖੁਰਾਸਾਨ ਦਾ ਪ੍ਰਸਿੱਧ ਸ਼ਹਿਰ ਹੈ। ਉੱਚ ਸ਼ਰੀਫ਼ ਤੇ ਮੁਲਤਾਨ ਸ਼ਹਿਰਾਂ ਦੇ ਵਿਚਕਾਰ ਵੀ ਚਿਸ਼ਤ ਨਾਂ ਦਾ ਇਕ ਕਸਬਾ ਹੈ ਪਰ ਚਿਸ਼ਤੀ ਸੂਫ਼ੀਆਂ ਦਾ ਸੰਬੰਧ ਖ਼ੁਰਾਸਾਨ ਦੇ ਚਿਸ਼ਤ ਨਾਲ ਹੈ।

ਇਸ ਸੰਪਰਦਾ ਦੇ ਪ੍ਰਵਰਤਕ ਜਾਂ ਆਗੂ ਦੇ ਬਾਰੇ ਵਿਚ ਵਿਦਵਾਨਾਂ ਵਿਚ ਮਤਭੇਦ ਹੈ। ਰਾਮ ਪੂਜਨ ਤਿਵਾੜੀ ਗਲੌਸਰੀ ਆਫ਼ ਪੰਜਾਬ ਟ੍ਰਾਈਬਜ਼ ਐਂਡ ਕਾਸਟਸ (1910) ਵਿਚ ਲਿਖਦੇ ਹਨ ਕਿ "ਚਿਸ਼ਤੀ ਸੰਪਰਦਾ ਦੇ ਪ੍ਰਵਰਤਕ ਇਸਹਾਕ ਸ਼ਾਮੀ ਚਿਸ਼ਤੀ ਮੰਨੇ ਜਾਂਦੇ ਹਨ, ਪਰੰਤੂ ਬਹੁਤ ਲੋਕ ਅਜਿਹੇ ਹਨ, ਜਿਹੜੇ ਖ਼ਵਾਜਾ ਅਬੂ ਅਬਦੁੱਲ ਚਿਸ਼ਤੀ ਨੂੰ ਇਸ ਦਾ ਪਰਵਰਤਕ ਮੰਨਦੇ ਹਨ ਅਤੇ ਕਿੰਨੇ ਖ਼ਵਾਜਾ ਮੁਈਅਨਉੱਦੀਨ ਨੂੰ ਮੰਨਦੇ ਹਨ।"[3]

---

[1] ਈਰਾਕੀ ਸ਼ਹਾਬੁਦੀਨ, ਮੱਧਅਕਾਲੀਨ ਭਾਰਤ ਮੇਂ ਭਕਤੀ ਅੰਦੋਲਨ, ਸਮਾਜਿਕ ਏਵਮ ਰਾਜਨੀਤਿਕ ਪਰਿਪੇਖਸ਼, ਪੰਨਾ 29.
[2] ਢਿੱਲੋਂ, ਹਰਜਿੰਦਰ ਸਿੰਘ, ਪੰਜਾਬੀ ਸੂਫ਼ੀ ਕਾਵਿ ਵਿਚ ਰਹੱਸਵਾਦੀ ਪ੍ਰਵਿਰਤੀ, ਪੰਨਾ 58.
[3] ਤਿਵਾੜੀ, ਰਾਮ ਪੂਜਨ (ਡਾ.), ਸੂਫ਼ੀਮਤ ਸਾਧਨਾ ਔਰ ਸਾਹਿਤਯ, ਪੰਨਾ 443.

ਡਾ. ਵਿਮਲ ਕੁਮਾਰ ਜੈਨ, "ਇਸ ਸੰਪਰਦਾ ਦਾ ਮੋਢੀ ਅਬੂ ਅਬਦੁੱਲ ਚਿਸ਼ਤੀ ਨੂੰ ਮੰਨਦਾ ਹੈ।"[1]

ਖਲਿਕ ਅਹਿਮਦ ਨਿਜ਼ਾਮੀ ਦਾ ਵਿਚਾਰ ਹੈ ਕਿ ਇਸ ਸੰਪਰਦਾ ਦੀ ਸਥਾਪਨਾ ਅਫ਼ਗਾਨਿਸਤਾਨ ਵਿਚ ਅਬੂ-ਇਸ਼ਹਾਕ ਦੁਆਰਾ ਹੋਈ।

ਖ਼ਵਾਜਾ ਮੁਈਨੁਦੀਨ ਚਿਸ਼ਤੀ ਨੇ ਭਾਰਤ ਵਿਚ ਚਿਸ਼ਤੀ ਸਿਲਸਿਲਾ ਕਾਇਮ ਕੀਤਾ। "ਜੇਕਰ ਇਹ ਕਿਹਾ ਜਾਵੇ ਕਿ ਭਾਰਤ ਵਿਚ ਜੋ ਵੱਡੀਆਂ-ਵੱਡੀਆਂ ਹਕੂਮਤਾਂ ਕਾਇਮ ਹੋਈਆਂ, ਉਹਨਾਂ ਦੇ ਲਈ ਚਿਸ਼ਤੀ-ਪਰੰਪਰਾ ਦੇ ਸੂਫ਼ੀਆਂ ਨੇ ਮਾਰਗ ਸਮਤਲ ਕਰ ਦਿੱਤੇ, ਤਾਂ ਅਨਉਚਿਤ ਨਹੀਂ ਹੋਵੇਗਾ।"[2]

"ਸਈਅਦ ਮੁਹੰਮਦ ਹਾਫਿਜ਼ ਨੇ ਨਿਸ਼ਚਿਤ ਕੀਤਾ ਹੈ ਕਿ ਭਾਰਤ ਦਾ ਸਭ ਤੋਂ ਪੁਰਾਣਾ ਸੂਫ਼ੀ ਸੰਪਰਦਾ ਚਿਸ਼ਤੀ ਸੀ।"[3]

ਖ਼ਵਾਜਾ ਮੁਈਨ-ਉਦ-ਦੀਨ ਚਿਸ਼ਤੀ ਦਾ ਜਨਮ 1142 ਈ. ਨੂੰ ਅਫਗਾਨਿਸਤਾਨ ਦੇ ਦੱਖਣੀ ਪ੍ਰਾਂਤ ਸੀਸਤਾਨ ਦੇ ਸ਼ਹਿਰ ਸੰਜਰ ਵਿਚ ਹੋਇਆ। ਇਨ੍ਹਾਂ ਦੇ ਜਨਮ ਦੇ ਬਾਰੇ ਵੀ ਵਿਦਵਾਨਾਂ ਵਿਚ ਮਤਭੇਦ ਹਨ। ਸ੍ਰੀ ਪਰਸ਼ੂਰਾਮ ਚਤੁਰਵੇਦੀ ਇਨ੍ਹਾਂ ਦਾ ਜਨਮ 1199 ਵਿਚ, ਸਵਾਮੀ ਵਾਹਿਦ ਕਾਜ਼ਮੀ 1141 ਈ. ਵਿਚ ਮੰਨਦੇ ਹਨ। ਇਹਨਾਂ ਦਾ ਜਨਮ ਸੀਸਤਾਨ ਦੇ ਸੰਜਰ ਨਾਮਕ ਨਗਰ ਵਿਚ ਹੋਇਆ ਸੀ ਪਰ ਇਹ ਤਾਤਾਰਾਂ ਦੇ ਹਮਲਿਆਂ ਦੇ ਕਾਰਣ ਇਹਨਾਂ ਦੇ ਭ੍ਰਮਣਸ਼ੀਲ ਫ਼ਕੀਰਾ ਵਾਲਾ ਜੀਵਨ ਜਿਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਨੇ ਇਰਾਕ ਵਿਚ ਰਹਿ ਕੇ ਵਿਦਿਆ ਪ੍ਰਾਪਤ ਕੀਤੀ ਅਤੇ ਵੱਡੇ ਇਸਲਾਮੀ ਸ਼ਹਿਰਾਂ ਅਤੇ ਮੁਲਕਾਂ ਦੀ ਯਾਤਰਾ ਕਰਦੇ ਹੋਏ ਹਿੰਦੁਸਤਾਨ ਪਹੁੰਚੇ। ਇਹ ਕਈ ਪ੍ਰਸਿੱਧ ਫ਼ਕੀਰਾਂ ਦੇ ਸੰਪਰਕ ਵਿਚ ਆਏ ਤੇ ਉਹਨਾਂ ਤੋਂ ਅਧਿਆਤਮਿਕ ਗਿਆਨ ਗ੍ਰਹਿਣ ਕੀਤਾ। ਮਜ਼ਲੂਮਾਂ ਦੀ ਫ਼ਰਿਆਦ ਸੁਨਣਾ, ਬੇਸਹਾਰਿਆਂ ਦੀਆਂ ਜਰੂਰਤਾਂ ਨੂੰ ਪੂਰੀਆਂ ਕਰਨਾ ਅਤੇ ਭੁੱਖਿਆ ਨੂੰ ਖਾਣਾ ਦੇਣਾ ਇਨ੍ਹਾਂ ਦੇ ਮੁੱਖ ਸਿਧਾਂਤ ਸਨ। ਹਿੰਦੁਸਤਾਨ ਆ ਕੇ ਅਜਮੇਰ ਨੂੰ ਆਪਣਾ ਠਿਕਾਣਾ ਬਣਾਇਆ। ਅਜਮੇਰ ਵਿਚ ਇਨ੍ਹਾਂ ਨੇ ਸੂਫ਼ੀਮਤ ਦਾ ਬੀਜ ਲਾਇਆ ਅਤੇ ਇਲਮ ਅਤੇ ਅਮਲ ਦੀ ਇਕਸੁਰਤਾ ਤੇ ਜ਼ੋਰ ਦਿੰਦਿਆ ਰੂਹਾਨੀ ਤਰੱਕੀ ਨੂੰ ਤਸੱਵੁਫ਼ ਦਾ ਰਸਤਾ ਦੱਸਿਆ। "ਸੂਫ਼ੀਆਂ ਵਿਚੋਂ ਖ਼ਵਾਜਾ ਮੁਈਨੁਦੀਨ ਚਿਸ਼ਤੀ ਅਜਿਹੇ ਬਜ਼ੁਰਗ ਹਨ ਜਿੰਨ੍ਹਾਂ ਨੇ ਹਿੰਦੁਸਤਾਨ ਦੀ ਜ਼ੁਬਾਨ ਸਿੱਖੀ ਅਤੇ ਆਮ ਬੋਲਚਾਲ 'ਚ ਇਸਤੇਮਾਲ ਕੀਤੀ। ਇਨ੍ਹਾਂ ਪੈਰੋਕਾਰਾਂ ਦੀ ਗੱਲ ਬਾਤ 'ਚ ਜ਼ਿਆਦਾ ਹਿੰਦੀ ਸ਼ਬਦ ਪ੍ਰਯੋਗ ਕੀਤੇ ਗਏ ਹਨ, ਕਈ ਥਾਵਾਂ ਤੇ ਤਾਂ ਪੂਰੇ ਦੇ ਪੂਰੇ ਜੁਮਲੇ ਹਿੰਦੁਸਤਾਨੀ ਮਿਲਦੇ ਹਨ।"[4] ਇਨ੍ਹਾਂ ਦਾ ਅੰਤਿਮ ਸਮਾਂ ਵੀ ਅਜਮੇਰ ਵਿਚ ਬੀਤਿਆ। ਇਨ੍ਹਾਂ ਦੀ ਮੌਤ ਤੋਂ ਬਾਅਦ ਅਜਮੇਰ ਵਿਚ ਦਰਗਾਹ ਬਣੀ ਹੋਈ ਹੈ ਜਿੱਥੇ ਹਰ ਸਾਲ ਉਰਸ ਮਨਾਇਆ ਜਾਂਦਾ ਹੈ। ਇਸ ਜਗ੍ਹਾਂ ਨੂੰ ਚਿਸ਼ਤੀਆਂ ਦਾ ਮੱਕਾ ਵੀ ਕਿਹਾ ਜਾਂਦਾ ਹੈ।

---

[1] ਜੈਨ, ਵਿਮਲ ਕੁਮਾਰ (ਡਾ.), ਸੂਫ਼ੀਮਤ ਔਰ ਹਿੰਦੀ ਸਾਹਿਤਯ, ਪੰਨਾ 84.
[2] ਬ੍ਰਹਿਸਪਤੀ, ਆਚਾਰੀਆ, ਮੁਸਲਮਾਨ ਔਰ ਭਾਰਤੀਏ ਸੰਗੀਤ, ਪੰਨਾ 26.
[3] ਮਨਮੋਹਨ ਸਿੰਘ, ਸੂਫ਼ੀਮਤ ਅਤੇ ਧਾਰਮਿਕ ਲਹਿਰਾਂ, ਪੰਨਾ 7.
[4] ਧਨਵੰਤ ਕੌਰ (ਡਾ.) (ਸੰਪਾ), ਸੂਫ਼ੀਆਨਾ ਅਦਬੀ ਰਵਾਇਤ, ਪੰਨਾ 191.

"ਚਿਸ਼ਤੀਆਂ ਸਿਲਸਿਲੇ ਦੇ ਭਾਰਤੀ ਸੂਫ਼ੀਆਂ ਵਿਚ ਹਜ਼ਰਤ ਖ਼ਵਾਜਾ ਮੁਇਨੁਦੀਨ ਚਿਸ਼ਤੀ ਸਭ ਤੋਂ ਪ੍ਰਸਿੱਧ ਸੰਤ ਹਨ, ਜੋ ਅਜਮੇਰ ਵਾਲੇ ਖ਼ਵਾਜਾ ਉਰਫ 'ਗਰੀਬਨਵਾਜ' ਦੇ ਨਾਮ ਨਾਲ ਵੀ ਪ੍ਰਸਿੱਧ ਹਨ। ਇਸ ਲਈ ਸੂਫ਼ੀਆਂ ਵਿਚ ਅਜਮੇਰ ਨੂੰ ਸੂਫ਼ੀਆਂ ਦਾ ਮੱਕਾ ਵੀ ਕਿਹਾ ਜਾਂਦਾ ਹੈ।"[1]

ਚਿਸ਼ਤੀ ਸਿਲਸਿਲੇ ਦਾ ਭਾਰਤ ਵਿਚ ਮਕਬੂਲ ਹੋਣ ਦਾ ਸਭ ਤੋਂ ਖਾਸ ਕਾਰਨ ਇਹ ਸੀ ਕਿ ਇਨ੍ਹਾਂ ਸੂਫ਼ੀਆਂ ਨੇ ਆਪਣੇ ਕਲਾਮ ਨੂੰ ਲੋਕ ਭਾਸ਼ਾ ਵਿਚ ਲੋਕਾਂ ਦੇ ਸਤਰ ਨੂੰ ਸਮਝਦੇ ਹੋਏ ਪ੍ਰਚਾਰ ਕੀਤਾ। ਇਨ੍ਹਾਂ ਸੰਤਾਂ ਨੇ ਪਹਿਲਾਂ ਲੋਕਾਂ ਦੇ ਦਿਲਾਂ ਦੀ ਆਪਣੇ ਪਿਆਰ ਅਤੇ ਸਨੇਹ ਸਦਕਾ ਜਿੱਤਿਆ ਅਤੇ ਫਿਰ ਇਹੀ ਜਿੱਤ ਨਾਲ ਉਨ੍ਹਾਂ ਨੇ ਇਨ੍ਹਾਂ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ।

"ਚਿਸ਼ਤੀ ਪਰੰਪਰਾ ਕੇ ਸੂਫ਼ੀਓਂ ਨੇ ਲੋਗਭਾਸ਼ਾ ਸੀਖੀ, ਸਮਾਨਅ ਜਨਤਾ ਕੇ ਸਤਰ ਪਰ ਉਤਰਕਰ ਸਰਲ ਸ਼ਬਦੋਂ ਮੇਂ ਅਪਨੀ ਬਾਤ ਕਹੀ, ਵੇ ਭਾਰਤ ਕੇ ਲੋਕਜੀਵਨ ਮੇਂ ਰਮੇ, ਇਨਹੋਂਨੇ ਯਹੀਂ ਕੀ ਧੁਨੋਂ ਮੇਂ ਅਪਨੇ ਗੀਤ ਗਾਏ।"[2]

"ਸੂਫ਼ੀ ਸਾਧਨਾ ਦੇ ਅੰਤਰ ਸਮਾਜ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਸੂਫ਼ੀਆਂ ਦੀਆਂ ਵਿਭਿੰਨ ਸੰਸਥਾਵਾਂ ਵਿਚ ਖਾਸ ਕਰ ਚਿਸ਼ਤੀ ਸਿਲਸਿਲੇ ਦੇ ਸੂਫ਼ੀ ਦਰਵੇਸ਼ਾਂ ਦੇ ਜੀਵਨ ਅਤੇ ਬਾਣੀ ਰਚਨਾ ਤੋਂ ਇਹ ਗੱਲ ਭਲੀ-ਭਾਂਤ ਉਜਾਗਰ ਹੁੰਦੀ ਹੈ ਕਿ ਇਨ੍ਹਾਂ ਸੂਫ਼ੀਆਂ ਦੀਆਂ ਦਰਗਾਹਾਂ ਵਿਚ ਰੱਬੀ ਉਸਤਤਿ ਦਾ ਸੰਗੀਤ (ਸਮਾਅ) ਸੁਨਣ ਦੀ ਰਵਾਇਤ ਮੌਜੂਦ ਸੀ।"[3]

ਖ਼ਵਾਜਾ ਮੁਈਨ-ਉਦ-ਦੀਨ ਚਿਸ਼ਤੀ ਦੀ ਮੌਤ ਤੋਂ ਬਾਅਦ ਇਸ ਗੱਦੀ ਦਾ ਉਤਰਾਧਿਕਾਰੀ ਖ਼ਵਾਜਾ ਬਖ਼ਤਿਆਰ ਕਾਕੀ ਸੀ। "ਖ਼ਵਾਜਾ ਮੁਈਨੁੱਦੀਨ ਕਾਕੀ ਨੇ ਆਪਣਾ ਮੁਸੱਲਾ (ਨਮਾਜ਼ ਪੜਨ ਵਾਲੀ ਚਟਾਈ), ਚੋਲਾ, ਜੁੱਤੀ ਤੇ ਡੰਡਾ ਬਖਸ਼ ਕੇ ਆਪਣਾ ਉਤਰ ਅਧਿਕਾਰੀ ਘੋਸ਼ਿਤ ਕਰਨ ਮਗਰੋਂ ਆਪ ਪੂਰੇ ਹੋ ਗਏ।"[4] "ਖ਼ਵਾਜਾ ਮੁਈਨਦੀਨ ਦੇ ਸ਼ਗਿਰਦਾਂ ਵਿਚ ਸਭ ਤੋਂ ਪ੍ਰਸਿੱਧ ਖ਼ਵਾਜਾ ਕੁਤੁਬਦੀਨ ਕਾਕੀ (ਸੰ. 1243-1294) ਹੋਏ ਜਿਨ੍ਹਾਂ ਦਾ ਜਨਮ ਫਰਗਾਨਾ ਵਿਚ ਹੋਇਆ ਅਤੇ ਉਹ ਬਗਦਾਦ ਹੁੰਦੇ ਹੋਏ ਮੁਲਤਾਨ ਵਿਚ ਆ ਕੇ ਬਹਾਉਦੀਨ ਜ਼ਕਰੀਆ ਦੇ ਕੋਲ ਠਹਿਰੇ ਸਨ।"[5]

ਬਹਾਉਦੀਨ ਜ਼ਕਰੀਆ ਤੇ ਜਲਾਲੁੱਦੀਨ ਤਬਰੇਜ਼ੀ ਸੁਹਰਾਵਰਦੀ ਸਿਲਸਿਲੇ ਦੇ ਮਹਾਨ ਸੂਫ਼ੀ ਸਨ। ਜਿਨ੍ਹਾਂ ਦਾ ਆਪ ਤੇ ਬਹੁਤ ਪ੍ਰਭਾਵ ਪਿਆ। ਪਰ ਖ਼ਵਾਜਾ ਮੁਈਨੁੱਦੀਨ ਨੇ ਆਪ ਦੇ ਹਵਾਲੇ ਦਿੱਲੀ ਵਿੱਚ ਚਿਸ਼ਤੀ ਸਿਲਸਿਲੇ ਦੇ ਪ੍ਰਚਾਰ ਦਾ ਕੰਮ ਕਰ ਦਿੱਤਾ। ਇਨ੍ਹਾਂ ਆਪਣੇ ਅਧਿਆਤਮਿਕ ਵਿਚਾਰਾਂ ਰਾਹੀਂ ਬਾਦਸ਼ਾਹ ਅਲਤਮਸ਼ ਨੂੰ ਚਿਸ਼ਤੀ ਸੰਪ੍ਰਦਾਇ ਦਾ ਅਨੁਆਈ ਬਣਾ ਲਿਆ ਸੀ। ਖ਼ਵਾਜਾ ਬਖ਼ਤਿਆਰ ਕਾਕੀ ਨੂੰ ਸੰਗੀਤ ਨਾਲ ਖਾਸ ਲਗਾਵ ਸੀ। "'ਕਾਕੀ' ਨੇ ਆਪਣੇ ਸੰਪਰਦਾਇ ਦੇ ਉਤਸਵਾਂ ਵਿਚ 'ਸਮਾ'

---

[1] ਸੰਗੀਤ ਜਨਵਰੀ 2013, ਪੰਨਾ 125.
[2] ਬ੍ਰਿਹਸਪਤੀ, ਅਚਾਰਿਆ, ਮੁਸਲਮਾਨ ਔਰ ਭਾਰਤੀਏ ਸੰਗੀਤ, ਪੰਨਾ 23.
[3] ਜਗੀਰ ਸਿੰਘ, ਫ਼ਰੀਦ ਬਾਣੀ, ਸੰਗੀਤਿਕ ਪਰਿਪੇਖ, ਪੰਨਾ 74.
[4] ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ 60.
[5] ਚਤੁਰਵੇਦੀ, ਸ੍ਰੀ ਪਰਸ਼ੂਰਾਮ, ਸੂਫ਼ੀ ਕਾਵਿ ਸੰਗ੍ਰਹਿ, ਪੰਨਾ 52.

ਅਰਥਾਤ ਸੰਗੀਤ ਮੰਡਲੀਆਂ ਨੂੰ ਵੀ ਬਹੁਤ ਮਹੱਤਵ ਦਿੱਤਾ ਸੀ।"[1] "ਸ਼ੇਖ ਬਖ਼ਤਿਆਰ ਕਾਕੀ ਨੂੰ ਸਮਾਅ ਭਾਵ ਸੰਗੀਤ ਵਿਚ ਗਹਿਰੀ ਦਿਲਚਸਪੀ ਸੀ। ਹਜ਼ਰਤ ਕਾਕੀ ਚਿਸ਼ਤੀ ਦੇ ਜਮਾਨੇ ਵਿਚ ਦਿੱਲੀ ਵਿਖੇ 'ਸਮਾਅ' ਦਾ ਅਦੁੱਤੀ ਮਾਹੌਲ ਬਣ ਗਿਆ ਸੀ।"[2] ਸ਼ੇਖ ਫ਼ਰੀਦ ਜੋ ਕਿ ਬਖਤਿਆਰ ਕਾਕੀ ਦੇ ਸ਼ਗਿਰਦ ਸਨ ਉਨ੍ਹਾਂ ਉਪਰ ਸੰਗੀਤਕ ਵਾਤਾਵਰਨ ਦਾ ਅਸਰ ਹੋਣਾ ਸੁਭਾਵਿਕ ਹੀ ਹੈ।

"ਸੂਫ਼ੀ ਸਾਧਕੋਂ ਮੇਂ ਚਿਸ਼ਤੀ ਸੰਪ੍ਰਦਾਇ ਕੇ ਸਾਧਕ ਸੰਗੀਤ ਪ੍ਰੇਮੀ ਥੇ। ਕਹਾ ਜਾਤਾ ਹੈ ਕਿ ਕਵਾਲੀ ਸੁਨਤੇ ਹੁਏ ਅਨੇਕ ਸੂਫ਼ੀ ਸਾਧਕੋਂ ਨੇ ਪ੍ਰਾਣ ਵਿਸਰਜਿਤ ਕੀਏ ਥੇ। ਦਰਗਾਹੋਂ ਮੇਂ ਇਕਤਰਿਤ ਜਨ ਸਮੂਹ ਪ੍ਰੇਮ ਮਾਰਗੀ ਸੂਫ਼ੀ ਕੀ ਕਵਾਲੀ ਸੇ ਵਿਭੋਰ ਹੋ ਉਠਤੇ ਥੇ।"[3]

"ਕਾਕੀ ਦੇ ਪ੍ਰਮੁੱਖ ਸ਼ਿਸ ਫਰੀਦੂਦੀਨ 'ਸ਼ੰਕਰਗੰਜ਼' (ਸੰ. 1230-1322) ਹੋਏ ਜਿਸਦੇ ਪੂਰਵ ਪੁਰਸ਼ ਚੰਗੇਜ਼ ਖਾਂ ਦੇ ਹਮਲਿਆਂ ਦੇ ਸਮੇਂ ਭੱਜਕੇ ਕਾਬੁਲ ਤੋਂ ਮੁਲਤਾਨ ਕਿਲੇ ਵਿਚ ਆਏ ਸੀ ਅਤੇ ਜਿਸਦੇ ਕਠਵਾਲ ਨਾਮਕ ਇਕ ਨਗਰ ਵਿਚ ਇਨ੍ਹਾਂ ਦਾ ਜਨਮ ਹੋਇਆ ਸੀ।"[4] ਬਾਬਾ ਫ਼ਰੀਦ ਪੰਜਾਬੀ ਸੂਫ਼ੀ ਕਵਿਤਾ ਦੇ ਅਤਿਅੰਤ ਮਹੱਤਵਪੂਰਨ ਸੂਫ਼ੀ ਸੰਤ ਹੋਏ। ਫ਼ਰੀਦ ਜੀ ਦੀ ਬਾਣੀ ਤੋਂ ਉਨ੍ਹਾਂ ਦੇ ਸੰਗੀਤ ਪ੍ਰੇਮੀ ਹੋਣ ਦੇ ਸਪੱਸ਼ਟ ਪ੍ਰਮਾਣ ਮਿਲਦੇ ਹਨ। ਉਨ੍ਹਾਂ ਦੇ ਨਾਲ ਹਮੇਸ਼ਾ ਅਜਿਹੇ ਮੁਰੀਦ ਰਹਿੰਦੇ ਸਨ ਜੋ ਸਮਾਅ ਦੇ ਸ਼ੌਕੀਨ ਸਨ ਅਤੇ ਲੋੜ ਪੈਣ ਤੇ ਸਮਾਅ ਦੀ ਮਹਿਫ਼ਿਲ ਦਾ ਆਨੰਦ ਮਾਣਦੇ ਸਨ। ਬਾਬਾ ਫ਼ਰੀਦ ਜੀ ਦੀ ਸੰਗੀਤਕ ਸੂਝ ਦਾ ਪ੍ਰਮਾਣ ਉਨ੍ਹਾਂ ਦੁਆਰਾ ਰਚਿਤ ਬਾਣੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਤੋਂ ਮਿਲਦਾ ਹੈ।

ਇਨ੍ਹਾਂ ਦੇ ਜਨਮ ਦੇ ਬਾਰੇ ਵਿਚ ਵੀ ਵਿਦਵਾਨਾਂ ਦੇ ਵਿਚਾਰਾਂ ਵਿਚ ਭਿੰਨਤਾ ਹੈ। ਸ੍ਰੀ ਪਰਸ਼ੂਰਾਮ ਚਤੁਰਵੇਦੀ ਇਹਨਾਂ ਦਾ ਜਨਮ ਸੰ. 1230 ਦਾ ਮੰਨਦੇ ਹਨ ਜਦ ਕਿ ਡਾ. ਨਰੇਸ਼ ਇਹਨਾਂ ਦਾ ਜਨਮ 1172 ਵਿਚ ਮੁਲਤਾਨ ਦੇ ਪਿੰਡ ਕਹਿਤਵਾਲ ਦਾ ਮੰਨਦੇ ਹਨ। ਸੇਖ ਫ਼ਰੀਦੁੱਦੀਨ ਦੀ ਮਾਤਾ ਬਹੁਤ ਹੀ ਧਾਰਮਿਕ ਵਿਚਾਰਾਂ ਵਾਲੇ ਸਨ। ਸੋ ਬਚਪਨ ਤੋਂ ਹੀ ਆਪ ਦਾ ਧਿਆਨ ਪ੍ਰਭੂ-ਭਗਤੀ ਵਿਚ ਸੀ। ਅਠਾਰਾਂ ਵਰ੍ਹਿਆਂ ਦੀ ਉਮਰ ਵਿਚ ਸ਼ੇਖ ਫਰੀਦ ਮੁਲਤਾਨ ਚਲੇ ਗਏ। ਜਿੱਥੇ ਉਨ੍ਹਾਂ ਦੀ ਮੁਲਾਕਾਤ ਖ਼ਵਾਜਾ ਬਖ਼ਤਿਆਰ ਕਾਕੀ ਨਾਲ ਹੋਈ। ਬਖ਼ਤਿਆਰ ਕਾਕੀ ਵਿਚ ਹੀ ਉਨ੍ਹਾਂ ਨੂੰ ਆਪਣੇ ਸੱਚੇ ਪੀਰ ਦੇ ਦਰਸ਼ਨ ਹੋਏ ਅਤੇ ਆਪ ਕਾਕੀ ਦੇ ਮੁਰੀਦ ਬਣ ਗਏ।

ਆਪ ਨੇ ਆਪਣੇ ਅਧਿਆਤਮਿਕ ਗਿਆਨ ਸਦਕਾ ਚਿਸ਼ਤੀ ਸਿਲਸਿਲੇ ਦਾ ਖ਼ੂਬ ਪ੍ਰਚਾਰ ਤੇ ਪ੍ਰਸਾਰ ਕੀਤਾ। ਇਹਨਾਂ ਦੇ ਸ਼ਾਗਿਰਦਾਂ ਵਿਚ ਹਜ਼ਰਤ ਨਿਜ਼ਾਮੁਦੀਨ ਔਲੀਆ, ਹਜ਼ਰਤ ਅਲੀ ਅਹਿਮਦ ਸਾਬਿਰ ਅਤੇ ਸ਼ੇਖ ਆਰਿਫ਼ ਬੜੇ ਪ੍ਰਸਿੱਧ ਸੂਫ਼ੀ ਸੰਤ ਹੋਏ ਹਨ। ਬਖ਼ਤਿਆਰ ਕਾਕੀ ਨੂੰ ਸੰਗੀਤ ਸੁਨਣ ਦਾ ਬਹੁਤ ਸ਼ੌਂਕ ਸੀ। ਸੰਗੀਤ ਸੁਣਦੇ-ਸੁਣਦੇ ਉਹ ਹਾਲ ਦੀ ਅਵਸਥਾ ਵਿਚ ਚਲੇ ਜਾਂਦੇ ਸਨ। ਹਾਲ ਦੀ ਅਵਸਥਾ ਵਿਚ ਹੀ ਉਹ ਅਕਾਲ ਚਲਾਣਾ ਕਰ ਗਏ।

---

1 ਚਤੁਰਵੇਦੀ, ਸ੍ਰੀ ਪਰਸ਼ੂਰਾਮ, ਸੂਫ਼ੀ ਕਾਵਿ ਸੰਗ੍ਰਹਿ, ਪੰਨਾ 52.
2 ਹਬੀਬ, ਮੁਹੰਮਦ (ਡਾ.), ਮੱਧੀ ਭਾਰਤ ਵਿਚ ਸੂਫ਼ੀਵਾਦ ਚੋਣਵੇਂ ਸੰਦਰਭ, ਪੰਨਾ 91.
3 ਸ੍ਰੀ ਵਾਸਤਵ, ਹਰਿਸ਼ਚੰਦਰ, ਸੰਗੀਤ ਨਿਬੰਧ ਸੰਗ੍ਰਹਿ, ਪੰਨਾ 44.
4 ਚਤੁਰਵੇਦੀ, ਸ੍ਰੀ ਪਰਸ਼ੂਰਾਮ, ਸੂਫ਼ੀ ਕਾਵਿ ਸੰਗ੍ਰਹਿ, ਪੰਨਾ 52.

ਸ਼ੇਖ ਫਰੀਦੂਦੀਨ ਸ਼ੰਕਰਗੰਜ ਨੂੰ ਬਾਬਾ ਫਰੀਦ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। "ਇਹਨਾਂ ਨੂੰ 'ਸ਼ੰਕਰਗੰਜ' ਦਾ ਨਾਮ ਮਿਠਾਈਆਂ ਦੇ ਢੇਰ ਦੇ ਕਾਰਨ ਮਿਲਿਆ ਹੈ।"[1]

"ਬਾਬਾ ਫਰੀਦ ਇਕ ਬਹੁਤ ਵੱਡਾ ਵਿਦਵਾਨ ਤਪੱਸਿਆਸ਼ੀਲ ਦਰਵੇਸ਼ ਅਤੇ ਅਨੁਭਵੀ ਸੂਫ਼ੀ ਸੰਤ ਸੀ ਜਿਸਨੇ ਚਿਸ਼ਤੀਆ ਸੰਪ੍ਰਦਾਇ ਦੇ ਪ੍ਰਭਾਵ ਨੂੰ ਨਾ ਕੇਵਲ ਜ਼ਿਆਦਾ ਵਿਸ਼ਾਲ ਕੀਤਾ ਸਗੋਂ ਸਿਧਾਂਤਿਕ ਪਿੜ ਵਿਚ ਵੀ ਸੂਖਮ ਵਾਧਾ ਕੀਤਾ। ਉਸ ਦੁਆਰਾ ਪ੍ਰਚਾਰਿਤ ਸੂਫ਼ੀਵਾਦ ਸੰਬੰਧੀ ਜਿਹੜੀ ਗੱਲ ਸਭ ਤੋਂ ਪਹਿਲਾਂ ਉਲੇਖਯੋਗ ਹੈ ਉਹ ਇਹ ਹੈ ਕਿ ਉਸਦੀ ਸਿੱਖਿਆ ਇਹ ਹੈ ਕਿ ਇਕਾਗਰ ਚਿੱਤ ਨਾਲ 'ਸਾਂਈ ਸਿਉ ਪਿਰਹੜੀ' ਕੀਤੀ ਜਾਵੇ, ਹਰਾਮ ਦੀ ਕਮਾਈ ਤੋਂ ਪਰਹੇਜ਼ ਕੀਤਾ ਜਾਵੇ ਅਤੇ ਬਾਦਸ਼ਾਹੀ ਦਰਬਾਰ ਵੱਲੋਂ ਨਿਰਲੇਪ ਰਿਹਾ ਜਾਵੇ।"[2]

ਪੰਜਾਬ ਵਿਚ 'ਚਿਸ਼ਤੀ ਸੰਪਰਦਾ ਦਾ ਸਭ ਤੋਂ ਵੱਧ ਪ੍ਰਚਾਰ ਬਾਬਾ ਫ਼ਰੀਦ ਨੇ ਕੀਤਾ। ਬਾਬਾ ਫ਼ਰੀਦ ਸਦਕਾ ਹੀ ਇਸ ਸੰਪਰਦਾ ਨੂੰ ਸਰਵ ਭਾਰਤੀ ਦਰਜਾ ਹਾਸਲ ਹੋਇਆ। ਇਨ੍ਹਾਂ ਨੇ ਪੰਜਾਬ ਪ੍ਰਾਂਤ ਦੇ ਪਾਕਪਤਨ ਨਾਮਕ ਸਥਾਨ ਤੇ ਬੜੀ ਤਪੱਸਿਆ ਕੀਤੀ। ਇੱਥੇ ਹੀ ਇਨ੍ਹਾਂ ਦੀ ਸਮਾਧੀ ਬਣੀ ਹੋਈ ਹੈ ਜਿੱਥੇ ਹਰ ਸਾਲ ਉਰਸ ਮਨਾਇਆ ਜਾਂਦਾ ਹੈ।

ਬਾਬਾ ਸ਼ੇਖ ਫ਼ਰੀਦ ਦੇ ਨਾਮ ਤੇ 'ਫ਼ਰੀਦੀਆ' ਉਪ ਸਿਲਸਿਲਾ ਬਹੁਤ ਪ੍ਰਸਿੱਧ ਹੋਇਆ।

"ਚਿਸ਼ਤੀ ਸੂਫ਼ੀਆਂ ਨੇ ਭਾਰਤੀ ਸੰਸਕ੍ਰਿਤਿਕ ਗਤੀਵਿਧੀਆਂ ਵਿਚ ਵੀ ਦਿਲਚਸਪੀ ਵਿਖਾਈ। ਸਮਾਅ ਦੇ ਸੂਫ਼ੀ ਸਿਧਾਂਤ ਨੂੰ ਖਾਸ ਤੌਰ ਤੇ ਅਪਣਾਇਆ, ਜਿਸ ਵਿਚ ਕੱਵਾਲੀ ਅਤੇ ਸ਼ਿਅਰ-ਓ-ਸ਼ਾਇਰੀ ਲੋਕਾਂ ਨੂੰ ਬਹੁਤ ਆਕਰਸ਼ਿਤ ਕਰਦੀਆਂ ਸਨ। ਭਾਰਤੀ ਸੰਤਾਂ ਦਾ ਪਹਿਰਾਵਾ ਆਪਣੇ ਲਿਬਾਸ ਦਾ ਹਿੱਸਾ ਬਣਾਇਆ।"[3]

ਭਾਰਤ ਵਿਚ ਸਥਾਪਿਤ ਸਿਲਸਿਲਿਆਂ ਵਿਚੋਂ ਚਿਸ਼ਤੀ ਸਿਲਸਿਲੇ ਦੇ ਕੇਂਦਰ ਭਾਰਤ ਦੇ ਹਰ ਪ੍ਰਦੇਸ਼ ਵਿਚ ਕਾਇਮ ਹੋਏ। ਇਨ੍ਹਾਂ ਕੇਂਦਰਾਂ ਵਿਚ ਹਿੰਦੂਆਂ ਨੂੰ ਬਿਨਾਂ ਭੇਦਭਾਵ ਸਤਿਕਾਰ ਅਤੇ ਸਨਮਾਨ ਦਿੱਤਾ ਗਿਆ। ਇਸ ਸਿਲਸਿਲੇ ਵਿਚ ਸ਼ਾਮਿਲ ਹੋਣ ਵਾਲੇ ਮੁਰੀਦਾਂ ਲਈ ਕੁਝ ਨਿਯਮਾਂਵਲੀ ਵੀ ਸੀ। ਅੱਲਾ ਦੇ ਨਾਮ ਤੇ ਭੋਜਨ ਕਰਨਾ, ਆਪਣੇ ਭੋਜਨ ਵਿਚੋਂ ਵੀ ਭੁੱਖੇ ਨੂੰ ਭੋਜਨ ਦੇਣਾ, ਸਾਰੀ ਉਮਰ ਪ੍ਰਭੂ ਦਾ ਸਿਮਰਨ ਕਰਨਾ ਅਤੇ ਮੌਤ ਨੂੰ ਨੇੜੇ ਸਮਝਣਾ, ਮਨ ਨੂੰ ਤਪ, ਸਾਧਨਾ ਜਾਂ ਭੁੱਖ ਨਾਲ ਮਾਰਨਾ, ਪ੍ਰੇਮ ਨਿਮਰਤਾ, ਇਨ੍ਹਾਂ ਸੂਫ਼ੀ ਸਾਧਕਾਂ ਦੇ ਵਿਸ਼ੇਸ਼ ਲੱਛਣ ਸਨ।

"ਚਿਸ਼ਤੀਆਂ ਸੰਪ੍ਰਦਾਇ ਕੇ ਸੂਫ਼ੀ ਲੋਗ ਸੰਗੀਤ ਕੋ ਅਪਨੀ ਸਾਧਨਾ ਕਾ ਸ੍ਰੋਤ ਮਾਨਤੇ ਹੈਂ, ਜੋ ਸੌਂਦਰਯ ਕੀ ਉਚਾਈਓਂ ਤਕ ਪਹੁੰਚਾਕਰ ਐਸੀ ਪੂਰਣਤਾ ਪ੍ਰਦਾਨ ਕਰਤਾ ਹੈ। ਜਿਸਕੇ ਲਿਏ ਪਰਤੇਕ ਆਤਮਾ ਲਾਲਾਇਤ ਰਹਤੀ ਹੈ।"[4]

---

[1] ਚਤੁਰਵੇਦੀ, ਸ੍ਰੀ ਪਰਸ਼ੂਰਾਮ, ਸੂਫ਼ੀ ਕਾਵਿ ਸੰਗ੍ਰਹਿ, ਪੰਨਾ 52.
[2] ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ 114.
[3] ਹਬੀਬ, ਮੁਹੰਮਦ (ਡਾ.), ਭਾਰਤੀ ਸੂਫ਼ੀਵਾਦ ਚੌਣਵੇਂ ਸੰਦਰਭ, ਪੰਨਾ 6.
[4] ਗਰਗ, ਲਛਮੀ ਨਾਰਾਇਣ (ਡਾ.), ਸੰਗੀਤ, ਮੁਸਲਮਾਨ ਔਰ ਭਾਰਤੀਏ ਸੰਗੀਤ ਅੰਕ, ਪੰਨਾ 24.

"ਚਿਸ਼ਤੀ ਸੰਪਰਦਾ ਸੰਗੀਤ ਕੋ ਈਸ਼ਵਰ ਪ੍ਰਾਪਤੀ ਕਾ ਏਕ ਸਾਧਨ ਮਾਨਤਾ ਥਾ, ਅਤ: ਮੁਈਨੁਦੀਨ ਚਿਸ਼ਤੀ ਅਜਮੇਰੀ ਸਵੈਅ ਭਗਤੀਪਰਕ ਸੰਗੀਤ ਸੁਣਤੇ ਥੇ।"[1]

### 3.3.3.4.2 ਸੁਹਰਾਵਰਦੀ ਸਿਲਸਿਲਾ

ਸ਼ੇਖ ਸ਼ਹਾਬ-ਉਦ-ਦੀਨ ਸੁਹਰਵਰਦੀ ਜਿਹੜਾ ਕਿ ਉੱਚ ਕੋਟੀ ਦਾ ਵਿਦਵਾਨ, ਗਿਆਨਵਾਨ ਅਤੇ ਤਪੱਸਿਆਸ਼ੀਲ ਸੂਫ਼ੀ ਸੰਤ ਸੀ ਨੇ ਇਸ ਸੰਪ੍ਰਦਾਇ ਨੂੰ ਕਾਇਮ ਕੀਤਾ। ਸ਼ਹਾਬ-ਉਦ-ਦੀਨ ਕਦੇ ਵੀ ਭਾਰਤ ਨਹੀਂ ਆਏ। ਸ਼ਹਾਬੁਦੀਨ ਹਦੀਸ ਦੇ ਵਿਆਖਿਆਕਾਰ ਸਨ ਅਤੇ ਉਨ੍ਹਾਂ ਦੇ ਵਿਖਿਆਨਾਂ ਤੋਂ ਲੋਕ ਬਹੁਤ ਪ੍ਰਭਾਵਿਤ ਹੁੰਦੇ ਸਨ। ਇਸ ਸੰਪ੍ਰਦਾਇ ਨੇ "ਅਵਾਰਿਫ-ਉਲ-ਮੁਆਰਿਫ਼" ਨਾਮ ਦੀ ਇਕ ਕਿਤਾਬ ਲਿਖੀ ਜੋ ਕਿ ਬਾਕੀ ਸਿਲਸਿਲਿਆਂ ਵਿਚ ਵੀ ਬੜੇ ਆਦਰ ਸਤਿਕਾਰ ਅਤੇ ਸ਼ਰਧਾ ਨਾਲ ਪੜ੍ਹੀ ਅਤੇ ਪੜ੍ਹਾਈ ਜਾਂਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜਿਸ ਸੂਫ਼ੀ ਨੇ ਕੋਈ ਮੁਰਸ਼ਿਦ ਧਾਰਨ ਨਹੀਂ ਕੀਤਾ ਉਹ 'ਅਵਾਰਿਫ-ਉਲ-ਮੁਆਰਿਫ਼' ਪੜ੍ਹ ਕੇ ਅਧਿਆਤਮਿਕ ਲੋਅ ਹਾਸਿਲ ਕਰ ਸਕਦਾ ਹੈ।

ਸੁਹਰਾਵਰਦੀ ਸੂਫ਼ੀਆਂ ਦਾ ਦੂਜਾ ਪ੍ਰਸਿੱਧ ਸਿਲਸਿਲਾ ਹੈ। ਸੁਹਰਾਵਰਦੀ ਸਿਲਸਿਲੇ ਦਾ ਭਾਰਤ ਵਿਚ ਆਰੰਭ ਸ਼ਹਾਬ-ਉਦ-ਦੀਨ ਸੁਹਰਾਵਰਦੀ ਦੇ ਮੁਰੀਦਾਂ ਨੇ ਕੀਤਾ। "ਖ਼ਵਾਜਾ ਹਸਨ ਨਿਜ਼ਾਮੀ ਅਨੁਸਾਰ, ਸੁਹਰਾਵਰਦੀ ਸੂਫ਼ੀ ਸਭ ਤੋਂ ਪਹਿਲਾਂ ਭਾਰਤ ਵਿਚ ਆਏ।"[2] ਉਹਨਾਂ ਵਿਚ ਪ੍ਰਸਿੱਧ ਖ਼ਵਾਜਾ ਬਹਾਉਦੀਨ ਜਕਰੀਆ ਮੁਲਤਾਨੀ ਨੇ ਬਗਦਾਦ ਵਿਚ ਸ਼ੇਖ-ਸ਼ਹਾਬ-ਉਦ-ਦੀਨ ਕੋਲੋਂ ਸਿੱਖਿਆ ਪ੍ਰਾਪਤ ਕਰਕੇ ਭਾਰਤ ਵਿਚ ਆਪਣੇ ਸਿਲਸਿਲਾ ਦਾ ਪ੍ਰਚਾਰ ਕੀਤਾ।

ਸ਼ਰੀਅਤ ਦਾ ਆਦਰਸ਼ ਹੋਣ ਕਰਕੇ ਸੁਹਰਾਵਰਦੀ ਨੂੰ ਖ਼ਲੀਫਿਆਂ ਦਾ ਵਿਸ਼ਵਾਸ ਅਤੇ ਸਤਿਕਾਰ ਪ੍ਰਾਪਤ ਸੀ। "ਭਾਰਤ ਵਿਚ ਸੁਹਰਵਰਦੀ ਸੰਪ੍ਰਦਾਇ ਦੇ ਲਈ ਸਭ ਤੋਂ ਅਧਿਕ ਕੰਮ ਕਰਨ ਵਾਲਿਆਂ ਵਿਚ ਬਹਾਉਦੀਨ ਜਕਰੀਆ ਸੀ, ਜਿਸਦਾ ਜਨਮ ਮੁਲਤਾਨ ਵਿਚ ਸੰ. 1239 ਵਿਚ ਹੋਇਆ ਸੀ।" "ਬਹਾਉਦੀਨ ਜਕਰੀਆ ਤੀਰਥ ਯਾਤਰਾ ਕੇ ਲਿਏ ਮੱਕੇ ਗਏ ਥੇ ਜਹਾਂ ਸੇ ਵਾਪਸ ਆਤੇ ਸਮੇਂ ਬਗਦਾਦ ਮੇਂ ਸਹਾਬੁਦੀਨ ਕੇ ਮੁਰੀਦ ਬਣ ਗਏ।"[3]

"ਇਸ ਸੰਪਰਦਾ ਵਿਚ ਪ੍ਰਵੇਸ਼ ਕਰਨ ਵਾਲੇ ਸਾਧਕ ਵਾਸਤੇ ਸਭ ਤੋਂ ਪ੍ਰਥਮ ਆਪਣੇ ਪਾਪਾਂ ਦਾ ਪ੍ਰਾਸ਼ਚਿਤ ਕਰਨਾ ਪੈਂਦਾ ਹੈ। ਇਸ ਪਿੱਛੋਂ ਉਸ ਨੂੰ ਪੰਜ ਵਾਰ ਕਲਮਾ ਪੜ੍ਹਨਾ ਪੈਂਦਾ ਅਤੇ ਧਰਮ ਉੱਤੇ ਪੂਰਾ ਈਮਾਨ ਲਿਆਉਣ ਲਈ ਕਿਹਾ ਜਾਂਦਾ ਹੈ। ਨਮਾਜ਼ ਅਤੇ ਰੋਜ਼ਾ ਰੱਖਣ ਉੱਤੇ ਪੂਰਾ ਜ਼ੋਰ ਦਿੱਤਾ ਜਾਂਦਾ ਹੈ।"[4]

"ਭਾਰਤਵਰਸ਼ ਕੇ ਸੂਫ਼ੀਓ ਕੀ ਸੁਹਰਾਵਰਦੀ ਪਰੰਪਰਾ ਕੇ ਸੰਸਥਾਪਕ ਸ਼ੇਖ ਬਹਾਉਦੀਨ ਜਕਰੀਆ ਮੁਲਤਾਨੀ (ਮੌਤ 1267 ਈ.) ਸੰਗੀਤ ਕੇ ਮਹਾਨ ਅਚਾਰਿਆ ਔਰ ਸੰਰਕਸ਼ਕ ਥੇ।"[5]

---

[1] ਬ੍ਰਿਹਸਪਤੀ, ਅਚਾਰਿਆ, ਮੁਸਲਮਾਨ ਔਰ ਭਾਰਤੀਏ ਸੰਗੀਤ ਅੰਕ, ਪੰਨਾ 67.
[2] ਮਨਮੋਹਨ ਸਿੰਘ, ਸੂਫ਼ੀਗਤ ਅਤੇ ਧਾਰਮਿਕ ਲਹਿਰਾਂ, ਪੰਨਾ 7.
[3] ਚਤੁਰਵੇਦੀ, ਸ੍ਰੀ ਪਰਸ਼ੂਰਾਮ, ਸੂਫ਼ੀ ਕਾਵਿ ਸੰਗ੍ਰਹਿ, ਪੰਨਾ 54.
[4] ਹਰਜਿੰਦਰ ਸਿੰਘ (ਡਾ.), ਸੂਫ਼ੀਅਤ ਅਤੇ ਪੰਜਾਬੀ ਸੂਫ਼ੀ ਕਾਵਿ, ਪੰਨਾ 31.
[5] ਬ੍ਰਿਹਸਪਤੀ, ਅਚਾਰਿਆ, ਮੁਸਲਮਾਨ ਔਰ ਭਾਰਤੀਏ ਸੰਗੀਤ, ਪੰਨਾ 33.

ਸ਼ੇਖ ਬਹਾਉਦੀਨ ਨੇ ਹਿੰਦੁਸਤਾਨੀ ਤੇ ਈਰਾਨੀ ਸੰਗੀਤ ਨੂੰ ਮਿਲਾ ਕੇ ਨਵੇਂ ਰਾਗ ਰਾਗਣੀਆਂ ਦੀ ਰਚਨਾ ਕੀਤੀ। ਆਪ ਨੂੰ ਸੰਗੀਤ ਨਾਲ ਬਹੁਤ ਲਗਾਵ ਸੀ। ਇਸ ਸੰਪਰਦਾਇ ਨੇ ਅਰਬੀ ਸੰਗੀਤ ਨੂੰ ਆਧਾਰ ਮੰਨ ਕੇ ਹਿੰਦੁਸਤਾਨੀ ਸੰਗੀਤ ਨਾਲ ਜੋ ਮਿਸ਼ਰਣ ਕੀਤਾ ਉਹ ਆਮ ਲੋਕਾਂ ਨੂੰ ਪਸੰਦ ਨਹੀਂ ਸੀ। ਜਿਸ ਕਾਰਨ ਇਸ ਸੰਪਰਦਾਇ ਦਾ ਸੂਫ਼ੀ ਕਲਾਮ ਘੱਟ ਪ੍ਰਚਲਿਤ ਹੋਇਆ।

"ਇਸ ਫਿਰਕੇ ਦੇ ਅਨੇਕ ਸੰਤ ਹੋਏ ਜਿਨ੍ਹਾਂ ਨੇ ਪੰਜਾਬ, ਗੁਜਰਾਤ, ਬਿਹਾਰ ਅਤੇ ਬੰਗਾਲ ਆਦਿ ਪ੍ਰਾਂਤਾਂ ਵਿਚ ਸੂਫ਼ੀਮਤ ਦਾ ਪ੍ਰਚਾਰ ਕੀਤਾ। ਅਨੇਕ ਸਥਾਨਾਂ ਤੇ ਧਾਰਮਿਕ ਅਤੇ ਸੰਸਕ੍ਰਿਤਕ ਕੇਂਦਰ ਸਥਾਪਤ ਕੀਤੇ।"[1]

ਸੁਹਰਾਵਰਦੀ ਸੰਪਰਦਾਇ ਨੇ ਅੱਗੇ ਕਈ ਉਪ ਸੰਪਰਦਾਵਾਂ ਨੂੰ ਜਨਮ ਦਿੰਦੀ ਹੈ। "ਇਨ੍ਹਾਂ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਸੀ ਕਿ ਇਨ੍ਹਾਂ ਵਿਚੋਂ ਕੁਝ ਨੇ ਆਪਣੀ ਨਿਯਮਾਂਵਲੀ ਠੇਠ ਇਸਲਾਮ ਧਰਮ ਦੀਆਂ ਸਵੀਕਾਰੀਆਂ ਗੱਲਾਂ ਦੇ ਅਨੁਕੂਲ ਚੱਲ ਕੇ ਹੀ ਬਣਾਉਣ ਦੀ ਕੋਸ਼ਿਸ਼ ਕੀਤੀ। ਉਹ ਇਸੇ ਕਾਰਨ ਮਲਾਮਤੀ (ਨਿੰਦਨੀਏ) ਕਹਿਲਾਈ ਅਤੇ ਉਨ੍ਹਾਂ ਦਾ ਵਰਗੀਕਰਨ ਵੀ ਬਾਸਰਾ (ਵੈਧ) ਅਤੇ ਬੇਸਰਾ (ਅਵੈਧ) ਦੇ ਸੰਕੇਤਾਂ ਦੁਆਰਾ ਕੀਤਾ ਗਿਆ।"[2]

## ਬੇਸਰਾ

1. ਲਾਲ ਸ਼ਾਹਬਾਜੀਆ
2. ਸੁਹਾਗੀਆ
3. ਰਸੂਲ ਸ਼ਾਹੀ

1. **ਲਾਲ ਸ਼ਾਹ ਬਾਜੀਆ–** ਸੁਹਰਾਵਰਦੀ ਸ਼ਾਖਾ ਦੇ ਲਈ ਪ੍ਰਸਿੱਧ ਹੈ ਕਿ ਉਹ ਆਪਣੇ ਜੀਵਨ ਵਿਚ ਸ਼ਰਾਬ ਆਦਿ ਦਾ ਸੇਵਨ ਕਰਦੇ ਰਹੇ ਅਤੇ ਇਨ੍ਹਾਂ ਦੇ ਸ਼ਰਧਾਲੂ ਇਨ੍ਹਾਂ ਦੀਆਂ ਇਨ੍ਹਾਂ ਗੱਲਾਂ ਨੂੰ ਠੀਕ ਠਹਿਰਾਉਂਦੇ ਰਹੇ। "ਇਸ ਸੰਪ੍ਰਦਾਇ ਦੀ ਪ੍ਰੇਰਣਾ ਪੀਰ ਨਿਆਮਤੁਲਾ ਤੋਂ ਲਈ ਗਈ ਸੀ। ਉਨ੍ਹਾਂ ਨੂੰ ਮਿਸਰ ਪ੍ਰਦੇਸ਼ ਵਿਚ ਕਿਸੇ ਪ੍ਰਕਾਰ ਦੀ ਮਦਰਾ ਪਿਲਾ ਦਿੱਤੀ ਗਈ ਸੀ, ਜਦ ਤੋਂ ਇਨ੍ਹਾਂ ਨੇ ਇਸ ਰਵਾਇਤ ਨੂੰ ਸਦਾ ਲਈ ਜਾਰੀ ਰੱਖਿਆ।"[3] ਇਸ ਸ਼ਾਖਾ ਦੇ ਮੁਰਸ਼ਦ ਅਤੇ ਮੁਰੀਦ ਇਸਲਾਮ ਧਰਮ ਦੀਆਂ ਕਈ ਜ਼ਰੂਰੀ ਮਾਨਤਾਵਾਂ ਦਾ ਵੀ ਪਾਲਣ ਨਹੀਂ ਕਰਦੇ ਸਨ। ਇਹ ਇਸਲਾਮ ਦੀ ਕੱਟੜਤਾ ਤੋਂ ਦੂਰ ਭੱਜਦੇ ਹਨ। ਸਖੀ ਲਾਲ ਸ਼ਾਹ ਬਾਜ ਕਲੰਦਰ ਦੇ ਸੂਫ਼ੀ ਨੱਕ ਵਿਚ ਨੱਥ ਅਤੇ ਗਲੇ ਵਿਚ ਗਾਨੀ ਪਾਉਂਦੇ ਹਨ। ਇਹ ਆਪਣੇ ਆਪ ਨੂੰ ਪਤਨੀ ਅਤੇ ਖੁਦਾ ਨੂੰ ਪਤੀ ਦੇ ਰੂਪ ਵਿਚ ਮੰਨਦੇ ਹਨ। ਲਾਲ ਸ਼ਾਹ ਕਲੰਦਰ ਦੇ ਬਾਰੇ ਵਿਚ ਇਹ ਗੀਤ ਬਹੁਤ ਹੀ ਮਕਬੂਲ ਹੋਇਆ ਹੈ :-

   "ਲਾਜ ਮੇਰੀ ਪਤ ਰੱਖਿਓ ਬਲਾ ਜੂਲੇ ਲਾਲਨ
   ਜ਼ਿੰਦੜੀ ਦਾ, ਸੇਵਨ ਦਾ, ਸ਼ਖੀ ਸ਼ਾਹ ਬਾਜ ਕਲੰਦਰ

---

[1] ਮਨਮੋਹਨ ਸਿੰਘ, ਸੂਫ਼ੀਮਤ ਅਤੇ ਧਾਰਮਿਕ ਲਹਿਰਾਂ, ਪੰਨਾ 8.
[2] ਚਤੁਰਵੇਦੀ, ਸ੍ਰੀ ਪਰਸ਼ੂਰਾਮ, ਸੂਫ਼ੀ ਕਾਵਿ ਸੰਗ੍ਰਹਿ, ਪੰਨਾ 54.
[3] ਸੀਤਲ, ਜੀਤ ਸਿੰਘ (ਸੰਪਾ.), ਸੂਫ਼ੀਮਤ ਅਤੇ ਕਵਿਤਾ, ਪੰਨਾ 78.

ਦਮਾ ਦਮ ਮਸਤ ਕਲੰਦਰ"

2. **ਸੁਹਾਗੀਆ ਸ਼ਾਖਾ–** ਇਹ ਸ਼ਾਖਾ ਅਹਿਮਦਾਬਾਦ ਵਿਚ ਪ੍ਰਚਲਿਤ ਹੋਈ। ਇਸ ਸ਼ਾਖਾ ਨੂੰ ਮੂਸਾ ਸੁਹਾਗ ਨਾਮਕ ਵਿਅਕਤੀ ਨੇ ਪ੍ਰਚਲਿਤ ਕੀਤਾ। ਮੂਸਾ ਹਿਜੜਿਆਂ ਦੀ ਤਰ੍ਹਾਂ ਇਸਤਰੀਆਂ ਵਾਲੇ ਕਪੜੇ ਪਾਉਂਦਾ ਸੀ ਅਤੇ ਆਪਣੇ ਆਪ ਨੂੰ ਇਸਤਰੀ ਅਤੇ ਈਸ਼ਵਰ ਨੂੰ ਪਤੀ ਦੇ ਰੂਪ ਵਿਚ ਮੰਨਦਾ ਸੀ। ਇਨ੍ਹਾਂ ਦੀ ਮੌਤ ਤੋਂ ਬਾਅਦ ਇਨ੍ਹਾਂ ਦੇ ਮੁਰੀਦ 'ਸਦਾ ਸੁਹਾਗ' ਅਖਵਾਏ।
3. **ਰਸੂਲ ਸ਼ਾਹੀ–** ਰਸੂਲ ਸ਼ਾਹੀ ਸ਼ਾਖਾ ਵਾਲੇ ਭੰਗ ਦਾ ਸੇਵਨ ਕਰਦੇ ਸਨ। ਇਸ ਸ਼ਾਖਾ ਦੇ ਮੁਰੀਦ ਆਪਣੇ ਸਿਰ ਤੇ ਲਾਲ ਅਤੇ ਸਫੈਦ ਰੁਮਾਲ ਬੰਨਦੇ ਸਨ। ਸਿਰ, ਮੁੱਛਾਂ ਅਤੇ ਭਵਾਂ ਮੁੰਨਵਾ ਲੈਂਦੇ ਸਨ ਤੇ ਆਪਣੇ ਸਰੀਰ ਤੇ ਭਸਮ ਮਲ ਕੇ ਰੱਖਦੇ ਸਨ।

**ਬਾਸਰਾ**

1. ਜਲਾਲੀ ਸੰਪਰਦਾ
2. ਮਖਦੂਮੀ ਜਹਾਨੀਆਂ
3. ਮੀਰਾ ਸ਼ਾਹੀ
4. ਇਸਮਾਈਲ ਸ਼ਾਹੀ
5. ਦੌਲਤ ਸ਼ਾਹੀ

1. **ਜਲਾਲੀ ਸੰਪਰਦਾ–** ਇਸ ਸ਼ਾਖਾ ਨੂੰ ਸਈਅਦ ਜਲਾਲੁਦੀਨ 'ਸ਼ਾਹ ਮੀਰ' ਨੇ ਚਲਾਇਆ, ਜੋ ਬਹਾਉਦੀਨ ਜ਼ਕਰੀਆ ਦੇ ਸ਼ਗਿਰਦ ਸੀ। ਜਲਾਲੀ ਸ਼ਾਖਾ ਵਾਲੇ ਸਿਰ ਤੇ ਕਾਲੇ ਧਾਗੇ ਬੰਨਦੇ ਸੀ। ਬਾਂਹ ਤੇ ਤਾਵੀਜ਼ ਅਤੇ ਹੱਥ ਵਿਚ ਸਰੰਗੀ ਲੈ ਕੇ ਵਜਾਉਂਦੇ ਸੀ।
2. **ਮਖਦੂਮੀ ਜਹਾਨੀਆਂ –** ਮਖਦੂਮੀ ਸ਼ਾਖਾ ਨੂੰ 'ਜਹਾਂਗਸਤ ਬੁਖਾਰੀ' ਵੀ ਕਿਹਾ ਜਾਂਦਾ ਹੈ।
3. **ਮੀਰਾਸ਼ਾਹੀ–** ਮੀਰਾਸ਼ਾਹੀ ਸਿਲਸਿਲਾ ਮੀਰਾਨ ਮੁਹੰਮਦ ਸ਼ਾਹ ਨੇ ਚਲਾਈ। ਮੀਰਾਨ ਅਕਬਰ ਦੁਆਰਾ ਸਨਮਾਨਿਤ ਕੀਤੇ ਗਏ ਸੀ।
4. **ਇਸਮਾਈਲ ਸ਼ਾਹੀ**– ਹਾਫ਼ਿਜ ਮੁਹੰਮਦ ਇਸਮਾਈਨ ਨੇ ਇਹ ਸ਼ਾਖਾ ਲਾਹੌਰ ਵਿਚ ਚਲਾਈ।
5. **ਦੌਲਤ ਸ਼ਾਹੀ**– ਦੋਲਤ ਸ਼ਾਹੀ ਸਿਲਸਿਲਾ ਜ਼ਕਰੀਆ ਦੀ ਅੱਠਵੀਂ ਪੀੜੀ ਦੇ ਦੌਲਤਸ਼ਾਹ ਨੇ ਗੁਜ਼ਰਾਤ ਵਿਚ ਚਲਾਈ।

### 3.3.3.4.3 ਕਾਦਰੀ ਸਿਲਸਿਲਾ

"ਕਾਦਰੀ ਸੰਪਰਦਾ ਦਾ ਮੋਢੀ ਅਬਦੁਲ ਕਾਦਿਰ ਜਿਲਾਨੀ ਸੀ। ਆਪ ਦਾ ਜਨਮ 1078 ਈ. ਈਰਾਨ ਦੇ ਸ਼ਹਿਰ ਜੀਲਾਨ ਵਿਚ ਹੋਇਆ। ਇਹ ਸੂਫ਼ੀ ਸੰਤ ਬਹੁਤ ਵੱਡਾ ਵਿਦਵਾਨ ਅਤੇ ਉੱਚ ਕੋਟੀ ਦਾ ਅਨੁਭਵੀ ਸੀ। ਇਹ ਸੰਤ ਸਦਾ ਹੀ ਅੱਲਾ ਦੀ ਬੰਦਗੀ ਵਿਚ ਲੀਨ ਰਹਿੰਦਾ ਸੀ। 17 ਸਾਲ ਦੀ ਉਮਰ ਵਿਚ

ਹੀ ਆਪ ਬਗਦਾਦ ਚਲੇ ਗਏ ਸਨ ਅਤੇ 1127 ਈ. ਵਿਚ ਸੂਫ਼ੀਮਤ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਇਸ ਦੀਆਂ ਕਰਾਮਾਤਾਂ ਅਤੇ ਰੂਹਾਨੀ ਤੇਜ-ਤਪ ਦੀ ਮਹਿਮਾ ਸੁਣ ਕੇ ਅਨੇਕਾਂ ਲੋਕ ਮੁਰੀਦ ਬਣ ਗਏ।"[1]

ਭਾਰਤ ਵਿਚ 300 ਸਾਲਾਂ ਬਾਅਦ ਪੀਰ ਸ਼ਾਹ ਨਿਆਸਤ ਉਲ੍ਹਾ ਅਤੇ ਨਸੀਰ-ਉਦ-ਦੀਨ ਮੁਹੰਮਦ ਜਿਲਾਨੀ ਨੇ ਕਾਦਰੀ ਸਿਲਸਿਲੇ ਦਾ ਪ੍ਰਚਾਰ ਕੀਤਾ। ਨਸੀਰ-ਉਦ-ਦੀਨ ਨੂੰ ਸੱਯਦ ਮੁਹੰਮਦ ਗੌਸ਼ ਵੀ ਕਿਹਾ ਜਾਂਦਾ ਸੀ। ਜਿਨ੍ਹਾਂ ਦਾ ਜਨਮ 1428 ਈ. ਵਿਚ ਅਲੀਪੋ ਵਿਖੇ ਹੋਇਆ। ਭ੍ਰਮਣ ਕਰਦੇ ਹੋਏ ਇਹ ਭਾਰਤ ਵਿਚ ਆਏ। ਭਾਰਤ ਵਿਚ ਆ ਕੇ ਇਨ੍ਹਾਂ ਨੇ 'ਉੱਚ' ਦੇ ਸਥਾਨ ਤੇ ਨਿਵਾਸ ਕੀਤਾ ਜਿੱਥੇ ਕਿ ਪਹਿਲਾਂ ਹੀ ਸੂਫ਼ੀ ਨਿਵਾਸ ਕਰਦੇ ਸਨ।

ਇਸ ਪਿੱਛੋਂ ਉਹ ਆਮ ਲੋਕਾਂ ਵਿਚ 'ਉੱਚ ਦੇ ਪੀਰ' ਕਰਕੇ ਸਤਿਕਾਰਿਆ ਗਿਆ। ਇਹਨਾਂ ਨੂੰ 'ਵਾਲਾ ਪੀਰ' ਵੀ ਕਿਹਾ ਜਾਂਦਾ ਹੈ।

ਭਾਰਤ ਉੱਤੇ ਉਸ ਵਕਤ ਸਿਲੰਦਰ ਲੋਧੀ ਦਾ ਰਾਜ ਸੀ। ਮੁਹੰਮਦ ਗੌਸ਼ ਦਾ ਲੋਕਾਂ ਉੱਤੇ ਬਹੁਤ ਪ੍ਰਭਾਵ ਸੀ ਇਸੇ ਕਾਰਨ ਹੀ ਸਿਲੰਧਰ ਲੋਧੀ ਵੀ ਆਪਦੇ ਮੁਰੀਦ ਹੋ ਗਏ। ਬਾਅਦ ਵਿਚ ਇਹ ਮੁਰਸ਼ਿਦ-ਮੁਰੀਦ ਦੀ ਨੇੜਤਾ ਇੰਨੀ ਜ਼ਿਆਦਾ ਹੋ ਗਈ ਸੀ ਕਿ ਸਿਕੰਦਰ ਲੋਧੀ ਨੇ ਆਪਣੀ ਬੇਟੀ ਦਾ ਵਿਆਹ ਇਨ੍ਹਾਂ ਨਾਲ ਕਰ ਦਿੱਤਾ।

ਕਾਦਰੀ ਸੰਪ੍ਰਦਾਇ ਸਨਾਤਨ ਪੰਥੀ ਇਸਲਾਮ ਨਾਲ ਸੰਬੰਧਿਤ ਸੀ। ਜਿਸ ਵਿਚ ਸੰਗੀਤ ਅਤੇ ਨਾਚ ਨੂੰ ਸਖ਼ਤ ਨਫ਼ਰਤ ਕੀਤੀ ਜਾਂਦੀ ਸੀ। ਇਸ ਸੰਪਰਦਾ ਦਾ ਲੋਕਾਂ ਵਿਚ ਬਹੁਤ ਸਤਿਕਾਰ ਸੀ। ਅਬਦੁਲ ਕਾਦਿਰ ਕਿਲਾਨੀ ਦੇ ਆਦਰ ਸਤਿਕਾਰ ਵਿਚ ਲੋਕ ਆਪ ਨੂੰ ਪੀਰਾ-ਏ-ਪੀਰ, ਪੀਰ ਦਸਤਗੀਰ, ਮੁਹੀਉੱਦੀਨ, ਗੌਸ-ਉਲ-ਅਜ਼ਮ, ਮਹਿਬੂਬ-ਇ-ਸੁਬਹਾਨੀ, ਹੁਸਨੁਲ-ਹੁਸੈਨੀ ਆਦਿ ਵਿਸ਼ੇਸ਼ਣੀ ਨਾਵਾਂ ਨਾਲ ਪੁਕਾਰਦੇ ਸਨ।

"ਇਸ ਪ੍ਰਚਾਰ ਲਈ ਅਬਦੁਲ ਕਾਦਿਰ ਜੋ ਵਿਖਿਆਨ ਦਿੱਤੇ, ਉਹ ਅਲ-ਫ਼ਤਹ-ਅਲ-ਰੱਬਾਨੀ ਤੇ ਫੁਤੂਹਲਗਾਲਿਬ ਨਾਮਕ ਦੋ ਗ੍ਰੰਥਾਂ ਵਿਚ ਸੁਰੱਖਿਅਤ ਹਨ। ਇਨ੍ਹਾਂ ਵਿਆਖਿਆਨਾਂ ਵਿਚ ਅਬਦੁਲ ਕਾਦਿਰ ਨੇ ਮਨੁੱਖ ਨੂੰ ਲੌਕਿਕ ਤੇ ਅਧਿਆਤਮਿਕ ਜੀਵਨ ਵਿਚ ਸੰਤੁਲਨ ਕਾਇਮ ਕਰਨ ਦੀ ਸਿੱਖਿਆ ਦਿੱਤੀ ਹੈ।"[2]

"'ਫਤੂਹ-ਉਲ-ਗ਼ੈਬ' ਸ਼ੇਖ ਜੀਲਾਨੀ ਦੀ ਮਹੱਤਵਪੂਰਨ ਰਚਨਾ ਹੈ ਜੋ ਇਸਲਾਮੀ ਸੂਫ਼ੀਵਾਦ ਦੀਆਂ ਪ੍ਰਮਾਣਿਕ ਅਤੇ ਪ੍ਰਮਾਣਯੋਗ ਕਿਤਾਬਾਂ ਵਿਚੋਂ ਇਕ ਹੈ। ਕਾਦਿਰੀਆ ਸੰਪ੍ਰਦਾਇ ਦੀਆਂ ਖਾਨਕਾਹਾਂ ਵਿਚ ਸੂਫ਼ੀਵਾਦ ਨੂੰ ਜਿਵੇਂ ਸਮਝਾਇਆ ਅਤੇ ਸਿਖਾਇਆ ਜਾਂਦਾ ਹੈ ਉਸ ਦੇ ਸਰੂਪ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਉਕਤ ਕਿਤਾਬ ਦਾ ਸਾਰ ਪ੍ਰਸਤੁਤ ਕਰਨ ਦਾ ਯਤਨ ਕੀਤਾ ਜਾਂਦਾ ਹੈ।"[3]

ਇਸ ਸੰਪਰਦਾਇ ਵਿਚ ਪ੍ਰਭੂ ਸਿਮਰਨ ਦੇ ਚਾਰ ਢੰਗ ਨਿਸ਼ਚਿਤ ਕੀਤੇ ਗਏ ਹਨ, ਯਕ ਜਰਬੀ, ਦੋ ਜਰਬੀ, ਸੇ ਜਰਬੀ ਅਤੇ ਚਾਰ ਜਰਬੀ, ਇਨ੍ਹਾਂ ਚਾਰਾਂ ਵਿਚ ਅੱਲ੍ਹਾਂ ਦੇ ਨਾਮ ਤੇ ਜ਼ੋਰ ਦਿੱਤਾ ਜਾਂਦਾ ਹੈ।

---

1 ਗੁਲਜਾਰ ਸਿੰਘ, ਸੂਫ਼ੀਮਤ ਸਿਲਸਿਲੇ ਅਤੇ ਸਾਧਕ, ਪੰਨਾ 81.
2 ਨਰੇਸ਼ (ਡਾ.), ਸੂਫ਼ੀਅਤ ਅਤੇ ਸੂਫ਼ੀ ਕਾਵਿ, ਪੰਨਾ 52.
3 ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ 138.

ਪੰਜਾਬ ਵਿਚ ਇਸ ਸੰਪ੍ਰਦਾਇ ਨਾਲ ਸੰਬੰਧਿਤ ਸੂਫ਼ੀ ਸੰਤਾਂ ਵਿਚ ਮੀਆਂ ਮੀਰ ਦਾ ਨਾਮ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਮੀਆਂ ਮੀਰ ਦਾ ਅਸਲੀ ਨਾਮ ਮੀਰ ਮੁਹੰਮਦ ਸੀ। "ਪੰਜਾਬ ਵਿਚ ਕਾਦਿਰੀਆਂ ਦੇ ਵਡੇਰੇ ਹਜ਼ਰਤ ਮੀਆਂ ਮੀਰ ਦਾ ਸਿੱਖ ਧਰਮ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਨਾਲ ਬੜੀ ਨੇੜਤਾ ਦਾ ਸੰਬੰਧ ਸੀ ਅਤੇ ਇਕ ਰਵਾਇਤ ਮੁਤਾਬਿਕ ਗੁਰੂ ਅਰਜਨ ਦੇਵ ਜੀ ਨੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਨੀਂਹ ਹਜ਼ਰਤ ਮੀਆਂ ਮੀਰ ਪਾਸੋਂ ਰਖਵਾਈ ਸੀ।"[1]

ਇਹ ਸੂਫ਼ੀ ਸੰਤ ਇਬਾਦਤ ਵਿਚ ਲੀਨ ਰਹਿੰਦਾ ਸੀ। ਮੀਆਂ ਮੀਰ ਚਿੰਤਨ ਮਨਨ ਕਰਨ ਵਾਲਾ ਵਿਦਵਾਨ ਸੂਫ਼ੀ ਸੀ। ਮੀਆਂ ਮੀਰ ਨੇ ਲਾਹੌਰ ਵਿਚ ਸੂਫ਼ੀ ਖਾਨਕਾਹ ਬਣਵਾਈ। ਮੁਗਲ ਸਮਰਾਟ ਸ਼ਾਹ ਜ਼ਹਾਨ ਦਾ ਪੁੱਤਰ ਦਾਰਾ ਸ਼ਕੋਹ ਵੀ ਕਾਦਿਰੀ ਸੰਪ੍ਰਦਾਇ ਨਾਲ ਜੁੜਿਆ ਸੀ। ਉਸ ਨੇ ਮੀਆਂ ਮੀਰ ਦੇ ਮੁਰੀਦ ਮੁੱਲਾ ਸ਼ਾਹ ਦੀ ਮੁਰੀਦੀ ਕੀਤੀ। "ਦਾਰਾ ਸ਼ਿਕੋਹ ਨੇ ਸਕੀਨਾ-ਤੁਲ-ਔਲੀਆ ਵਿਚ ਮੀਆਂ ਮੀਰ ਦੇ ਕੁਝ ਵਾਕ ਪ੍ਰਸਤੁਤ ਕੀਤੇ ਹਨ ਅਤੇ ਇਹ ਵੀ ਲਿਖਿਆ ਹੈ ਕਿ ਜਦ ਕਿਸੇ ਆਇਤ ਜਾਂ ਹਦੀਸ ਦਾ ਅਰਥ ਮੀਆਂ ਮੀਰ ਬਿਆਨ ਕਰਦਾ ਸੀ ਤਾਂ ਸੁਣਨ ਵਾਲੇ ਵਿਦਵਾਨ ਦੰਗ ਰਹਿ ਜਾਂਦੇ ਸਨ।"[2] ਮੁਗਲ ਸਮਰਾਟ ਜਹਾਂਗੀਰ ਅਤੇ ਸ਼ਾਹ ਜਹਾਨ ਵੀ ਉਸ ਦਾ ਸਤਿਕਾਰ ਕਰਦੇ ਸਨ।

ਸ਼ੁਰੂ ਵਿਚ ਚਾਹੇ ਇਸ ਸੰਪ੍ਰਦਾਇ ਦੇ ਲੋਕ ਸੰਗੀਤ ਨੂੰ ਨਫ਼ਰਤ ਕਰਦੇ ਸਨ, ਪ੍ਰੰਤੂ ਅੱਗੇ ਚਲਕੇ ਸੂਫ਼ੀ ਸਾਧਨਾ ਕਰਦਿਆਂ 'ਹਾਲ' ਦੀ ਅਵਸਥਾ ਵਿਚ ਪਹੁੰਚਣ ਲਈ ਸੰਗੀਤ ਦੇ ਮਾਧਿਅਮ ਨੂੰ ਚੁਣਿਆ। ਸੁਲਤਾਨ ਬਾਹੂ, ਬਾਬਾ ਬੁੱਲੇ ਸ਼ਾਹ, ਸ਼ਾਹ ਸ਼ਰਫ਼ ਬਟਾਲਵੀ ਆਦਿ ਨੇ ਸੂਫ਼ੀ ਸਾਹਿਤ ਦੀ ਰਚਨਾ ਕੀਤੀ ਤੇ ਸੰਗੀਤ ਰਾਹੀਂ ਹੀ ਆਪਣੇ ਕਲਾਮ ਨੂੰ ਆਮ ਲੋਕਾਂ ਤੱਕ ਪਹੁੰਚਾਇਆ।

### 3.3.3.4.4 ਨਕਸ਼ਬੰਦੀ ਸਿਲਸਿਲਾ

ਨਕਸ਼ਬੰਦੀ ਸਿਲਸਿਲੇ ਦੇ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਨਾਂ ਪ੍ਰਚਾਰ ਵਿਚ ਰਹੇ। ਸ਼ੁਰੂ ਵਿਚ ਸਦੀਕੀਆ ਸਿਲਸਿਲਾ, ਫਿਰ ਸਿਲਸਿਲਾ-ਏ-ਖ਼ਵਾਜਗਾਨ ਦੇ ਨਾਂ ਨਾਲ ਜਾਣਿਆ ਗਿਆ। ਖ਼ਵਾਜਾ ਬਹਾਉੱਦੀਨ ਨਕਸ਼ਬੰਦੀ ਦੇ ਇਸ ਸਿਲਸਿਲੇ ਦੇ ਪ੍ਰਚਾਰ ਕਰਨ ਤੇ ਇਸ ਸਿਲਸਿਲੇ ਦਾ ਨਾਂ ਨਕਸ਼ਬੰਦੀ ਪੈ ਗਿਆ। ਨਕਸ਼ਬੰਦੀ ਸਿਲਸਿਲੇ ਦੇ ਬਾਰੇ ਵਿਚ ਕਈ ਕਥਾਵਾਂ ਪ੍ਰਚਲੱਤ ਹਨ। ਕਈ ਲੋਕ ਕਹਿੰਦੇ ਹਨ ਕਿ ਗਲੀਚਿਆਂ ਦੀ ਛਪਾਈ ਕਰਨ ਵਾਲੇ ਲੋਕਾਂ ਦਾ ਇਸ ਸਿਲਸਿਲੇ ਦੇ ਪ੍ਰਚਾਰ ਪ੍ਰਸਾਰ ਵਿਚ ਸਹਿਯੋਗ ਦੇ ਕਾਰਨ ਇਹ ਸਿਲਸਿਲਾ ਨਕਸ਼ਬੰਦੀਆਂ ਦਾ ਸਿਲਸਿਲਾ ਅਖਵਾਇਆ। "ਇਸ ਪੰਥ ਪ੍ਰਵਰਤਕ ਕੀ 'ਨਕਸ਼ਬੰਦ' ਪਦਵੀ ਕੇ ਵਿਸ਼ੇ ਮੇਂ ਕਹਾ ਜਾਤਾ ਹੈ ਕਿ ਯਹ ਉਨਹੇਂ ਕੱਪੜੇ ਪੇ ਚਿਤਰੋਂ ਕੋ ਛਾਪਣੀ ਕੀ ਜੀਵਿਕਾ ਕੇ ਕਾਰਨ ਮਿਲੀ ਥੀ।"[3]

ਹਜ਼ਰਤ ਖਵਾਜਾ ਬਹਾਉਦੀਨ ਨਕਸ਼ਬੰਦੀ ਨੇ ਇਸ ਸਿਲਸਿਲੇ ਵਿਚ ਆਪਣੇ ਸ਼ਗਿਰਦਾਂ ਨੂੰ ਅਧਿਆਤਮਿਕ ਗਿਆਨ ਸੰਬੰਧੀ ਗੂੜ ਰਹੱਸਾਂ ਦਾ ਸਪੱਸ਼ਟ ਚਿਤਰਣ ਕਰਕੇ ਉਹਨਾਂ ਦੀ ਆਤਮਾ ਤੇ ਹੀ

---

[1] ਸ਼ੈਲੀ, ਕੁਲਜੀਤ, ਪੰਜਾਬੀ ਸੂਫ਼ੀ ਕਵਿਤਾ ਦਾ ਬਿੰਬ ਵਿਵੇਕ, ਪੰਨਾ 64.
[2] ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ 139.
[3] ਚਤੁਰਵੇਦੀ, ਪਰਸ਼ੂਰਾਮ, ਸੂਫ਼ੀ ਕਾਵਿ ਸੰਗ੍ਰਹਿ, ਪੰਨਾ 57.

ਇਹਨਾਂ ਰਹੱਸਾਂ ਨੂੰ ਛਾਪ ਦਿੱਤਾ। "ਮੰਨਿਆ ਜਾਂਦਾ ਹੈ ਕਿ ਜੋ ਰੂਹਾਨੀ ਰਾਹਾਂ ਦਾ ਰਾਹੀ ਆਪਣੀ ਰੂਹਾਨੀ ਭੁੱਖ ਤ੍ਰੇਹ ਮਿਟਾਉਣ ਲਈ ਆਪ ਕੋਲ ਅਪੜਦਾ ਸੀ ਤਾਂ ਆਪ ਆਪਣੀ ਰੂਹਾਨੀ ਪ੍ਰਾਪਤੀ ਦੇ ਬਲਬੋਤੇ ਉਸ ਜਗਿਆਸੂ ਨੂੰ ਹਿਰਦੇ ਵਿਚ ਅੰਦਰਲੇ ਸੰਸਾਰ ਦਾ ਨਕਸ਼ਾ ਬੰਨ ਦਿੰਦੇ ਸਨ। ਇਸ ਕਰਕੇ ਆਪ ਦਾ ਨਾਂ ਨਕਸ਼ਬੰਦ ਪਿਆ।"[1]

ਕਈ ਵਿਦਵਾਨਾਂ ਦਾ ਮੰਨਣਾ ਹੈ ਕਿ ਇਸ ਸਿਲਸਿਲੇ ਦੇ ਸਾਧਕ ਆਪਣੇ ਸਰੀਰ ਨਾਲ ਤਵੀਜ਼ ਬੰਨਦੇ ਹਨ ਜਿਸ ਵਿਚ ਇਕ ਨਕਸ਼ ਬੰਨਿਆ ਹੁੰਦਾ ਹੈ ਜਿਸ ਕਾਰਨ ਸਿਲਸਿਲੇ ਨੂੰ ਨਕਸ਼ਬੰਦੀ ਸਿਲਸਿਲਾ ਕਿਹਾ ਜਾਂਦਾ ਹੈ।

ਹਜ਼ਰਤ ਖਵਾਜਾ ਬਹਾਉਦੀਨ ਨੇ ਨਕਸ਼ਬੰਦੀ ਸਿਲਸਿਲੇ ਦੇ ਸਾਧਕਾਂ ਲਈ ਗਿਆਰਾਂ ਸੂਤਰੀ ਨਿਯਮਾਂਵਲੀ ਨਿਰਧਾਰਿਤ ਕੀਤੀ ਜਿਸ ਦੀ ਪਾਲਣਾ ਹਰ ਨਕਸ਼ਬੰਦੀ ਲਈ ਜ਼ਰੂਰੀ ਸੀ।

1. ਹੋਸ਼-ਦਰ-ਦਮ (ਭਾਵ ਹਰ ਸ਼ਾਹ ਰੱਬੀ ਯਾਦ ਵਿਚ ਲਿਆ ਜਾਵੇ)
2. ਨਜ਼ਰ-ਬਰ-ਕਦਮ (ਨਜ਼ਰ ਹਮੇਸ਼ਾ ਆਪਣੇ ਕਦਮਾਂ ਵਲ ਰਹੇ)
3. ਸਫ਼ਰ-ਦਰ-ਬਤਨ (ਧਿਆਨ ਹਿਰਦੇ ਦੀ ਪਾਕੀਜ਼ਗੀ ਵਲ ਰਹੇ)
4. ਯਾਦ ਕਰਦਨ (ਹਰ ਵੇਲੇ ਰੱਬ ਦਾ ਸਿਮਰਨ ਚਲਦਾ ਰਹੇ)
5. ਨਿਗਾਹ ਦਾਸ਼ਤ (ਮਨ ਹਰ ਸਮੇਂ ਬੁਰੇ ਕਰਮਾਂ ਤੋਂ ਤੋਬਾ ਕਰੇ)
6. ਬਾਜ਼ਗਸਤ (ਦਿਲੋ ਦਿਮਾਗ ਵਿਚ ਪ੍ਰਭੂ ਨਾਮ ਗੂੰਜਦਾ ਰਹੇ)
7. ਖ਼ਿਲਾਫਤ-ਦਰ-ਅੰਜੁਮਨ (ਦੁਨੀਆਂ ਵਿਚ ਵਿਚਰਦਿਆਂ ਵੀ ਧਿਆਨ ਪ੍ਰਭੂ ਵੱਲ ਰਹੇ)
8. ਯਾਦਦਾਸ਼ਤ (ਹਰ ਸਮੇਂ ਪ੍ਰਭੂ ਦੀ ਮੌਜੂਦਗੀ ਦਾ ਅਹਿਸਾਸ ਰਹੇ)
9. ਵੂਕੂਫ-ਏ-ਕਲਬੀ (ਸਿਮਰਨ ਸਮੇਂ ਮਨ ਦੀ ਭਟਕਨਾ ਨੂੰ ਰੋਕਣ)
10. ਵੂਕੂ-ਏ-ਜ਼ਾਮਾਨੀ (ਨਿਰੰਤਰ ਆਤਮ ਵਿਸ਼ਲੇਸ਼ਣ ਕਰਦੇ ਰਹਿਣਾ)
11. ਵੂਕੂਫ-ਏ-ਅਦਦੀ (ਸਿਮਰਨ ਕਰਦਿਆਂ ਗਿਣਤੀ ਕਰਦੇ ਰਹਿਣਾ ਤਾਂ ਜੋ ਮਨ ਵਿਅਰਥ ਦੇ ਵਿਚਾਰਾਂ ਵਿਚ ਨਾ ਉਲਝੇ)

ਨਕਸ਼ਬੰਦੀ ਸਿਲਸਿਲੇ ਵਿਚ ਰੱਬੀ ਜਾਪ ਕਰਦਿਆਂ ਜ਼ਿਕਰ-ਏ-ਖਫੀ ਨੂੰ ਜ਼ਿਕਰ-ਏ-ਜਲੀ ਤੋਂ ਜਿਆਦਾ ਮਹੱਤਵ ਦਿੱਤਾ ਜਾਂਦਾ ਸੀ। "ਹਿੰਦੁਸਤਾਨ ਵਿਚ ਮੁਗਲ ਹਕੂਮਤ ਦੇ ਸੰਸਥਾਪਕ ਬਾਬਰ ਵੀ ਇਨ੍ਹਾਂ ਦੇ ਸਰਧਾਲੂਆਂ ਵਿਚੋਂ ਸਨ।"[2] ਨਕਸ਼ਬੰਦੀ ਸਿਲਸਿਲੇ ਦੇ ਸਾਧਕਾਂ ਨੇ ਰੂਹਾਨੀਅਤ ਦੇ ਨਾਲ-ਨਾਲ ਰਾਜਨੀਤਿਕ ਮਾਹੌਲ ਨੂੰ ਵੀ ਸਮਝਦਿਆਂ ਹੋਇਆ ਸਮਕਾਲੀ ਸ਼ਾਸਕਾਂ ਨਾਲ ਵੀ ਚੰਗੇ ਸੰਬੰਧ ਰੱਖੇ। ਜਿਸ ਕਾਰਨ ਮਾਲੀ ਤੌਰ ਤੇ ਵੀ ਨਕਸ਼ਬੰਦੀ ਸਿਲਸਿਲਾ ਉੱਚ ਸਿਖਰ ਤੇ ਰਿਹਾ।

ਭਾਰਤ ਵਿਚ ਨਕਸ਼ਬੰਦੀ ਸਿਲਸਿਲੇ ਦਾ ਪ੍ਰਚਾਰ ਪ੍ਰਸਾਰ ਦਾ ਸਿਹਰਾ ਖਵਾਜ਼ਾ ਬਾਕੀ ਬਿਲਾਹ ਬੇਰੰਗ ਦੇ ਸਿਰ ਹੈ। ਤਿੰਨ ਸਾਲ ਤੱਕ ਬਾਕੀ ਬਿਲਾਹ ਨੇ ਇਸ ਸਿਲਸਿਲੇ ਦੀ ਸੇਵਾ ਕੀਤੀ। ਸ਼ੇਖ ਬਾਕੀ ਬਿਲਾਹ ਦੇ

---

[1] ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ 191.
[2] ਹਬੀਬ, ਮੁਹੰਮਦ (ਡਾ.), ਭਾਰਤ ਵਿਚ ਸੂਫ਼ੀਵਾਦ : ਚੋਣਵੇਂ ਸੰਦਰਭ, ਪੰਨਾ 85.

ਮੁਰੀਦ ਸ਼ੇਖ ਅਹਿਮਦ ਫਰੂਕੀ ਸਰਹੰਦੀ ਹੋਏ ਜਿੰਨ੍ਹਾਂ ਨੇ ਆਪਣੇ ਮੁਰਸ਼ਦ ਦੇ ਕਦਮਾਂ ਤੇ ਚਲਦਿਆਂ ਸਿਲਸਿਲੇ ਦਾ ਪ੍ਰਚਾਰ ਕੀਤਾ। ਸ਼ੇਖ ਅਹਿਮਦ ਫਰੂਕੀ ਮੱਕੇ ਦੀ ਯਾਤਰਾ ਦੌਰਾਨ ਸ਼ੇਖ ਬਾਕੀ ਬਿਲਾਹ ਨੂੰ ਮਿਲੇ ਤੇ ਉਥੇ ਹੀ ਉਹਨਾਂ ਨੇ ਇਹਨਾਂ ਦੇ ਅਧਿਆਤਮਿਕ ਗੂੜ-ਰਹੱਸਾਂ ਨੂੰ ਸਮਝਿਆ ਅਤੇ ਸ਼ੇਖ ਬਾਕੀ ਬਿਲਾਹ ਦੀ ਮੁਰੀਦੀ ਧਾਰਨ ਕੀਤੀ। "ਆਪ ਨੂੰ ਮੁੱਜਦਿਦ (ਇਸਲਾਮ ਧਰਮ ਦਾ ਸੁਧਾਰਕ) ਕਿਹਾ ਗਿਆ। ਜਿਸ ਕਰਕੇ ਨਕਸ਼ਬੰਦੀ ਸਿਲਸਿਲੇ ਨੂੰ ਆਪ ਤੋਂ ਪਿੱਛੇ ਨਕਸ਼ਬੰਦੀ ਯਹ ਮੁੱਜੱਦਿਦੀਯਹ ਸਿਲਸਿਲਾ ਆਖਣ ਲਗ ਪਏ।"[1]

"ਸ਼ੇਖ ਅਹਿਮਦ ਨੂੰ ਮੁਜੱਦਿਦ ਅਲਿਫ਼ ਸਾਨੀ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।"[2]

ਨਕਸ਼ਬੰਦੀ ਸਿਲਸਿਲੇ ਵਿਚ ਸੰਗੀਤ ਅਤੇ ਨਰਿਤ ਦੀ ਕੜ੍ਹੀ ਵਿਰੋਧਤਾ ਕੀਤੀ ਜਾਂਦੀ ਰਹੀ। "ਸੰਗੀਤ ਦੇ ਨਾਲ ਗਾਉਣਾ ਵਜਾਉਣਾ, ਹਾਲ ਦੀ ਅਵਸਥਾ ਵਿਚ ਨਚਣਾ, ਸੰਤਾਂ ਦੇ ਮੰਦਰਾਂ ਆਦਿ ਦੀ ਪੂਜਾ ਕਰਨੀ, ਮਟੀਆਂ ਜਾਂ ਦਰਗਾਹਾਂ ਉੱਤੇ ਦੀਵੇ ਬਾਲਣਾ ਆਦਿਕ, ਸਭ ਮਨ੍ਹਾ ਕਰ ਦਿੱਤਾ।"[3]

ਚਾਹੇ ਨਕਸ਼ਬੰਦੀ ਸਿਲਸਿਲੇ ਦੇ ਸਾਧਕ ਸੰਗੀਤ ਦਾ ਵਿਰੋਧ ਕਰਦੇ ਹਨ ਪ੍ਰੰਤੂ ਸਿੱਧੇ ਜਾਂ ਅਸਿੱਧੇ ਤੌਰ ਤੇ ਇਹ ਸੰਗੀਤ ਨਾਲ ਜੁੜੇ ਹੁੰਦੇ ਹਨ। ਜਦੋਂ ਇਹ ਸਾਧਕ ਸਿਮਰਨ ਜਾਂ ਜਾਪ ਕਰਦੇ ਹੋਏ ਗਿਣਤੀ ਕਰਦੇ ਹਨ ਤਾਂ ਇਹ ਜਾਪ ਦੀ ਗਿਣਤੀ ਵਿਚ ਵੀ ਇਕ ਲੈਅ ਦਾ ਆਭਾਸ ਹੁੰਦਾ ਹੈ। ਕਿਉਂਕਿ ਲੈਅਬਧਤਾ ਨਾਲ ਹੀ ਮਨ ਦੀ ਇਕਾਗਰਤਾ ਜਾ ਸਥਿਰਤਾ ਬਣ ਸਕਦੀ ਹੈ। "ਇਸ ਸੰਪਰਦਾ ਵਾਲੇ ਅਨੁਯਾਈਆਂ ਵਿਚ 'ਕਾਯੂਮੀਅਤ' ਦਾ ਸਿਧਾਂਤ ਵੀ ਵਿਸ਼ੇਸ਼ ਮਹੱਤਤਾ ਰੱਖਦਾ ਹੈ। 'ਕਾਯੂਮ' ਸੰਪੂਰਨ ਵਿਅਕਤੀ ਤੋਂ ਉਚੇਰੇ ਸਥਾਨ ਦਾ ਸਵਾਮੀ ਹੁੰਦਾ ਹੈ ਅਤੇ ਹਰ ਵਸਤੂ ਉਤੇ ਪ੍ਰਭੁਤੱਵ ਰੱਖਦਾ ਹੈ।"[4]

ਨਕਸ਼ਬੰਦੀ ਸਿਲਸਿਲੇ ਵਿਚ ਸ਼ਰੀਅਤ ਦੀ ਪਾਲਣਾ ਬਾਕੀ ਸਿਲਸਲਿਆਂ ਤੇ ਮੁਕਾਬਲੇ ਵਧੇਰੇ ਸੀ। ਨਕਸ਼ਬੰਦੀ ਬਾਕੀ ਸੂਫ਼ੀਆਂ ਨਾਲੋਂ ਘੱਟ ਉਦਾਰ ਸਨ ਅਤੇ ਆਪਣੇ ਸਿਧਾਂਤਾ ਦੀ ਪਾਲਣਾ ਲਈ ਬਲਸ਼ਾਲੀ ਭਾਸ਼ਾ ਦੀ ਵਰਤੋਂ ਕਰਦੇ ਸਨ। ਸ਼ੇਖ ਅਹਿਮਦ ਸਰਹੰਦੀ ਨੇ ਵਹਿਦਤ ਸ਼ਹੂਦ ਦੇ ਸਿਧਾਂਤ ਦਾ ਪ੍ਰਚਾਰ ਕੀਤਾ। "ਜਿੱਥੋਂ ਤਕ ਭਾਰਤ ਵਿਚ ਇਸਲਾਮੀ ਸੂਫ਼ੀਵਾਦ ਦਾ ਸੰਬੰਧ ਹੈ ਮੁਜੱਦਿਦ ਦਾ ਕਾਰਨਾਮਾ ਇਹ ਹੈ ਕਿ ਉਸ ਨੇ 'ਵਹਿਦਤ-ਉਲ-ਵਜੂਦ' ਅਤੇ 'ਸਾਰਿਆਂ ਧਰਮਾਂ ਦੀ ਏਕਤਾ' ਦਾ ਡਟ ਕੇ ਵਿਰੋਧ ਕੀਤਾ। ਉਸਦਾ ਵਿਚਾਰ ਸੀ ਕਿ ਜੇ 'ਵਹਿਦਤ-ਉਲ-ਵਜੂਦ' ਦੇ ਵਿਸ਼ਵਾਸ ਨੂੰ ਮੰਨ ਲਈਏ ਤਾਂ ਫਿਰ ਬੰਦੇ ਅਤੇ ਖੁਦਾ ਵਿਚਕਾਰ ਫ਼ਰਕ ਨਹੀਂ ਰਹਿੰਦਾ।"[5]

ਵਹਿਦਤ-ਉਲ-ਵਜੂਦ ਅਤੇ ਵਹਿਦਤ-ਉਲ-ਸਹੂਦ ਦੇ ਸਿਧਾਂਤਾਂ ਦੇ ਕਾਰਨ ਇਹ ਸਿਲਸਿਲਾ ਵੀ ਅੱਗੋਂ ਦੋ ਸੰਪਰਦਾਵਾਂ ਵਿਚ ਵੰਡਿਆਂ ਗਿਆ। ਵਹਿਦਤ-ਉਲ-ਵਜੂਦ ਸਿਧਾਂਤ ਦੀ ਪਾਲਣਾ ਵਾਲੇ ਫ਼ੀਰੋਜ਼ਾਬਾਦੀ ਸਿਲਸਿਲੇ ਅਤੇ ਵਹਿਦਤ-ਉਲ-ਸਹੂਦ ਵਾਲੇ ਸਰਹਿੰਦੀ ਸਿਲਸਿਲੇ ਨਾਲ ਜਾਣੇ ਜਾਣ ਲੱਗੇ। ਮੱਧਕਾਲ ਵਿਚ ਭਾਰਤੀ ਪਰੰਪਰਾ ਦੇ ਸਮਕਾਲੀ ਸੂਫ਼ੀ ਅਤੇ ਸੰਤਾਂ ਨੇ ਭਗਤੀ ਸੰਗੀਤ ਰਾਹੀਂ ਆਪਣੇ ਕਲਾਮ

---

[1] ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ 192.
[2] ਨਰੇਸ਼ (ਡਾ.), ਸੂਫ਼ੀਅਤ ਅਤੇ ਸੂਫ਼ੀ-ਕਾਵਿ, ਪੰਨਾ 65.
[3] ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ 192.
[4] ਘੁੰਮਣ, ਬਿਕਰਮ ਸਿੰਘ (ਸੰਪਾ.), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਪੰਨਾ 33.
[5] ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ 143.

ਨੂੰ ਪੇਸ਼ ਕਰਕੇ ਜਨ ਸਮੂਹ ਨੂੰ ਰੂਹਾਨੀਅਤ ਭਰਿਆ ਸੰਦੇਸ਼ ਦਿੱਤਾ। ਭਗਤੀ ਸੰਗੀਤ ਦੀਆਂ ਮਹਿਫਿਲਾਂ ਨੂੰ ਸੂਫ਼ੀ ਸੰਤਾਂ ਨੇ ਸਮਾਅ ਦੇ ਨਾਮ ਨਾਲ ਪ੍ਰਭਾਸ਼ਿਤ ਕੀਤਾ।

### 3.3.4 ਸਮਾਅ

ਸਮਾਅ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ: "ਸ਼ਰਵਣ, ਸੁਨਣਾ, ਗਾਨਾ, ਵਜਾਨਾ, ਵੱਜਦ ਕਰਨਾ, ਝੂਮਣਾ"[1] ਉਰਦੂ ਵਿਚ ਇਸ ਸ਼ਬਦ ਦੇ ਅਰਥ ਹਨ:- "ਸੁਨਣਾ, ਰਾਗ ਜਾਂ ਗਾਣਾ ਸੁਨਣਾ, ਰਕਸ-ਓ-ਸਰੂਰ, ਨਾਦ ਗਾਣਾ"। ਸੂਫ਼ੀ ਪਰੰਪਰਾ ਵਿਚ ਗਾਇਨ ਦੀ ਮਹਿਫ਼ਲ ਨੂੰ ਸਮਾਅ ਕਿਹਾ ਜਾਂਦਾ ਹੈ। ਸੂਫ਼ੀਆ ਦੇ ਸੰਦਰਭ ਵਿਚ ਅਸੀਂ ਸਮਾਅ ਦੇ ਅਰਥਾਂ ਵਿਚ ਕਹਿ ਸਕਦੇ ਹਾਂ ਖਾਸ ਇਲਹਾਨੀ ਜਾਂ ਸੁਰੀਲੀਆਂ ਆਵਾਜ਼ਾਂ ਜਿਨ੍ਹਾਂ ਨੂੰ ਸੁਣ ਕੇ ਮਨ ਦੀ ਭਟਕਣਾ ਖਤਮ ਹੋ ਜਾਵੇ ਜਾਂ ਵਜਦ ਵਿਚ ਆ ਜਾਵੇ ਜਾਂ ਹਾਲ ਦੀ ਉਹ ਅਵਸਥਾ ਹੋਵੇ ਜਦੋਂ ਆਤਮਾ ਦਾ ਪ੍ਰਮਾਤਮਾ ਨਾਲ ਸਿੱਧਾ ਮਿਲਾਪ ਹੋਵੇ। ਸੂਫ਼ੀਆਂ ਨੇ ਆਪਣੇ ਇਸਟ ਨਾਲ ਮਿਲਾਪ ਦੇ ਲਈ ਅਤੇ ਆਪਣੇ ਪੈਗਾਮ ਨੂੰ ਲੋਕਾਂ ਤਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਲਈ ਸਮਾਅ ਦੀਆਂ ਮਹਿਫਿਲਾਂ ਦਾ ਸਹਾਰਾ ਲਿਆ।

ਇਸਲਾਮ ਵਿਚ ਸੰਗੀਤ ਨੂੰ ਧਰਮ ਵਿਰੋਧੀ ਕਲਾ ਮੰਨਿਆ ਜਾਂਦਾ ਹੈ। ਇਹ ਧਾਰਣਾ ਅਸੀਂ ਆਮ ਪੜ੍ਹਦੇ ਅਤੇ ਸੁਣਦੇ ਹਾਂ। ਪਰੰਤੂ ਕਿਸੇ ਵੀ ਧਰਮ ਵਿਚ ਸੰਗੀਤ ਦਾ ਵਿਰੋਧ ਨਹੀਂ ਹੋ ਸਕਦਾ ਕਿਉਂ ਸੰਗੀਤ ਈਸ਼ਵਰ ਦਾ ਮਾਨਵ ਨੂੰ ਸਭ ਤੋਂ ਵੱਡਾ ਵਰਦਾਨ ਹੈ। ਸੰਗੀਤ ਆਦਿਕਾਲ ਤੋਂ ਹੀ ਅਰਾਧਨਾ ਦਾ ਮੁੱਖ ਮਾਧਿਅਮ ਰਿਹਾ ਹੈ। ਇਤਿਹਾਸ ਦੇ ਪੰਨਿਆਂ ਤੇ ਝਾਤ ਪਾਈਏ ਤਾਂ ਪਤਾ ਚਲਦਾ ਹੈ ਸੰਗੀਤ ਨੂੰ ਮੁੱਢ ਕਦੀਮ ਤੋਂ ਹੀ ਸੰਤਾਂ, ਪੀਰਾਂ, ਫਕੀਰਾਂ ਨੇ ਮੋਕਸ਼ ਪ੍ਰਾਪਤੀ ਦਾ ਸਾਧਨ ਦੱਸਿਆ ਹੈ, ਕਿਉਂਕਿ ਸੰਗੀਤ ਇਕ ਮਹਾਨ ਅਤੇ ਪਵਿੱਤਰ ਕਲਾ ਹੈ। ਸੰਤਾਂ ਪੀਰਾਂ ਫਕੀਰਾਂ ਨੇ ਆਪਣੇ ਵਿਚਾਰਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਸੰਗੀਤ ਨੂੰ ਹੀ ਉੱਚ ਮੰਨਿਆ। ਸਾਰੇ ਸੰਤਾਂ, ਪੀਰਾਂ ਨੇ ਆਪਣੇ ਕਲਾਮ ਨੂੰ ਗੀਤ ਕਾਵਿ ਜਾਂ ਛੰਦਬੱਧ ਲਿਖਿਆ ਹੈ। ਗੀਤ ਕਾਵਿ ਜਾਂ ਛੰਦ ਬੰਦ ਰਚਨਾ ਦਾ ਗਾਇਨ ਸੁਭਾਵਿਕ ਹੀ ਹੈ। ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਨੇ ਸਮਾਜ ਦੀਆਂ ਕੁਰੀਤੀਆਂ, ਆਡੰਬਰਾਂ, ਅਨਿਆਇ, ਆਦਿ ਦੇ ਖਿਲਾਫ਼ ਆਵਾਜ਼ ਉਠਾਈ ਅਤੇ ਉਹਨਾਂ ਨੇ ਉਸ ਸੰਗੀਤ ਦੀ ਮਨਾਹੀ ਕੀਤੀ ਜੋ ਇਨਸਾਨ ਨੂੰ ਧਰਮ ਤੋਂ ਹਟਾ ਕੇ ਅਸ਼ਲੀਲਤਾ ਦੇ ਵੱਲ ਪ੍ਰੇਰਿਤ ਕਰੇ ਜਾਂ ਉਤੇਜਿਤ ਕਰੇ ਕਿਉਂਕਿ ਹਜ਼ਰਤ ਮੁਹੰਮਦ ਤੋਂ ਪਹਿਲਾ ਸੰਗੀਤ ਆਪਣੇ ਆਲੌਕਿਕ ਰੂਪ ਨੂੰ ਗਵਾ ਕੇ ਮਜ਼ਾਜੀ ਸ਼ਿੰਗਾਰਿਕਤਾ ਵਲ ਝੁਕ ਕੇ ਅਗਿਆਨਤਾ ਦੇ ਹਨੇਰੇ ਵਿਚ ਡੁੱਬ ਰਿਹਾ ਸੀ। ਸ਼ਾਇਰੀ ਵਿਚ ਏਨਾ ਖੁੱਲ੍ਹਾਪਨ ਆ ਗਿਆ ਸੀ ਕਿ ਇਸ ਨੂੰ ਬੰਦ ਕਰਨਾ ਹੀ ਉਸ ਸਮੇਂ ਦੀ ਲੋੜ ਸੀ।

ਇਸਲਾਮ ਵਿਚ ਅਧਿਆਤਮਿਕ ਅਤੇ ਸਮਾਜ ਕਲਿਆਣ ਦੀ ਦ੍ਰਿਸ਼ਟੀ ਤੋਂ ਕਦੇ ਵੀ ਸੰਗੀਤ ਦਾ ਵਿਰੋਧ ਨਹੀਂ ਹੋਇਆ। ਇਸਲਾਮ ਧਰਮ ਵਿਚ ਸੰਗੀਤ ਦਾ ਵਿਰੋਧ ਸਿਰਫ ਸ਼ਿੰਗਾਰਿਕਤਾ ਦੇ ਕਾਰਨ ਹੋਇਆ ਜੋ ਅਧਿਆਤਮਿਕਤਾ ਤੋਂ ਮਨੁੱਖ ਨੂੰ ਦੂਰ ਕਰਦੀ ਹੈ।

---

[1] ਮਦਾਹ, ਮੁਹੰਮਦ ਮੁਸਤਫ਼ਾ ਖਾਂ, ਉਰਦੂ-ਹਿੰਦੂ ਸ਼ਬਦਕੋਸ਼, ਪੰਨਾ 667.

ਸੰਗੀਤ ਦੀ ਨਾਦਾਤਮਕ ਸ਼ਕਤੀ ਦਾ ਵਰਨਣ ਕਰਦੇ ਹੋਏ ਉਸਤਾਦ ਵਿਲਾਇਤ ਹੁਸੈਨ ਖਾਂ ਲਿਖਦੇ ਹਨ ਕਿ "ਯਹ ਖੇਦ ਕੀ ਬਾਤ ਹੈ ਕਿ ਬਹੁਤ ਸੇ ਲੋਗੋਂ ਨੇ ਇਸੇ ਪਹਿਚਾਨਾ ਹੀ ਨਹੀਂ। ਸੰਗੀਤ ਤੋਂ ਏਸੀ ਜਬਰਦਸਤ ਵਿਧਾ ਹੈ ਜੋ ਹਜ਼ਾਰੋਂ ਸਾਲ ਸੇ ਚਲੀ ਆ ਰਹੀ ਹੈ। ਬਜ਼ੁਰਗੋਂ ਸੇ ਸੁਨਾ ਹੈ ਕਿ ਭਗਵਾਨ ਨੇ ਜਬ ਆਦਮ ਕਾ ਪੁਤਲਾ ਤੈਆਰ ਕਿਆ ਤੋਂ ਉਸੇ ਦਾਖਿਲ ਹੋਨੇ ਕੇ ਲਿਏ ਆਦਮ ਕੋ ਆਗਿਆ ਦੀ, ਮਗਰ ਆਦਮ ਨੇ ਉਸ ਅੰਧੇਰੀ ਕੋਠੜੀ ਮੇਂ ਪ੍ਰਵੇਸ਼ ਕਰਨੇ ਮੇਂ ਘਬਰਾਹਟ ਪ੍ਰਗਟ ਕੀ। ਤਬ ਭਗਵਾਨ ਕੀ ਆਗਿਆ ਸੇ ਏਕ ਸ਼ੁਰੀਲਾ ਨਗਮਾ ਪੈਦਾ ਹੁਆ ਜਿਸਸੇ ਆਦਮ ਪਰ ਮਸਤੀ ਸੀ ਛਾ ਗਈ ਔਰ ਉਸੀ ਮਸਤੀ ਕੀ ਹਾਲ ਮੇਂ ਵਹ ਫੋਰਨ ਪੁਤਲੇ ਮੇਂ ਦਾਖਿਲ ਹੋ ਗਯਾ। ਬਸ ਕਿਆ ਥਾ, ਹਜ਼ਰਤ ਆਦਮ ਉਠ ਬੈਠੇ ਔਰ ਉਠਕਰ ਭਗਵਾਨ ਕਾ ਸਜਦਾ ਕੀਆ।"[1] ਸੂਫ਼ੀ ਫ਼ਕੀਰਾਂ ਨੇ ਰਹੱਸਵਾਦੀ ਸਾਧਨਾਂ ਦੇ ਅੰਤਰਗਤ ਸੰਗੀਤ ਦੇ ਵਿਸ਼ੇਸ਼ ਮਹੱਤਵ ਨੂੰ ਜਾਣਿਆ ਅਤੇ ਸੂਫ਼ੀ ਸਾਧਨਾਂ ਦੇ ਅੰਤਰਗਤ ਸਮਾਅ ਦੀ ਮਹਿਫ਼ਿਲ ਨੂੰ ਪਵਿੱਤਰ ਤੇ ਉੱਚ ਦਰਜਾ ਦਿੱਤਾ।

"ਸੂਫ਼ੀ ਸੰਗੀਤ ਈਸ਼ਵਰ ਕੇ ਪ੍ਰੇਮ ਕੇ ਲੀਏ ਹੈ, ਇਸ ਲਿਏ ਮਾਨਵ ਸੰਗੀਤ ਕੇ ਦੁਆਰਾ ਖੁਦ ਕੋ ਈਸ਼ਵਰ ਕੇ ਸਮੀਪ ਲੇ ਜਾ ਸਕਤਾ ਹੈ ਪੁਨ: ਜੋ ਸੰਗੀਤ ਮਾਨਵ ਕੋ ਈਸ਼ਵਰ ਕੇ ਸਮੀਪ ਲੇ ਜਾਏ, ਵਹ ਨਿਆਏ ਸੰਗਤ ਹੈ।"[2]

ਕੁਰਾਨ ਵਿਚ ਸੰਗੀਤ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਗਈ ਪਰ ਖ਼ੁਦਾ ਦੀ ਸਤੁਤੀ ਸੰਬੰਧੀ ਕਾਵਿ ਨੂੰ ਸਵਰ ਸਹਿਤ ਅੱਛੀ ਆਵਾਜ਼ ਵਿਚ ਪ੍ਰਸਤੁਤੀਕਰਨ ਨੂੰ ਉੱਚਿਤ ਦੱਸਿਆ ਹੈ। ਇਸੇ ਦ੍ਰਿਸ਼ਟੀਕੋਣ ਨੂੰ ਧਿਆਨ ਵਿਚ ਰੱਖਦੇ ਹੋਏ ਸੂਫ਼ੀ ਸੰਤਾਂ ਨੇ ਪੂਰੇ ਸੰਸਾਰ ਵਿਚ ਇਸਲਾਮ ਧਰਮ ਦਾ ਪ੍ਰਚਾਰ ਕੀਤਾ।

"ਸੰਗੀਤ ਕੇ ਮਾਧਿਅਮ ਸੇ ਰਾਸ਼ਟਰੀਏ ਏਕਤਾ, ਸਮਨਵਅਤਾ ਕਾ ਭਾਵ, ਜਾਗ੍ਰਿਤ ਕਰਨੇ ਕਾ ਪ੍ਰਯਾਸ ਕੀਆ ਗਯਾ। ਭਗਤੀ ਅੰਦੋਲਨ ਕਾ ਪ੍ਰਭਾਵ ਭਾਰਤ ਮੇਂ ਇਸਲਾਮ ਧਰਮ ਪਰ ਭੀ ਪੜ੍ਹਾ। ਭਗਤੀ ਸੰਗੀਤ ਕੀ ਲੋਕਪ੍ਰਿਯਤਾ ਕੋ ਦੇਖਕਰ ਇਸਲਾਮ ਧਰਮ ਕੇ ਸੂਫ਼ੀ ਚਿੰਤਕੋਂ ਨੇ ਭੀ ਭਗਤੀ ਸੰਗੀਤ ਕੋ ਮਾਧਿਅਮ ਮਾਨਕਰ ਈਸ਼ਵਰੀਏ ਗਾਨ ਏਵਮ ਪ੍ਰੇਮ ਕਾ ਸੰਦੇਸ਼ ਪਹੁੰਚਾਨਾ ਸ਼ੁਰੂ ਕਰ ਦੀਆ ਜਿਸਕੇ ਪ੍ਰਨਾਮ ਸਵਰੂਪ ਅਲੱਗਾਵਵਾਦ, ਅਨੈਤਿਕਤਾ, ਅਰਾਜਕਤਾ, ਧਾਰਮਿਕ ਸੰਕੀਰਣਤਾ, ਮਨਮੁਟਾਵ, ਸਾਮਪ੍ਰਾਇਕਤਾ, ਕੀ ਖਾਈ ਪਟਨੇ ਲਗੀ।"[3]

"ਮੁਸਲਿਮ ਧਰਮ ਮੇਂ ਸੰਗੀਤ ਨਿਸ਼ਿਦ ਮਾਨਾ ਜਾਤਾ ਹੈ। ਸੰਗੀਤ ਕੇ ਪ੍ਰਤਿ ਮੁਸਲਿਮ ਸੰਸਕ੍ਰਿਤੀ ਕੇ ਦ੍ਰਿਸ਼ਟੀਕੋਣ ਕੇ ਵਿਸ਼ੈ ਮੇਂ ਇਤਨਾ ਹੀ ਕਹਿ ਦੇਨਾ ਪਰਿਆਪਤ ਹੋਗਾ ਕਿ ਕੁਰਾਨ ਸ਼ਰੀਫ਼ ਮੇਂ ਏਕ ਸੂਰਤ 'ਸੂਰੇ ਸਅਰਾ' ਕੀ ਅੰਤਿਮ ਆਇਤੋਂ ਕੇ ਅਨੁਸਾਰ ਏਸੇ ਕਵੀਓਂ-ਗਾਇਕੋਂ ਕੀ ਰਚਨਾਓ ਕੋ ਅਨਗਰਲ

---

[1] ਸੰਗੀਤ, ਜਨਵਰੀ 2013, ਪੰਨਾ 151.
[2] ਸ਼ਰਮਾ, ਭਾਰਤੀ (ਡਾ.), ਸੰਗੀਤਿਕ ਏਵਮ ਧਾਰਮਿਕ ਪਰੰਪਰਾ ਏਕ ਅਵਲੋਕਨ, ਪੰਨਾ 51.
[3] ਬੈਨਰਜੀ, ਨਮਿਤਾ (ਡਾ.), ਮੱਧ ਕਾਲੀਨ ਸੰਗੀਤਗਯ ਏਵਮ ਉਨਕਾ ਤਤਕਾਲੀਨ ਸਮਾਜ ਪਰ ਪ੍ਰਭਾਵ, ਪੰਨਾ 52.

ਬਤਾਇਆ ਗਯਾ ਹੈ ਜੋ ਅਨੈਤਿਕਤਾਪੂਰਣ ਪ੍ਰਲਾਪ ਕਰੇ। ਹਾਂ, ਖੁਦਾ ਕੀ ਸਤੁਤੀ (ਹਮਦ) ਤਥਾ ਸਦਾਚਾਰ ਸੰਬੰਧੀ ਕਵਿਤਾ ਔਰ ਗਾਇਕੀ ਕੋ ਉਚਿਤ ਠਹਿਰਾਇਆ ਗਿਆ ਹੈ।"[1]

"ਅਧਿਆਤਮਕ ਦ੍ਰਿਸ਼ਟੀਕੋਣ ਸੇ ਐਸੀ ਕੋਈ ਵਸਤੂ ਨਹੀਂ, ਜੋ ਨਿਰਾਕਾਰ ਕਾ ਸ਼ਪੱਰਸ ਕਰ ਸਕੇ, ਸਿਵਾਏ ਸੰਗੀਤ ਕੇ, ਕਿਉਂਕਿ ਵਹ ਸਵੈਂਅ ਭੀ ਅਮੂਰਤ ਹੈ। ਸੰਗੀਤ ਕਾ ਉਦੇਸ਼ ਮਨੁਸ਼ਯ ਕੀ ਬੁੱਧੀ ਔਰ ਆਤਮਾ ਕੋ ਪ੍ਰਸ਼ਿਕਸਿਤ ਕਰਨਾ ਹੈ, ਕਿਉਂਕਿ ਧਿਆਨ ਲਗਾਨੇ ਕੇ ਲੀਏ ਸੰਗੀਤ ਹੀ ਸਬਸੇ ਅੱਛਾ ਰਾਸਤਾ ਹੈ। ਜੀਵਨ ਕਾ ਆਨੰਦ ਮਨ ਔਰ ਸਰੀਰ ਕੀ ਸਹੀ ਸੁਰ-ਬੱਧਤਾ ਮੇਂ ਹੀ ਹੈ।"[2] ਅਬੁਲ ਹਸਨ ਅਲੀ ਬਿਨ ਉਸਮਾਨ ਹੁਜਵੇਰੀ ਜਿੰਨ੍ਹਾਂ ਨੂੰ 'ਦਾਤਾ ਗੰਜ ਬਖਸ਼' ਲਕਬ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹਨਾਂ ਦਾ ਸਮਾਅ ਨਾਲ ਗੂੜ੍ਹਾ ਰਿਸ਼ਤਾ ਦ੍ਰਿਸ਼ਟੀਗੋਚਰ ਹੁੰਦਾ ਹੈ। ਦਾਤਾ ਗੰਜ ਬਖਸ਼ ਨੇ 1940 ਈ: ਵਿਚ ਲਾਹੌਰ ਵਿਚ ਡੇਰਾ ਲਾ ਲਿਆ। ਚਿਸ਼ਤੀ ਪਰੰਪਰਾ ਦੇ ਮੁਈਨੁਦੀਨ ਚਿਸ਼ਤੀ ਨੇ 'ਦਾਤਾ ਗੰਜ ਬਖਸ਼' ਲਕਬ ਇਹਨਾਂ ਨੂੰ ਲਾਹੌਰ ਦਰਗਾਹ ਤੇ ਦਿੱਤਾ। ਉਨ੍ਹਾਂ ਨੇ ਇਹਨਾਂ ਦੀ ਤਾਰੀਫ਼ ਵਿਚ ਇਹ ਸ਼ੇਅਰ ਪੜ੍ਹਿਆ

"ਗੰਜ ਬਖਸ਼-ਏ-ਹਰ ਦੋ ਆਲਮ
ਮਜ਼ਹਰ-ਏ-ਨੂਰ ਏ ਖੁਦਾ
ਕਾਮਿਲਾਂ-ਰਾ-ਪੀਰ-ਏ-ਰਹਿਨੁਮ"

ਅਰਥਾਤ ਸੰਸਾਰ ਦੇ ਸਾਰੇ ਜੀਵਾਂ ਨੂੰ ਦੌਲਤਾਂ ਦਾ ਖਜ਼ਾਨਾ ਬਖਸ਼ਣ ਕਾਰਨ ਤੂੰ ਉਸ ਖ਼ੁਦਾ ਦਾ ਭੇਜਿਆ ਹੋਇਆ ਅਵਤਾਰ ਹੈ, ਤੂੰ ਕਾਮਿਲ ਲੋਕਾਂ ਲਈ ਸੰਪੂਰਨ ਗੁਰੂ ਅਤੇ ਨਾਕਸ਼ ਲਈ ਪੱਥ ਪ੍ਰਦਰਸ਼ਕ ਹੈ। 'ਦਾਤਾ ਗੰਜ ਬਖਸ਼' ਨੇ ਅਧਿਆਤਮਿਕ ਵਿਚਾਰਾਂ ਨੂੰ ਆਪਣੇ ਕਲਾਮ ਵਿਚ ਕਲਮਬੱਧ ਕੀਤਾ। ਇਨ੍ਹਾਂ ਦੁਆਰਾ ਲਿਖੀ ਪੁਸਤਕ 'ਕਸ਼ਫ-ਉਲ-ਮਹਿਜੂਬ' ਬਹੁਤ ਹੀ ਪ੍ਰਸਿੱਧ ਹੈ। 'ਕਸ਼ਫ਼-ਉਲ-ਮਹਿਜੂਬ' ਤੋਂ ਭਾਵ ਹੈ ਰਹੱਸ ਦਾ ਪ੍ਰਗਟਾਅ। ਇਸ ਕਿਤਾਬ ਦੇ ਕੁਲ 37 ਅਧਿਆਇ ਹਨ, ਹਰੇਕ ਅਧਿਆਇ ਵਿਚ ਅਧਿਆਤਮਿਕ ਵਿਚਾਰਾਂ ਰਾਹੀਂ ਉਸ ਪ੍ਰਮਾਤਮਾ ਤੱਕ ਪਹੁੰਚਣ ਦੇ ਰਹੱਸ ਦਾ ਪ੍ਰਗਟਾਵਾ ਕੀਤਾ ਗਿਆ ਹੈ, ਪਰੰਤੂ 29ਵੇਂ ਅਧਿਆਇ ਤੋਂ ਲੈ ਕੇ 37ਵੇਂ ਅਧਿਆਇ ਤੱਕ ਸਮਾਅ ਬਾਰੇ ਉੱਚਿਤ ਜਾਣਕਾਰੀ ਦਿੱਤੀ ਹੈ। ਸਮਾਅ ਤੋਂ ਭਾਵ ਇਨ੍ਹਾਂ ਨੇ ਅਲੌਕਿਕ ਸੰਗੀਤ ਤੋਂ ਲਿਆ ਹੈ। ਇਨ੍ਹਾਂ ਨੇ ਸੰਗੀਤ ਨੂੰ ਸਿਰਫ਼ ਅੱਲਾ ਨਾਲ ਇਕਸੁਰਤਾ ਪ੍ਰਾਪਤ ਕਰਨ ਹੇਤੂ ਪ੍ਰਯੋਗ ਕੀਤਾ ਹੈ। ਇਨ੍ਹਾਂ ਨੇ ਗਾਇਨ ਦੇ ਨਾਲ ਦਰਵੇਸ਼ੀ ਨਾਚ ਰਕਸ਼ ਨੂੰ ਵੀ ਉਸ ਪ੍ਰਮਾਤਮਾ ਦੀ ਯਾਦ ਵਿਚ ਕਰਨ ਨੂੰ ਉੱਚਿਤ ਠਹਿਰਾਇਆ ਹੈ। ਇੱਥੇ ਇਨ੍ਹਾਂ ਨੇ ਸਮਾਅ ਸੰਬੰਧੀ ਕੁਝ ਜਰੂਰੀ ਨਿਯਮਾਂ ਦਾ ਵੀ ਵਰਨਣ ਕੀਤਾ ਹੈ। "ਉਹ ਕਹਿੰਦੇ ਹਨ ਕਿ ਅੱਛੀ ਆਵਾਜ ਵਿਚ ਸਮਾਅ ਕਰਨਾ ਜਾਇਜ਼ ਹੈ ਕਿਉਂਕਿ ਪੈਗੰਬਰ ਨੇ ਕੁਰਆਨ ਪਾਕ ਦੀ ਤਿਲਾਵਤ ਖੁਸ਼ ਇਲਹਾਨੀ ਭਾਵ ਚੰਗੀ ਆਵਾਜ਼ ਨਾਲ ਕਰਨ ਲਈ ਆਖਿਆ ਹੈ। ਲੇਖਕ ਦੱਸਦਾ ਹੈ ਕਿ ਸਮਾਅ ਦਾ ਮਨ ਤੇ ਡੂੰਘਾ ਪ੍ਰਭਾਵ ਪੈਂਦਾ ਹੈ ਅਤੇ ਦੂਜੀਆਂ ਚੀਜਾਂ ਵੀ ਪ੍ਰਭਾਵਿਤ ਹੁੰਦੀਆਂ ਹਨ। ... ਇਸ ਸੰਬੰਧ ਵਿਚ ਸੂਫ਼ੀਆਂ ਦੀਆਂ ਤਿੰਨ ਕਿਸਮਾਂ ਬਿਆਨ ਕੀਤੀਆਂ ਗਈਆਂ ਹਨ। 1. ਮੁਬਤਦੀਆਨ (ਉਹ ਸੂਫ਼ੀ ਜਿਹੜਾ ਅਜੇ ਮੁੱਢਲੀ ਹਾਲਤ ਵਿਚ ਹੈ), 2.

---

[1] ਸ਼ਰਮਾ, ਸੁਨੀਤਾ (ਡਾ.), ਭਾਰਤੀਏ ਸੰਗੀਤ ਕਾ ਇਤਿਹਾਸ (ਅਧਿਆਤਮਿਕ ਏਵਮ ਦਾਰਸ਼ਨਿਕ), ਪੰਨਾ 100.
[2] ਸੰਗੀਤ, ਜਨਵਰੀ 2013, ਪੰਨਾ 25.

ਮੁਤੱਵਸਿਤਾਨ (ਸੂਫ਼ੀ ਜਿਹੜਾ ਵਿਚਕਾਰਲੀ ਮੰਜਿਲ ਵਿਚ ਹੈ), 3. ਕਾਮਿਲਾਨ (ਸੰਪੂਰਨਤਾ ਦੀ ਹਾਲਤ ਵਿਚ)। ਪਹਿਲੀ ਕਿਸਮ ਦੇ ਸੂਫ਼ੀ ਨੂੰ ਸਮਾਅ ਬਿਲਕੁਲ ਨਹੀਂ ਕਰਨਾ ਚਾਹੀਦਾ, ਦੂਜੀ ਕਿਸਮ ਦਾ ਕਦੇ-ਕਦੇ ਕਰ ਸਕਦਾ ਹੈ ਅਤੇ ਕਾਮਿਲ ਲਈ ਸਮਾਅ ਬਹੁਤ ਚੰਗਾ ਹੈ। ਸਮਾਅ ਅਤੇ ਰਕਸ਼ ਹਾਲਤ-ਏ-ਵਜਦ ਦਾ ਪ੍ਰਗਟਾਅ ਹਨ। ਵਜਦ ਸੂਫ਼ੀ ਤੇ ਰੱਬੀ ਕ੍ਰਿਪਾ ਦਾ ਨਾਂਅ ਹੈ। ਇਸ ਹਾਲਤ ਵਿਚ ਸੂਫ਼ੀ ਰੱਬ ਨੂੰ ਪਾ ਲੈਂਦਾ ਹੈ।"[1]

"ਇਸ ਕਾਲ ਮੇਂ ਪਰਸੀਆ ਮੇਂ ਸੰਗੀਤ ਕੇ ਕਿਸੀ ਸ਼ਾਸਤਰੀਅ ਪਕਸ਼ ਦਾ ਵਿਕਾਸ ਨਹੀਂ ਹੁਆ ਔਰ ਮਨੋਰੰਜਨ ਕਰਨੇ ਵਾਲੀ ਧੁਨੇ ਔਰ ਨਰਿਤ ਕੀ ਉਤੇਜਕ ਭਾਵ ਭੰਗਿਆ ਤਾਲ ਆਂਗਿਕ ਸੰਚਾਲਨ ਪ੍ਰਚਲਿਤ ਹੁਏ।"[2]

"ਹਿਜਜ਼ ਮੇਂ ਸਨ 622 ਮੇਂ ਜਬ ਇਸਲਾਮ ਕਾ ਜਨਮ ਹੁਆ ਤੋ ਸੰਗੀਤ ਕੋ ਬਿਲਕੁਲ ਨਕਾਰ ਦੀਆ ਗਆ ਔਰ ਉਸੇ ਮਲਾਹੀ ਸ਼ਰਾਬ ਔਰ ਸੰਗੀਤ ਕੀ ਸੰਗਿਆ ਦੀ ਗਈ।"[3]

ਸੂਫ਼ੀਆਂ ਨੇ ਸੰਗੀਤ ਰਾਹੀ ਹੀ ਲੋਕਾਂ ਨੂੰ ਆਕਰਸ਼ਿਤ ਕਰਕੇ ਆਪਣਾ ਰੂਹਾਨੀ ਭਰਿਆ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਇਆ। ਨਿਰਗੁਣ ਨਿਰਾਕਾਰ ਈਸ਼ਵਰ ਨੂੰ ਪਾਉਣ ਦੇ ਜਜ਼ਬੇ ਨੇ ਸੂਫ਼ੀਆਂ ਨੂੰ ਅਤੇ ਭਾਰਤੀ ਜਨਤਾ ਨੂੰ ਇਕ ਦੂਜੇ ਦੇ ਨਜ਼ਦੀਕ ਲਿਆਂਦਾ। ਭਾਰਤ ਦੀਆਂ ਪ੍ਰਾਚੀਨ ਭਾਰਤੀ ਗਾਇਨ ਸ਼ੈਲੀਆ ਨੂੰ ਆਧਾਰ ਬਣਾ ਕੇ ਨਵੀਨਤਾ ਦਾ ਪੁੱਟ ਦਿੰਦੇ ਹੋਏ ਸੂਫ਼ੀ ਸੰਗੀਤ ਦੀਆਂ ਨਵੀਆਂ ਗਾਇਨ ਸ਼ੈਲੀਆਂ ਕੌਲ, ਕੱਵਾਲੀ, ਰੁਬਾਈ, ਕਾਫ਼ੀ, ਕਲਬਾਨਾ, ਗ਼ਜ਼ਲ ਆਦਿ ਪ੍ਰਚਾਰ ਵਿਚ ਆਈਆਂ।

ਕਾਵਿ, ਸੰਗੀਤ, ਨਰਿਤ ਦੀ ਲੌਕਿਕ ਸਾਧਨਾ ਕਰਦੇ ਹੋਏ ਖੁਦਾ ਨਾਲ ਮਿਲ ਜਾਣਾ ਸੂਫ਼ੀਆਂ ਦਾ ਲਕਸ਼ ਸੀ। ਸੂਫ਼ੀਆਂ ਦੀਆਂ ਸੰਗੀਤ ਦੀਆਂ ਮਹਿਫਲਾਂ ਵਿਚ ਗੀਤ ਦੇ ਨਾਲ, ਨਾਚ ਤੱਕ ਦੀ ਵੀ ਲੋੜ ਪੈਂਦੀ ਸੀ ਅਤੇ ਸੂਫ਼ੀ ਸਾਧਕ ਨੱਚਦੇ-ਨੱਚਦੇ ਵਜਦ ਵਿਚ ਆ ਕੇ ਆਤਮ ਵਿਭੋਰ ਹੋ ਜਾਂਦੇ। ਕਈ ਵਾਰ ਤਾਂ ਸੂਫ਼ੀ ਭਾਵ ਵਿਚ ਆ ਕੇ ਬੇਸੁਧ ਹੋ ਜਾਂਦੇ। ਇਹ ਹਾਲ ਦੀ ਅਵਸਥਾ ਹੁੰਦੀ ਹੈ। ਮਹਿਫ਼ਲ ਸਮਾਅ ਦੇ ਮੌਕਿਆਂ ਤੇ ਸੁਰੀਲੀ ਆਵਾਜ ਵਿਚ ਲੀਨ ਹੋ ਕੇ ਅੰਤਰ ਦ੍ਰਿਸ਼ਟੀ ਆਪਣੇ ਆਪ ਭੁਲ ਜਾਂਦੀ ਹੈ ਅਤੇ ਸੂਫ਼ੀ ਆਪਣੇ ਆਪ ਨੂੰ ਉਸ ਪ੍ਰਮਾਤਮਾ ਦੇ ਨਾਲ ਮਿਲਿਆ ਮਹਿਸੂਸ ਕਰਦੇ ਹਨ। ਸੰਗੀਤਕ ਸਾਧਨਾਂ ਦਾ ਮਾਰਗ ਹੀ ਸੂਫ਼ੀਆਂ ਨੂੰ ਅਲੌਕਿਕ ਜਗਤ ਵਿਚ ਪ੍ਰਵੇਸ਼ ਕਰਵਾਉਂਦਾ ਹੈ। ਸੂਫ਼ੀ ਸੰਗੀਤ ਦੇ ਅੰਤਰਗਤ ਸਮਾਅ ਦੀ ਮਹਿਫ਼ਲ ਵਿਚ ਕਈ ਸਾਜਾਂ ਨੇ ਵੀ ਪ੍ਰਵੇਸ਼ ਕਰ ਲਿਆ। ਜਿਵੇਂ ਕਿ ਡਫ, ਰਬਾਬ, ਇਕਤਾਰਾ ਆਦਿ ਸਾਜ ਮੁੱਢਲੇ ਸੂਫੀਆਂ ਵਿਚ ਹਰਮਨ ਪਿਆਰੇ ਸਨ। ਸੂਫ਼ੀ ਕਲਾਮ ਦੀ ਪੇਸ਼ਕਾਰੀ ਕਰਦੇ ਸਮੇਂ ਸੂਫ਼ੀ ਸਾਧਕ ਗਾਇਨ ਦੀ ਸੰਗਤੀ ਲਈ ਇਨ੍ਹਾਂ ਸਾਜਾਂ ਦਾ ਪ੍ਰਯੋਗ ਕਰਨ ਲੱਗ ਪਏ ਸੀ।

---

[1] ਹਬੀਬ, ਮੁਹੰਮਦ (ਡਾ.), ਭਾਰਤ ਵਿਚ ਸੂਫ਼ੀਵਾਦ ਚੋਣਵੇਂ ਸੰਦਰਭ ਵਿਚ, ਪੰਨਾ 50.
[2] ਸੰਗੀਤ, ਜਨਵਰੀ 2013, ਪੰਨਾ 9.
[3] ਉਹੀ, ਪੰਨਾ 9.

"ਸੂਫ਼ੀਓਂ ਕੀ ਮਹਿਫਲੋਂ ਕੇ ਸਾਥ ਹੀ ਸਾਜ਼ ਵਾ ਨਗਮਾ ਭੀ ਬੜੀ ਸ਼ਾਨ ਸੇ ਪ੍ਰਵੇਸ਼ ਪਾ ਚੁਕੇ ਥੇ। ਭਗਤੀ ਸੰਗੀਤ ਕੇ ਅੰਤਰਗਤ ਜੁੜਨੇ ਵਾਲੀ ਉਨ ਤਤਕਾਲੀਨ ਸਭਾਓਂ ਕੋ ਭੀ ਉਨ ਦਿਨੋਂ ਆਜ ਕੇ ਉਰਸੋਂ ਕੀ ਤਰਹ ਮਹਿਫਲੇ ਸਮਾਅ ਹੀ ਕਹਾ ਜਾਤਾ ਥਾ। "[1]

ਸੰਗੀਤ ਦਾ ਮਨੁੱਖੀ ਜੀਵਨ ਵਿਚ ਮੁੱਢ ਕਦੀਮ ਤੋਂ ਹੀ ਅਹਿਮ ਸਥਾਨ ਰਿਹਾ ਹੈ। ਕਿਉਂਕਿ ਅਸਲ ਵਿਚ ਸੰਗੀਤ ਇਨਸਾਨੀ ਰੂਹ ਦੀ ਖੁਰਾਕ ਹੈ ਤੇ ਜਦੋਂ ਇਨਸਾਨੀ ਰੂਹ ਨੂੰ ਪ੍ਰਭੂ ਮਿਲਣ ਦੀ ਤਾਂਘ ਵਧ ਜਾਂਦੀ ਹੈ ਤਾਂ ਸੰਗੀਤ ਹੀ ਅਜਿਹਾ ਮਾਧਿਅਮ ਹੈ ਜੋ ਮਨ ਦੀ ਭਟਕਣਾ ਨੂੰ ਸਾਂਤ ਕਰਕੇ ਇਕਾਗਰਤਾ ਦਾ ਅਹਿਸਾਸ ਕਰਵਾ ਕੇ ਪ੍ਰਭੂ ਮਿਲਣੀ ਕਰਵਾਉਂਦਾ ਹੈ। ਸੰਗੀਤ ਦੀ ਇਸ ਸੱਤਾ ਨੂੰ ਭਿੰਨ-ਭਿੰਨ ਰੂਪਾਂ ਅਤੇ ਧਰਮਾਂ ਵਿਚ ਵਿਸ਼ਵ ਦੇ ਸਾਰੇ ਪ੍ਰਾਣੀ ਮੰਨਦੇ ਅਤੇ ਸਵੀਕਾਰਦੇ ਹਨ। ਸੰਗੀਤ ਇੱਕ ਅਜਿਹੀ ਸਨਮੋਹਣੀ ਸ਼ਕਤੀ ਹੈ ਜਿਸ ਵਿਚ ਧਰਮ, ਭਾਸ਼ਾ, ਰੰਗ, ਦੇਸ, ਪ੍ਰਾਂਤ ਤੱਕ ਦੀ ਕੋਈ ਸੀਮਾ ਨਹੀਂ ਕਿਉਂਕਿ ਇਹ ਆਤਮਾ ਦੀ ਖੁਰਾਕ ਹੈ। ਆਤਮਾ ਦੀ ਭਾਸ਼ਾ ਹੈ। ਆਤਮਾ ਅਤੇ ਪਰਮਾਤਮਾ ਨੂੰ ਮਿਲਾਉਣ ਵਿਚ ਸੰਗੀਤ ਤੋਂ ਉੱਚਾ ਹੋਰ ਕੋਈ ਸਾਧਨ ਨਹੀਂ। ਆਤਮਾ ਦਾ ਸੰਗੀਤਕ ਨਾਦ ਦੀ ਸ਼ਕਤੀ ਦੁਆਰਾ ਵਸ ਵਿਚ ਕਰਕੇ ਭਟਕਣਾ ਤੋਂ ਦੂਰ ਉਸ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ। ਹਰੇਕ ਪ੍ਰਾਣੀ ਚਾਹੇ ਉਹ ਕਿਸੇ ਵੀ ਧਰਮ ਜਾਂ ਦੇਸ ਦਾ ਹੋਵੇ ਉਸ ਦਾ ਅੰਤਿਮ ਲਕਸ਼ ਉਸੇ ਪ੍ਰਮਾਤਮਾ ਨਾਲ ਇਕਸੁਰਤਾ ਸਥਾਪਿਤ ਕਰਨਾ ਹੁੰਦਾ ਹੈ। ਸੂਫ਼ੀਆਂ ਨੇ ਵੀ ਨਾਦਾਤਮਕ ਸ਼ਕਤੀ ਨੂੰ ਪਹਿਚਾਣਦੇ ਹੋਏ ਸੰਗੀਤ ਨੂੰ ਰੂਹਾਨੀ ਅਤੇ ਰਹੱਸਵਾਦੀ ਅੰਦਾਜ ਵਿਚ ਪੇਸ਼ ਕੀਤਾ ਹੈ। ਸੂਫ਼ੀਆਂ ਦੇ ਬਾਰੇ ਵਿਚ ਕਿਹਾ ਜਾਂਦਾ ਹੈ ਕਿ ਜਦੋਂ ਦੋ ਸਿਲਸਲਿਆ ਦੇ ਸੂਫ਼ੀ ਆਪਸ ਵਿਚ ਮਿਲਦੇ ਤਾਂ ਉਹ ਸਤਿਕਾਰ ਵਜੋਂ ਸਮਾਅ ਦੀ ਦਾਵਤ ਵੀ ਦਿੰਦੇ ਸਨ।

ਪ੍ਰਸਿੱਧ ਸੂਫ਼ੀ ਅਬੂ ਕਾਸਿਮ ਅਲਬਗਦਾਦੀ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ "ਸੰਗੀਤ ਆਤਮਾ ਕਾ ਭੋਜਨ ਹੈ, ਜਬ ਆਤਮਾ ਅਪਨੀ ਖੁਰਾਕ ਯਾਨੀ ਭੋਜਨ ਲੇਤੀ ਹੈ ਤੋ ਵਹ ਅਪਨੀ ਸਹੀ ਸਥਿਤੀ ਮੇਂ ਪਹੁੰਚ ਜਾਤੀ ਹੈ ਔਰ ਸਰੀਰ ਕੀ ਅਧੀਨਤਾ ਸੇ ਮੁਕਤੀ ਪਾ ਲੇਤੀ ਹੈ। "[2]

ਸੰਗੀਤ ਦੁਆਰਾ ਹੀ ਸੂਫ਼ੀ ਆਪਣੀ ਇੰਦਰੀਆਂ ਨੂੰ ਵਸ ਕਰਕੇ ਮਨ ਨੂੰ ਜਿਤਦੇ ਹਨ। ਮਨ ਨੂੰ ਜਿੱਤਣਾ ਹੀ ਸੂਫ਼ੀ ਦੀ ਅੰਦਰਲੀ ਤਿਆਰੀ ਹੈ। ਸੰਗੀਤ ਦੇ ਨਾਲ ਜੁੜ ਕੇ ਸੂਫ਼ੀ ਆਤਮਾ ਉਸ ਸਮੁੰਦਰ ਦੀ ਤਰ੍ਹਾਂ ਹੋ ਜਾਂਦੀ ਹੈ ਜਿਸ ਵਿਚ ਕੋਈ ਵੀ ਲਹਿਰ ਨਾ ਹੋਵੇ। ਉਹ ਆਤਮਕ ਤੌਰ ਤੇ ਪ੍ਰਮਾਤਮਾ ਨਾਲ ਇਕਸੁਰ ਹੋ ਜਾਂਦੀ ਹੈ ਅਤੇ ਅਧਿਆਤਮਿਕਤਾ ਦੇ ਸਾਗਰ ਵਿਚ ਤਾਰੀ ਲਾ ਲੈਂਦੀ ਹੈ।

"ਲਗਭਗ ਗਿਆਰਵੀਂ, ਬਾਹਰਵੀਂ ਸ਼ਤਾਬਦੀ ਕੇ ਪਾਸ ਭਾਰਤ ਮੇਂ ਸੂਫ਼ੀਆ ਕਾ ਆਗਮਨ ਹੂਆ। ਉਸ ਸਮੇਂ ਭਾਰਤੀ ਸੰਸਾਰ ਮੇਂ ਸੰਸਕ੍ਰਿਤਕ ਤਥਾ ਪ੍ਰਾਂਜਲ ਗਾਇਨ ਪ੍ਰਣਾਲੀ ਪ੍ਰਚਲਿਤ ਸੀ। "[3]

ਸੂਫ਼ੀ ਲੋਗ ਸੰਸਕ੍ਰਿਤ ਭਾਸ਼ਾ ਦੇ ਗਿਆਤਾ ਨਹੀਂ ਸਨ ਇਸ ਲਈ ਉਹ ਭਾਰਤੀ ਸੰਗੀਤ ਨੂੰ ਸਮਝ ਨਹੀਂ ਸਕੇ। ਪਰੰਤੂ ਭਾਰਤੀ ਸੰਗੀਤ ਦੀਆਂ ਸਵਰ ਲਹਿਰੀਆਂ ਨੇ ਉਨ੍ਹਾਂ ਨੂੰ ਆਪਣੇ ਵੱਲ ਆਕਰਸ਼ਿਤ

---

[1] ਸੰਗੀਤ, ਜਨਵਰੀ 2013, ਪੰਨਾ 123.
[2] ਵਰਮਾ, ਰਾਜੀਵ (ਡਾ.), ਨੀਲਮ ਪਾਰੀਕ (ਡਾ.), ਭਾਰਤੀਏ ਸੰਗੀਤ ਅਧਿਆਤਮਿਕ ਸਵਰੂਪ, ਪੰਨਾ 73.
[3] ਸਚਦੇਵਾ, ਰੇਨੂ, ਧਾਰਮਿਕ ਪਰੰਪਰਾਏ ਏਵਮ ਹਿੰਦੁਸਤਾਨੀ ਸੰਗੀਤ, ਪੰਨਾ 159.

ਕੀਤਾ। "ਭਾਰਤੀ ਸੰਗੀਤ ਕੇ ਸ਼ਾਸਤਰੀ ਪੱਖ ਕੋ ਸਮਝ ਕਰ ਇਸ ਮੇਂ ਅਰਬੀ, ਫਾਰਸੀ ਸੰਗੀਤ ਕਾ ਮਿਸ਼ਰਣ ਕੀਆ ਤਥਾ ਕੌਲ, ਕਲਾਮ, ਨਕਸ਼ ਗੁਲ, ਕਵਾਲੀ, ਤਰਾਨਾ, ਕਲਬਾਨਾ, ਖਿਆਲ, ਬਸੀਤ, ਰੰਗ ਤਥਾ ਕਾਫ਼ੀ, ਅਨੇਕ ਗਾਇਨ ਵਿਧਾਓ ਕਾ ਚਿਤਰਣ ਕੀਆ।"[1] ਵਰਤਮਾਨ ਕਾਲ ਵਿਚ ਹਿੰਦੁਸਤਾਨੀ ਸੰਗੀਤ ਵਿਚ ਇਹ ਸ਼ੈਲੀਆਂ ਅੱਜ ਵੀ ਪ੍ਰਚਲਿਤ ਹਨ। ਸੂਫ਼ੀ ਸੰਗੀਤ ਦਾ ਉਦੇਸ਼ ਹੀ ਜਨ ਸਧਾਰਨ ਨੂੰ ਅਧਿਆਤਮਿਕਤਾ ਦਾ ਪਾਠ ਪੜਾ ਕੇ ਜੀਵਨ ਜਾਂਚ ਸਿਖਾਉਣਾ ਸੀ। ਸੂਫ਼ੀ ਸੰਤਾਂ ਨੇ ਸੂਫ਼ੀ ਕਲਾਮ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕਾਵਿ ਰੂਪਾਂ ਅਤੇ ਗਾਇਨ ਸ਼ੈਲੀਆਂ ਨੂੰ ਵਿਸ਼ੇਸ ਨਿਯਮਾਂ ਅਨੁਸਾਰ ਪ੍ਰਯੋਗ ਕੀਤਾ ਤਾਂ ਜੋ ਸੂਫ਼ੀ ਕਲਾਮ ਦਾ ਭਾਵ ਉਚਿਤ ਰਸ ਵਿਚ ਪ੍ਰਵਾਹਿਤ ਹੋ ਕੇ ਅੰਤਰ ਆਤਮਾ ਨੂੰ ਛੂਹ ਸਕੇ।

"ਕਾਦਰੀ ਸੰਪਰਦਾ ਦੇ ਅਨੁਯਾਈ ਆਪਣੇ ਮੁਰਸ਼ਦ ਦੀ ਭਗਤੀ ਵਿਚ ਮਸਤ ਹੋ ਕੇ ਵੈਸ਼ਣਵਾਂ ਵਾਂਗ ਗਾਉਂਦੇ ਤੇ ਨੱਚਦੇ ਹਨ। ਨੱਚਦੇ-ਨੱਚਦੇ ਮਸਤੀ ਵਿਚ ਬੇਸੁਧ ਹੋ ਜਾਂਦੇ ਹਨ। ਇਸ ਨੂੰ 'ਹਾਲ ਪੈਣਾ' ਵੀ ਕਿਹਾ ਜਾਂਦਾ ਹੈ।"[2]

ਸੂਫ਼ੀ ਪਰੰਪਰਾ ਵਿਚ ਸੰਗੀਤ ਦੀ ਮਹਿਫਿਲ ਦਾ ਜਿਸ ਸਥਾਨ ਤੇ ਆਗਾਜ਼ ਕੀਤਾ ਜਾਂਦਾ ਹੈ ਉਸ ਨੂੰ ਸਮਾਖਾਨਾ ਕਹਿੰਦੇ ਹਨ। ਖਾਨਕਾਹਾਂ ਅਤੇ ਦਰਗਾਹਾਂ ਵਿਚ ਸੂਫ਼ੀ ਸੰਗੀਤ ਸੁਨਣ ਨੂੰ ਮਿਲਦਾ ਹੈ। ਕਵਾਲੀਆਂ ਦਾ ਦਰਗਾਹਾਂ ਤੇ ਖ਼ਾਸ ਨਿਭਾਅ ਹੁੰਦਾ ਹੈ। ਸਮਾਅ ਦੀਆ ਮਹਿਫ਼ਿਲਾਂ ਵਿਚ ਸਿਰਫ਼ ਅੱਲਾ ਪ੍ਰਭੂ ਪ੍ਰਮਾਤਮਾ ਦੀ ਗੱਲ ਹੁੰਦੀ ਹੈ। ਈਸ਼ਵਰ ਦਾ ਜ਼ਿਕਰ ਹੁੰਦਾ ਹੈ ਜੋ ਸੁਨਣ ਦੇ ਬਾਦ ਮਨ ਪਾਕ ਹੋ ਜਾਂਦਾ ਹੈ ਅਤੇ ਪਰਮਾਤਮਾ ਦੇ ਵੱਲ ਖਿਚਿਆ ਚਲਾ ਜਾਂਦਾ ਹੈ ਅਤੇ ਅੱਲਾ ਦੀ ਬੰਦਗੀ ਦੇ ਲਈ ਪ੍ਰੇਰਿਤ ਹੁੰਦਾ ਹੈ। ਮੁਈਨੁਦੀਨ ਚਿਸ਼ਤੀ ਨੇ ਆਪਣੇ ਮੁਰਸ਼ਿਦ ਹਜ਼ਰਤ ਉਸਮਾਨ ਹਾਰੂਨੀ ਦੀ ਯਾਦ ਵਿੱਚ ਅਜਮੇਰ ਵਿਚ ਸਮਾਖਾਨਾ ਬਣਵਾਇਆ। ਕਿਉਂਕਿ ਹਜ਼ਰਤ ਉਸਮਾਨ ਹਾਰੂਨੀ ਨੇ ਹੀ ਸਮਾਅ ਨੂੰ ਇਸਲਾਮ ਵਿਚ ਹਲਾਲ ਘੋਸ਼ਿਤ ਕੀਤਾ ਸੀ। ਹਜ਼ਰਤ ਉਸਮਾਨ ਹਾਰੂਨੀ ਸੰਗੀਤ ਨਾਲ ਏਨਾ ਡੂੰਘਾ ਲਗਾਵ ਰੱਖਦੇ ਸਨ ਕਿ ਉਹ ਸਮਾਅ ਦੀ ਮਹਿਫਿਲ ਵਿਚ ਹਾਲ ਦੀ ਅਵਸਥਾ ਵਿਚ ਪਹੁੰਚ ਜਾਂਦੇ ਸਨ। ਉਹ ਸੰਗੀਤ ਸੁਣਦਿਆਂ-ਸੁਣਦਿਆਂ ਬੇਸੁਧ ਹੋ ਜਾਂਦੇ ਸਨ ਅਤੇ ਜ਼ੋਰ-ਜ਼ੋਰ ਨਾਲ ਰੋਣ ਲਗਦੇ ਸਨ। ਜਦੋਂ ਇਹ ਖਬਰ ਖਲੀਫ਼ੇ ਤੱਕ ਪਹੁੰਚੀ ਤਾਂ ਉਨ੍ਹਾਂ ਨੇ ਆਪ ਨੂੰ ਸਮਾਅ ਤੋਂ ਮਨਾ ਕਰ ਦਿੱਤਾ ਪਰ ਆਪ ਨੇ ਸਮਾਅ ਨੂੰ ਰੱਬ ਨੂੰ ਪਾਉਣ ਦਾ ਅਸਲ ਭੇਦ ਦੱਸਿਆ ਅਤੇ ਸਮਾਅ ਦੀ ਮਹਿਫਿਲ ਨੂੰ ਅਲੌਕਿਕ ਦੱਸਦੇ ਹੋਏ ਕਿਹਾ ਕਿ ਜੇਕਰ ਮੈਂ ਸਮਾਅ ਤੋਂ ਮੂੰਹ ਫੇਰ ਲਵਾਂਗਾਂ ਤਾਂ ਮੈਂ ਆਪਣੇ ਮੁਰਸ਼ਿਦ ਦੀ ਅਦਾਲਤ ਵਿਚ ਗੁਨਾਹਗਾਰ ਸਾਬਿਤ ਹੋਵਾਂਗਾ।

ਬਾਬਾ ਫ਼ਰੀਦ ਵੀ ਸਮਾਅ ਦੀ ਮਹਿਫ਼ਿਲ ਨੂੰ ਜਾਇਜ਼ ਠਹਿਰਾਉਂਦੇ ਹਨ। ਉਨ੍ਹਾਂ ਦੇ ਅਨੁਸਾਰ ਸਮਾਅ ਦਾ ਮਹੱਤਵ ਉਹ ਹੀ ਲੋਕ ਦੱਸ ਸਕਦੇ ਹਨ, ਜਿੰਨ੍ਹਾਂ ਨੇ ਸਮਾਅ ਦੇ ਰਾਹੀਂ ਪ੍ਰਮਾਤਮਾ ਨਾਲ ਮਿਲਾਪ ਪਾਇਆ ਹੈ। "ਹਜ਼ਰਤ ਗੰਜ-ਏ-ਸ਼ਕਰ ਨੇ ਕੀਰਤਨ ਕੋ ਦਿਲ ਕਾ ਸੁਖ ਕਹਾ ਹੈ। ਸਮਾਅ ਪਿਆਰੋਂ ਕੇ ਦਿਲ ਮੇਂ ਹਲਚਲ ਪੈਦਾ ਕਰਤੀ ਹੈ। ਇਸ ਕੇ ਬਾਅਦ ਹੈਰਤ, ਫਿਰ ਜ਼ੋਕ (ਅਨੰਦ) ਔਰ ਅੰਤ ਮੇਂ ਬੇਹੋਸ਼ੀ

---

[1] ਗੋਸਵਾਮੀ, ਸੁਨੀਲ (ਡਾ.), ਸੂਫ਼ੀ ਸੰਗੀਤ ਤਥਾ ਪਰੰਪਰਾ ਕੇ ਸੰਦਰਭ ਮੇਂ, ਪੰਨਾ 25,26.
[2] ਘੁੰਮਣ, ਬਿਕਰਮ ਸਿੰਘ (ਪ੍ਰੋ.), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਪੰਨਾ 32.

ਛਾਅ ਜਾਤੀ ਹੈ। ਸੂਫ਼ੀ ਇਸ ਬੇਹੋਸ਼ੀ ਮੇਂ ਐਸਾ ਗਰਕ ਹੋਤਾ ਹੈ ਕਿ ਉਸੇ ਕੋਈ ਖਬਰ ਨਹੀਂ ਰਹਿਤੀ। ਯਹੀ ਚਾਰੋਂ ਚੀਜ਼ੇ ਰਬ ਕੀ ਪ੍ਰਾਪਤੀ ਕਾ ਯਾ ਮਾਰਫਤ ਕਾ ਸਾਧਨ ਬਣਤੀ ਹੈ।"[1]

"ਸਮਾਅ ਕਾ ਕਦ ਉਹਨਾਂ ਕੋਲੋਂ ਪੁੱਛੋ ਜਿਹਨਾਂ ਨੇ ਇਸ ਦੇ ਦੁਆਰਾ ਵਸਲ (ਮਿਲਾਪ) ਦਾ ਬਹੁਮੁੱਲਾ ਅਧਿਆਤਮਕ ਅਨੁਭਵ ਨਸੀਬ ਹੋਇਆ ਹੈ।"[2]

"ਸੂਫ਼ੀ ਮਤ ਕੀ ਪਹਿਚਾਣ ਵਹਿਦਤ ਕੇ ਨਗਮੋਂ ਮੇਂ ਹੈ। ਨਗਮਾ ਆਵਾਜ਼ ਔਰ ਸਾਜ਼ ਦੋਨੋਂ ਸੇ ਮਿਲਕੇ ਸਾਮਨੇ ਆਤਾ ਹੈ ਸਾਜ਼ ਔਰ ਆਵਾਜ਼ ਸੇ ਬੰਦਾ ਖੁਦਾ ਕੋ ਅਪਨਾ ਹਮਰਾਜ ਬਨਾਤਾ ਹੈ ਯਹੀ ਕਾਮ ਔਰ ਅੰਦਾਜ਼ ਸੂਫ਼ੀਓ ਨੇ ਰਵਾਇਤ ਬਨਾਕੇ ਅਪਨੇ ਯਹਾਂ ਜਾਰੀ ਕੀਆ। ਸੂਫ਼ੀ ਪਰੰਪਰਾਓ ਮੇਂ ਚਿਸ਼ਤੀ, ਕਾਦਰੀ ਔਰ ਸੁਹਰਵਰਦੀ ਆਪਨੀ ਖਾਨਕਾਹੋਂ ਮੇਂ ਕਵਾਲੀ ਔਰ ਸਮਾਅ ਕੋ ਹਮੇਸ਼ਾ ਕਾਇਮ ਰਖਤੇ ਰਹੇ ਔਰ ਯਹ ਸਿਲਸਿਲਾ ਅਬ ਭੀ ਕਾਇਮ ਹੈ। ਹਜ਼ਰਤ ਅਮੀਰ ਖੁਸਰੋ ਕੇ ਬਨਾਏ ਹੁਏ ਰਾਗ ਯਮਨ ਮੇਂ 'ਮਨ ਕੁੰਤੋ ਮੌਲ੍ਹਾ' ਗਾਇਆ ਜਾਤਾ ਹੈ। ਐਸੇ ਹੀ ਰਾਗ ਭੀਮ ਪਲਾਸੀ ਮੇਂ 'ਦਮਾ ਦਮ ਮਸਤ ਕਲੰਦਰ' ਕੀ ਰਵਾਇਤ ਹਿੰਦੁਸਤਾਨੀ ਗੀਤ ਔਰ ਸੰਗੀਤ ਕੇ ਸਾਥ ਹੀ ਸੂਫ਼ੀ ਮਤ ਮੇਂ ਆਈ ਹੈ।"[3]

"ਇਸਲਾਮ ਧਰਮ ਮੇਂ ਚਾਹੇ ਰਾਗ ਔਰ ਵਾਦ ਕਾ ਉਲੇਖ ਨਹੀਂ ਕਿੰਤੂ ਕਵਾਲੀ, ਨਾਂਅਤ ਔਰ ਹਮਦ ਜੈਸੀ ਧਾਰਮਿਕ ਗਾਇਕ ਸ਼ੈਲੀਆਂ ਹਿੰਦੂ ਅਥਵਾ ਕਿਸੀ ਅਨਅ ਧਰਮ ਸੇ ਇਸਲਾਮ ਧਰਮ ਮੇਂ ਸੂਫ਼ੀਓ ਦੁਆਰਾ ਪ੍ਰਵਿਸ਼ਟ ਹੂਈ"।[4]

### 3.3.5 ਉਰਸ

ਉਰਸ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਸ਼ਾਦੀ, ਵਿਆਹ ਜਾਂ ਨਿਕਾਹ ਤੇ ਪਰੋਸਿਆਂ ਜਾਣ ਵਾਲਾ ਪ੍ਰੀਤੀ ਭੋਜਨ। "ਕਿਸੇ ਬਜ਼ੁਰਗ ਜਾਂ ਮੁਰਸ਼ਦ ਦੀ ਸਲਾਨਾ ਫ਼ਾਤਿਹ ਦੀ ਮਜਲਸ, ਜਿਹੜੀ ਮੌਤ ਵਾਲੇ ਦਿਨ ਹੁੰਦੀ ਹੋਵੇ, ਵਿਆਹ ਦੀ ਜਿਆਫ਼ਤ।"[5] ਗੁਰਦੇਵ ਸਿੰਘ ਇਸਦੇ ਅਰਥ ਵਿਚ ਲਿਖਦੇ ਹਨ "ਕਿਸੇ ਬਜ਼ੁਰਗ ਦੀ ਮੌਤ ਉਤੇ ਸਲਾਨਾ ਫ਼ਾਤਿਹਾ (ਕੁਰਾਨ ਮਜੀਫ਼ ਦੀ ਪਹਿਲੂ ਸੂਰਤ ਤੇ ਹੋਰ ਆਇਤਾਂ ਪੜ੍ਹਕੇ ਕਿਸੇ ਵੀ ਵਿੱਛੜ ਚੁੱਕੀ ਰੂਹ ਨੂੰ ਪੁੰਨ ਪਹੁੰਚਾਉਣਾ); ਉਸ ਪ੍ਰੀਤੀ ਭੋਜਨ ਨੂੰ ਵੀ ਕਹਿੰਦੇ ਹਨ ਜੋ ਸ਼ਾਦੀ ਜਾਂ ਨਿਕਾਹ ਦੇ ਮੌਕੇ ਤੇ ਦਿੱਤਾ ਜਾਵੇ।"[6]

ਆਮ ਦੇਖਣ ਵਿਚ ਆਉਂਦਾ ਹੈ ਕਿ ਮਹਾਨ ਆਦਮੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ ਪਰੰਤੂ ਮੁਲਸਮਾਨਾਂ ਵਿਚ ਸੰਤਾਂ, ਪੀਰਾਂ, ਫ਼ਕੀਰਾਂ ਜਾਂ ਦਰਵੇਸ਼ਾਂ ਦੇ ਜਨਮ ਦਿਨ ਦੀ ਥਾਂ ਮੌਤ ਦੇ ਦਿਨ ਦਾ ਮਹਾਤਮ ਜਿਆਦਾ ਉੱਚ ਮੰਨਿਆ ਜਾਂਦਾ ਹੈ। ਉਨ੍ਹਾਂ ਦੇ ਮੁਤਾਬਿਕ ਮਰਨ ਤੋਂ ਉਪਰੰਤ ਹੀ ਜੀਵ ਆਤਮਾ ਉਸ ਪ੍ਰਭੂ ਪ੍ਰਮਾਤਮਾ ਦੇ ਘਰ ਜਾਂਦੀ ਹੈ। "ਕਿਉਂਕਿ ਰਹੱਸਵਾਦੀ ਪ੍ਰਕ੍ਰਿਆ ਕੇ ਅਨੁਸਾਰ ਉਸ ਦਿਨ ਸੂਫ਼ੀ ਫ਼ਕੀਰ ਇਸ

---

[1] ਪੰਜਾਬੀ ਦੁਨੀਆ, ਫਰੀਦ ਅੰਕ, ਅਪ੍ਰੈਲ-ਮਈ 1960, ਪੰਨਾ 155.
[2] ਸਿੱਧੂ, ਗੁਰਦੇਵ ਸਿੰਘ (ਡਾ.), ਸੂਫ਼ੀ ਜੀਵਨੀਆਂ, ਪੰਨਾ 107.
[3] ਸਚਦੇਵਾ, ਰੇਨੂੰ, ਧਾਰਮਿਕ ਪ੍ਰੰਪਰਾਏ ਏਵਮ ਹਿੰਦੁਸਤਾਨੀ ਸੰਗੀਤ, ਪੰਨਾ 103.
[4] ਖੰਨਾ, ਜਤਿੰਦਰ ਸਿੰਘ, ਮੱਧ ਕਾਲੀਨ ਧਰਮਾਂ ਵਿਚ ਸ਼ਾਸਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ, ਪੰਨਾ 68.
[5] ਉਰਦੂ-ਪੰਜਾਬੀ ਕੋਸ਼, ਪੰਨਾ 328.
[6] ਗੁਰਦੇਵ ਸਿੰਘ, ਪੰਜਾਬੀ ਸੂਫ਼ੀ-ਸਾਹਿਤ ਸੰਦਰਭ ਗ੍ਰੰਥ, ਪੰਨਾ 6.

ਦੁਨੀਆਂ ਕੇ ਰੂਪ ਮੇਂ 'ਮਾਇਕੇ ਘਰ' ਕੋ ਛੋਡ ਕਰ ਪਰਮਾਤਮਾ ਰੂਪੀ 'ਪਤੀ ਕੇ ਘਰ' ਮਹਾਂ-ਮਿਲਨ ਕੇ ਲਿਏ ਪ੍ਰਸਥਾਨ ਕਰਤਾ ਹੈ। ਇਸ ਲਿਏ ਉਸ ਵਕਤ ਨਿਕਾਹ ਯਾ ਵਿਵਾਹ ਕੇ ਮੌਕੇ ਪਰ ਕੀ ਜਾਨੇ ਵਾਲੀ ਖੁਸ਼ੀਓ ਭਰੀ ਰਸਮੇਂ ਨਿਭਾਈ ਜਾਤੀ ਹੈ। ਫਲਸਰੂਪ ਉਸ ਦਿਨ ਕਿਆ ਜਾਨੇ ਵਾਲਾ ਸਾਰਾ ਕਾਰਜ ਯਾ ਉਤਸਵ ਉਰਸੇ ਕਹਿਲਾਤਾ ਹੈ।"[1]

ਉਰਸ ਦੇ ਮੌਕੇ ਤੇ ਉਸ ਸੰਬੰਧਿਤ ਪੀਰ, ਫ਼ਕੀਰ ਦੀ ਮਜ਼ਾਰ ਤੇ ਉਸ ਨਾਲ ਸੰਬੰਧਿਤ ਕਲਾਮ ਗਾਇਆ ਜਾਂਦਾ ਹੈ। ਦੂਰ-ਦੂਰ ਤੋਂ ਕਵਾਲ ਆ ਕੇ ਸੰਗੀਤ ਰਾਹੀਂ ਪੀਰਾਂ ਦੀ ਉਸਤਤੀ ਕਰਦੇ ਹਨ। "ਸਦਾਰੰਗ ਜੈਸੇ ਧਰੁਪਦ-ਗਾਇਕ, ਵੀਣਾ ਵਾਦਕ, ਖਿਆਲੋਂ ਕੇ ਆਦਰਸ਼ ਗਾਇਕ ਔਰ ਰਚਾਇਤਾ ਭੀ ਏਕ ਤਾਤਾਰੀ ਕੱਵਾਲ ਕੇ ਸ਼ਿਸ਼ਅ ਥੇ ਔਰ ਸੂਫ਼ੀ ਕੀ ਸਮਾਧੀਓਂ ਪਰ ਜਾਤੇ ਥੇ।"[2] ਹਿੰਦੁਸਤਾਨ ਵਿਚ ਖਵਾਜਾ ਮੁਈਨਦੀਨ ਚਿਸ਼ਤੀ ਦੀ ਦਰਗਾਹ ਜੋ ਕਿ ਅਜਮੇਰ ਵਿਚ ਹੈ ਹਰ ਸਾਲ ਉਰਸ ਤੇ ਹਿੰਦੁਸਤਾਨੀ ਅਤੇ ਪਾਕਿਸਤਾਨੀ ਕਲਾਕਾਰ ਆਪਣੇ ਫ਼ਨ ਰਾਹੀਂ ਸਰੋਤਿਆਂ ਨੂੰ ਮੰਤਰਮੁਗਧ ਕਰਦੇ ਹਨ। ਇਸੇ ਤਰ੍ਹਾਂ ਹੀ ਨਿਜ਼ਾਮੁਦੀਨ ਔਲੀਆ ਹਜ਼ਰਤ ਖੁਸਰੋ ਦੀ ਦਰਗਾਹ ਦਿੱਲੀ ਵਿਚ ਵੀ ਉਰਸ ਦਾ ਨਿਭਾਅ ਹੁੰਦਾ ਹੈ। "ਦਿੱਲੀ ਵਾਲੇ ਆਪਕੋ 'ਸੁਲਤਾਨ ਜੀ' ਕਹਤੇ ਹੈ। ਦਿੱਲੀ ਮੇਂ ਆਪਕੇ ਮਜ਼ਾਰ ਪਰ ਪ੍ਰਤੀਵਰਸ਼ ਏਕ ਵਿਰਾਟ-ਉਰਸ ਕਾ ਆਯੋਜਨ ਕਈ ਦਿਨੋਂ ਤਕ ਹੋਤਾ ਹੈ। ਆਪ ਅਰਬੀ, ਫ਼ਾਰਸੀ ਕੇ ਉੱਚਕੋਟੀ ਕੇ ਵਿਦਵਾਨ, ਬੇਹਤਰੀਨ ਸੰਗੀਤਗਅ, ਪ੍ਰਸਿੱਧ ਸੂਫ਼ੀ ਸੰਤ ਔਰ ਵਲੀ ਸ਼ਾਮਿਲ ਰਹੇ। ਆਪਕੇ ਨਾਮ ਸੇ ਏਕ ਗੇਅ ਪਦ ਬੜਾ ਪ੍ਰਸਿੱਧ ਹੈ, ਜੋ ਜਹਾਂ ਪੇਸ਼ ਹੈ।

ਪਰਬਤ ਬਾਂਸ ਮੰਗਾਵ ਮੋਰੇ ਬਾਬੁਲ, ਨੀਕੇ ਮੰਡਵਾ ਛਾਂਵ ਰੇ।
ਸੋਨਾ ਦੀਨਹਾ, ਰੂਪਾ ਦੀਨਹਾ, ਬਾਬੁਲ ਦਿਲ ਦਰਿਆਵ ਰੇ।
ਹਾਥੀ ਦੀਨਾ, ਘੋੜਾ ਦੀਨਾ, ਬਹੁਤ ਬਹੁਤ ਮਨ ਚਾਵ ਰੇ।
ਡੋਲਿਆ ਫੰਦਾਹ ਪਿਆ ਲੈ ਚਲਿਹੈਂ, ਅਬ ਸੰਗ ਨਹੀਂ ਕੋਈ ਆਵ ਰੇ।
ਗੁੜਿਆ ਖੇਲਨ ਮਾਂ ਕੇ ਘਰ ਰਹ ਗਈ, ਨਹਿਂ ਖੇਲਨ ਕੋ ਚਾਵ ਰੇ।
'ਨਿਜ਼ਾਮੁਦੀਨ ਔਲਿਆ ਬਹਿਆਂ ਪਕਰ ਚਲੇ, ਧਰਿਹੋਂ ਵਾਕੇ ਪਾਂਵ ਰੇ।"[3]

ਉਰਸ ਦੀ ਸ਼ੁਰੂਆਤ ਤੇ ਨਮਾਜ਼ ਪੜ ਕੇ ਚਾਦਰ ਚੜਾਈ ਜਾਂਦੀ ਹੈ ਅਤੇ ਫਿਰ ਕਵਾਲ ਸੰਗੀਤ ਦੀ ਮਹਿਫ਼ਿਲ ਵਿਚ ਕਵਾਲੀਆਂ ਗਾਉਂਦੇ ਹਨ ਅਤੇ ਅਖ਼ੀਰ ਵਿਚ ਫ਼ਾਤਿਹਾ ਪੜ੍ਹਿਆ ਜਾਂਦਾ ਹੈ। "ਉਰਸ ਕੇ ਮੋਕੇ ਪਰ ਕੱਵਾਲੀ ਕੇ ਰੂਪ ਮੇਂ ਗਜਲੋਂ ਦੁਆਰਾ ਹੀ ਸਤੁਤੀਗਅ ਹੋਤਾ ਥਾ"[4] ਉਰਸ ਦੇ ਸਮੇਂ ਅਜਿਹੀ ਸੰਗੀਤ ਦੀ ਮਹਿਫ਼ਿਲ ਨੂੰ ਸਮਾਅ ਕਿਹਾ ਜਾਂਦਾ ਹੈ। "ਭਗਤੀ ਸੰਗੀਤ ਕੇ ਅੰਤਰਗਤ ਜੁੜਨੇ ਵਾਲੀ ਉਨ ਤਤਕਾਲੀਨ ਸਾਭਾਓ ਕੋ ਭੀ, ਉਨ ਦਿਨੋਂ ਆਜ ਕੇ ਉਰਸੋਂ ਕੀ ਤਰਹ 'ਮਹਿਫਿਲੇ ਸਮਾਅ' ਹੀ ਕਹਾ ਜਾਤਾ ਥਾ ਔਰ

---

[1] ਸਤਿੰਦਰ ਪਾਲ ਸਿੰਘ, ਖੋਜ ਪ੍ਰਬੰਧ-ਸੂਫ਼ੀ ਗਾਇਨ ਪਰੰਪਰਾ ਦਾ ਸਾਹਿਤਕ ਏਵਮ ਸੰਗੀਤਾਤਮਕ ਅਧਿਐਨ, ਪੰਨਾ 36.
[2] ਸੰਗੀਤ, ਜਨਵਰੀ 2013, ਪੰਨਾ 68.
[3] ਉਹੀ, ਪੰਨਾ 129.
[4] ਉਹੀ, ਪੰਨਾ 129.

ਗਾਇਨ ਕਰਨੇ ਵਾਲੇ ਗਾਇਕੋਂ ਕੋ ਪ੍ਰਾਅ : ਮੁਗੰਨੀ, ਮੁਤਰਿਬ ਵ ਗੋਅੰਦ।"[1] ਸਮਾਅ ਸੁਣਦੇ-ਸੁਣਦੇ ਕਈ ਸੂਫ਼ੀ ਫਕੀਰ ਏਕੇ ਅੰਤਰਮਗਨ ਹੋ ਜਾਂਦੇ ਹਨ ਕਿ ਉਹ ਝੂੰਮਣ ਲੱਗ ਜਾਂਦੇ ਹਨ, ਸੁਧ ਬੁਧ ਗਵਾ ਲੈਂਦੇ ਹਨ। ਅਜਿਹੀ ਸਥਿਤੀ ਨੂੰ ਹਾਲ ਪੈਣਾ ਕਿਹਾ ਜਾਂਦਾ ਹੈ। "ਚਿੰਤਨ ਜਿਸ ਪ੍ਰਕਾਰ ਇਲਮ (ਗਿਆਨ) ਕੋ ਮਾਲੂਮ (ਗਿਆਤ) ਕੀ ਤਰਫ਼ ਖੀਚਤਾ ਹੈ, ਉਸੀ ਤਰਹ ਨਗਮਾ ਭੀ ਅੰਤ ਕਰਣ ਕੋ ਆਹਲਾਦ ਕੀ ਔਰ ਖੀਂਚਤਾ ਹੈ।"[2]

ਅਧਿਆਤਮਿਕ ਦ੍ਰਿਸ਼ਟੀ ਨਾਲ ਜੇਕਰ ਅਧਿਐਨ ਕੀਤਾ ਜਾਵੇ ਤਾਂ ਸੰਗੀਤ ਹੀ ਅਜਿਹੀ ਚੀਜ਼ ਹੈ ਜੋ ਨਿਰਾਕਾਰ ਪ੍ਰਭੂ ਦਾ ਸਪਰਸ਼ ਕਰਵਾ ਸਕਣ ਵਿਚ ਸਮਰੱਥ ਹੈ ਕਿਉਂਕਿ ਸੰਗੀਤ ਅਤੇ ਨਿਰਾਕਾਰ ਪ੍ਰਭੂ ਦੋਨੋਂ ਹੀ ਅਮੂਰਤ ਹਨ। ਸੂਫ਼ੀ ਫ਼ਕੀਰਾਂ ਨੇ ਆਪਣੀ ਸੰਗੀਤ ਸਾਧਨਾ ਰਾਹੀਂ ਉਸ ਨਿਰਾਕਾਰ ਪ੍ਰਭੂ ਨੂੰ ਪਾਇਆ ਹੈ। ਸੂਫ਼ੀ ਫ਼ਕੀਰ ਦੀ ਪਹੁੰਚ ਅਧਿਆਤਮਿਕਤਾ ਦੀ ਉਸ ਉੱਚ ਮੰਜ਼ਿਲ ਤੱਕ ਸੰਗੀਤ ਰਾਹੀਂ ਹੀ ਸੰਭਵ ਹੈ, ਜਿਸ ਲਈ ਹਰੇਕ ਜੀਵ ਆਤਮਾ ਵਿਆਕੁਲ ਹੁੰਦੀ ਹੈ। ਈਸ਼ਵਰ ਭਗਤੀ ਜਾਂ ਲੌਕਿਕ ਪ੍ਰੇਮ ਵਿਚ ਮਗਨ ਜੀਵ ਸਮਾਅ ਦੀ ਮਹਿਫ਼ਲ ਵਿਚ ਏਨੇ ਭਾਵ ਮਗਨ ਹੋ ਜਾਂਦੇ ਹਨ ਕਿ ਉਹਨਾਂ ਤੇ ਇਹ ਹਾਲਤ ਹਾਵੀ ਹੋ ਜਾਂਦੀ ਹੈ।

ਸੂਫ਼ੀ ਪਰੰਪਰਾ ਦਾ ਜਨਮ ਜਾਂ ਸੂਫ਼ੀਮਤ ਦਾ ਆਰੰਭ ਸਤਵੀਂ ਸ਼ਤਾਬਦੀ ਦੇ ਪਹਿਲੇ ਅੱਧ ਵਿਚ ਅਰਬ ਦੇਸ਼ ਵਿਚ ਜਨਮਿਆ। ਸੂਫ਼ੀਮਤ ਇਕ ਪ੍ਰਕਾਰ ਦਾ ਰਹੱਸਵਾਦ ਹੈ। ਸੂਫ਼ੀ ਅਰਥ ਹੀ ਸਪਸ਼ਟ ਕਰਦਾ ਹੈ ਕਿ ਸੂਫ਼ੀ ਤੋਂ ਭਾਵ ਉਹ ਪਾਕ ਤੇ ਪਵਿਤਰ ਰੂਹ ਹੈ ਜਿਸ ਨੇ ਸਿਧਾਂਤਕ, ਸਦਾਚਾਰਕ ਜਾਂ ਸਮਾਜਿਕ ਕਰਮ ਕਾਂਡਾਂ ਤੋਂ ਉਪਰ ਉੱਠ ਕੇ ਅੰਤਰਆਤਮਾ ਤੋਂ ਉਸ ਪ੍ਰਭੂ ਪ੍ਰਮਾਤਮਾ ਵਿਚ ਲੀਨਤਾ ਦਾ ਰਾਹ ਅਖਤਿਆਰ ਕੀਤਾ। ਸੂਫ਼ੀ ਬਾਹਰੀ ਦਿਖਾਵੇ ਦੀ ਜਗ੍ਹਾਂ ਆਂਤਰਿਕ ਸ਼ੁੱਧੀ ਤੇ ਜ਼ੋਰ ਦਿੰਦੇ ਹਨ। ਸੂਫ਼ੀ ਕੁਰਾਨ ਸ਼ਰੀਫ਼ ਦੇ ਅਨੁਵਰਤੀ ਹੁੰਦੇ ਹੋਏ ਵੀ ਸੁਤੰਤਰ ਸੋਚ ਰੱਖਦੇ ਸਨ। ਇਹ ਮੁਲਾਣਿਆਂ ਦੀ ਕੱਟੜਤਾ ਅਤੇ ਕਰਮ ਕਾਂਡਾਂ ਤੋਂ ਨਿਰਲੇਪ ਸਮੁੱਚੇ ਜਨ ਮਾਨਸ ਵਿਚ ਖੁਦਾ ਦਾ ਪ੍ਰਕਾਸ਼ ਦੇਖਦੇ ਹਨ। ਇਸ਼ਕ ਦਾ ਸੰਕਲਪ ਸੂਫ਼ੀਮਤ ਵਿਚ ਪ੍ਰੇਮ-ਮੁਹੱਬਤ ਦੀ ਰਾਹ ਤੇ ਚੱਲ ਕੇ ਅਧਿਆਤਮਿਕਤਾ ਦੀ ਮੰਜਿਲਾਂ ਵਲ ਵਧਣ ਦਾ ਸਿਧਾਂਤ ਹੈ। ਇਸ਼ਕ ਮਜ਼ਾਜੀ ਨੂੰ ਸੂਫ਼ੀ ਇਸ਼ਕ ਹਕੀਕੀ ਦੀ ਪਹਿਲੀ ਪੌੜੀ ਦਸਦੇ ਹਨ। ਸੂਫ਼ੀਆਂ ਦੇ ਅਨੁਸਾਰ ਜੇਕਰ ਉਸ ਪ੍ਰਭੂ ਦੀ ਬਣਾਈ ਹੋਈ ਮਨੁੱਖਤਾ ਨਾਲ ਪਿਆਰ ਕਰੀਏ ਤਾਂ ਹੀ ਅਸੀਂ ਪ੍ਰਭੂ ਦੀ ਮਿਹਰ ਦੇ ਪਾਤਰ ਬਣ ਸਕਦੇ ਹਾਂ। ਇਸ਼ਕ ਦੇ ਸਿਧਾਂਤ ਨੂੰ ਮੰਨਦੇ ਹੋਏ ਸੂਫ਼ੀਆਂ ਨੇ ਪ੍ਰੇਮ ਰੂਪੀ ਰਾਹ ਤੇ ਚਲ ਕੇ ਹੀ ਆਤਮਾ ਦਾ ਪ੍ਰਮਾਤਮਾ ਨਾਲ ਮਿਲਾਪ ਸੰਭਵ ਦੱਸਿਆ।

ਭਾਰਤ ਵਿਚ ਸੂਫ਼ੀਆਂ ਦੀ ਆਮਦ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਸੀ। ਭਾਰਤ ਅਤੇ ਅਰਬ ਦੇ ਵਿਉਪਾਰਿਕ ਸੰਬੰਧ ਸਦੀਆਂ ਤੋਂ ਬਰਕਰਾਰ ਸਨ। ਇਹ ਇਤਿਹਾਸਿਕ ਤੱਥ ਹੈ ਕਿ ਜਿੱਥੇ-ਜਿੱਥੇ ਭਾਰਤ ਵਿਚ ਮੁਸਲਿਮ ਹਮਲਾਵਰ ਆਏ, ਉੱਥੇ-ਉੱਥੇ ਸੂਫ਼ੀ ਫ਼ਕੀਰ ਪਹਿਲਾਂ ਵੀ ਵਿਧਮਾਨ ਸਨ। ਇਸ ਲਈ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਜਿਹੜੇ ਸੂਫ਼ੀ ਫ਼ਕੀਰ ਪਹਿਲਾਂ ਪ੍ਰਾਚੀਨ ਕਾਲ ਤੋਂ ਹੀ ਭਾਰਤ ਵਿਚ ਰਹਿ ਰਹੇ

---

[1] ਸੰਗੀਤ, ਜਨਵਰੀ 2013, ਪੰਨਾ 123.
[2] ਸੰਗੀਤ, ਜਨਵਰੀ-ਫਰਵਰੀ 2002, ਪੰਨਾ 137.

ਸਨ ਉਹ ਸੁਭਾਵਿਕ ਹੀ ਭਾਰਤ ਦੇ ਸਾਹਿਤ, ਸੰਗੀਤ ਅਤੇ ਸਭਿਆਚਾਰ ਤੋਂ ਭਲੀ ਭਾਂਤ ਜਾਣੂ ਹੋਣਗੇ ਅਤੇ ਉਹਨਾਂ ਤੇ ਇਸਦਾ ਪ੍ਰਭਾਵ ਵੀ ਸੁਭਾਵਿਕ ਹੀ ਹੋਵੇਗਾ।

ਮੁਸਲਮਾਨਾਂ ਨੇ ਜਦੋਂ ਭਾਰਤ ਵਿਚ ਰਾਜ ਸਥਾਪਿਤ ਕਰ ਲਿਆ ਤਾਂ ਉਹਨਾਂ ਨੇ ਆਪਣੇ ਧਰਮ ਦੇ ਪ੍ਰਚਾਰ ਪ੍ਰਸਾਰ ਹਿਤ ਮਸਜਿਦਾਂ, ਮਦਰੱਸਿਆਂ ਅਤੇ ਖਾਨਕਾਹਾਂ (ਸੂਫ਼ੀ ਮਠਾਂ) ਦਾ ਨਿਰਮਾਣ ਕੀਤਾ। ਇਸਦੇ ਖਾਨਕਾਹਾਂ ਵਿਚ ਸੂਫ਼ੀਆਂ ਦੀ ਸਾਦਗੀ, ਉਦਾਰਤਾ ਅਤੇ ਧਾਰਮਿਕ ਕੱਟੜਤਾ ਵੱਲੋਂ ਉਦਾਸੀਨਤਾ ਅਤੇ ਸੰਸਾਰ ਦੇ ਲੋਭ-ਮੋਹ ਪ੍ਰਤੀ ਵਿਕਰਿਤ ਭਾਵਨਾ ਕਰਕੇ ਸੂਫ਼ੀ ਲੋਕ ਭਾਰਤੀਆਂ ਦੇ ਦਿਲ ਨੂੰ ਛੂਹ ਗਏ। ਸੂਫ਼ੀ ਮੁਸਲਮਾਨਾਂ ਦੇ ਆਗਮਨ ਸਦਕਾ ਹੀ ਭਾਰਤ ਅਤੇ ਇਸਲਾਮ ਦੀ ਇਕ ਦੂਸਰੇ ਨਾਲ ਸਾਂਸਕ੍ਰਿਤਕ ਸਾਂਝ ਵਧੀ। ਮੁਸਲਮਾਨਾਂ ਨੇ ਭਾਰਤ ਦੀ ਵੈਦਿਕ ਸੰਸਕ੍ਰਿਤੀ ਨੂੰ ਸਮਝਣ ਲਈ ਸੰਸਕ੍ਰਿਤ ਭਾਸ਼ਾ ਨੂੰ ਸਿੱਖਣਾ ਜਰੂਰੀ ਸਮਝਿਆ। "ਪਹਿਲਾਂ ਮੁਸਲਮਾਨ ਵਿਦਵਾਨਾਂ ਨੇ ਪੰਜਾਬ ਵਿਚ ਆ ਕੇ ਸੰਸਕ੍ਰਿਤ ਪੜੀ ਤੇ ਵੇਦਾਂਤ, ਜੋਗ ਵਸ਼ਿਸ਼ਟ, ਗੀਤਾ ਤੇ ਪੁਰਾਣਾਂ ਦਾ ਅਧਿਐਨ ਕੀਤਾ। ਅਬੂ ਰੀਹਾਨ ਅਲਬਰੂਨੀ ਸੀ ਜਿਹੜਾ ਗਜਨਵੀਆਂ ਦੇ ਰਾਜ ਵਿਚ ਕਈ ਸਾਲ ਬਾਗਾਂ ਵਾਲਾ (ਜਿਲਾ ਜਿਹਲਮ) ਵਿਚ ਰਹਿ ਕੇ ਪੰਡਤਾਂ ਕੋਲੋਂ ਸੰਸਕ੍ਰਿਤ ਜ਼ਬਾਨ ਸਿਖਦਾ ਰਿਹਾ। ਅਲਬਰੂਨੀ ਆਪਣੀ ਕਿਤਾਬ ਅਲਹਿੰਦ ਵਿਚ ਲਿਖਦਾ ਹੈ ਕਿ ਫ਼ੀਸਾ ਗੋਰਸ ਦੇ ਫਲਸਫੇ ਹਿੰਦੀ ਵੇਦਾਂਤ ਤੇ ਤਸਵੁੱਫ਼, ਵਿਚ ਬਹੁਤ ਸਾਰੇ ਖਿਆਲਾਂ ਦੀ ਸਾਂਝ ਹੈ ਉਸ ਨੇ ਸੰਸਕ੍ਰਿਤ ਦੀਆਂ ਕਈ ਕਿਤਾਬਾਂ ਦੇ ਅਰਬੀ ਤੇ ਫ਼ਾਰਸੀ ਵਿਚ ਵੀ ਅਨੁਵਾਦ ਕੀਤੇ ਤੇ ਮੁਸਲਮਾਨ ਪਹਿਲੀ ਵਾਰ ਉਪਨਿਸ਼ਦਾਂ ਯੋਗਾਂ ਤੇ ਪੁਰਾਣਾਂ ਦੀ ਵਿਦਿਆ ਤੋਂ ਵਾਕਿਫ਼ ਹੋਏ ਸਨ। ਅਕਬਰ ਨੇ ਮਹਾਂਭਾਰਤ, ਰਮਾਇਣ ਤੇ ਸੰਘਾਸਨ ਬਤੀਸੀ ਤੇ ਫ਼ਾਰਸੀ ਵਿਚ ਅਨੁਵਾਦ ਕਰਵਾਏ। ਦਾਰਾ ਸ਼ਿਕੋਹ ਨੇ ਉਪਨਿਸ਼ਦਾਂ ਦਾ ਫ਼ਾਰਸੀ ਤਰਜਮਾ ਸੱਰੇ-ਅਕਬਰ ਦੇ ਨਾਮ ਨਾਲ ਕਰਵਾਇਆ।"[1]

ਸੂਫ਼ੀਆਂ ਨੇ ਭਾਰਤੀ ਲੋਕਾਂ ਦੇ ਰੀਤੀ-ਰਿਵਾਜਾਂ, ਲੋਕ-ਬੋਲੀ ਅਤੇ ਸੰਗੀਤ ਤੋਂ ਪ੍ਰਭਾਵਿਤ ਹੋ ਕੇ ਇਹਨਾਂ ਨੂੰ ਆਪਣੇ ਜੀਵਨ ਵਿਚ ਅਪਣਾਉਣ ਦਾ ਉਪਰਾਲਾ ਕੀਤਾ। ਸੂਫ਼ੀਆਂ ਨੇ ਆਪਣੇ ਕਲਾਮ ਨੂੰ ਲੋਕ-ਭਾਸ਼ਾ ਵਿਚ ਵਿਅਕਤ ਕੀਤਾ ਤਾਂ ਜੋ ਇਹ ਅਪਣੇ ਅੰਦਰੂਨੀ ਭਾਵਾਂ ਦੀ ਅਭਿਵਿਅਕਤੀ ਸਹਿਜ ਹੀ ਜਨ ਸਾਧਾਰਨ ਤੱਕ ਪਹੁੰਚਾ ਸਕਣ। ਜਿੱਥੇ ਮੁਸਲਿਮ ਰਾਜਿਆਂ ਦੀ ਜ਼ੋਰ-ਜਬਰਦਸਤੀ ਆਪਣੇ ਧਰਮ ਨੂੰ ਲੋਕਾਂ ਤੇ ਥੋਪਣ ਦੀ ਕੋਸ਼ਿਸ਼ ਬੇਕਾਰ ਹੋ ਰਹੀ ਸੀ। ਉੱਥੇ ਸੂਫ਼ੀਆਂ ਨੇ ਸਹਿਜ ਹੀ ਆਪਣੀ ਜਗ੍ਹਾਂ ਭਾਰਤੀ ਲੋਕਾਂ ਦੇ ਦਿਲਾਂ ਵਿਚ ਬਣਾ ਲਈ। ਸੂਫ਼ੀਆਂ ਨੇ ਭਾਰਤੀ ਪਰੰਪਰਾ ਦੇ ਅਨੁਸਾਰ ਭਗਤੀ ਲਈ ਸੰਗੀਤ ਦਾ ਰਾਹ ਚੁਣਿਆ। ਕੁਝ ਵਿਦਵਾਨਾਂ ਦੇ ਅਨੁਸਾਰ ਇਸਲਾਮ ਵਿਚ ਸੰਗੀਤ ਨੂੰ ਧਰਮ ਵਿਰੋਧੀ ਕਲਾ ਮੰਨਿਆ ਗਿਆ ਹੈ ਪਰੰਤੂ ਸੂਫ਼ੀਆਂ ਨੇ ਆਪਣੇ ਅਧਿਆਤਮਿਕ ਭਾਵਾਂ ਦੀ ਅਭਿਵਿਅਕਤੀ ਲਈ ਨਾਦ ਦੀ ਸ਼ਕਤੀ ਨੂੰ ਸਮਝਿਆ। ਮੁੱਲਾਂ-ਮੁਲਾਣਿਆਂ ਨੇ ਸੰਗੀਤ ਦਾ ਬਹੁਤ ਹੀ ਕੱਟੜਤਾ ਨਾਲ ਵਿਰੋਧ ਕੀਤਾ, ਪਰੰਤੂ ਸੂਫ਼ੀਆਂ ਨੇ ਸ਼ਰੀਅਤ ਦੇ ਇਸ ਕੱਟੜ ਨਿਯਮ ਦੀ ਪ੍ਰਵਾਹ ਕੀਤੇ ਬਿਨ੍ਹਾਂ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਕੋਈ ਵੀ ਧਰਮ ਸੰਗੀਤ ਦਾ ਵਿਰੋਧੀ ਨਹੀਂ ਹੋ ਸਕਦਾ ਕਿਉਂਕਿ ਪਰਮਾਤਮਾ ਨਾਲ ਇਕਸੁਰਤਾ ਪੈਦਾ ਕਰਨ ਦਾ

[1] ਜਲਾਲਪੁਰੀ, ਸਯਦ ਅਲੀ ਅਬਾਸ, ਸੂਫ਼ੀ ਕਾਵਿ ਤੇ ਉਸ ਦਾ ਪਿਛੋਕੜ, ਪੰਨਾ 162.

ਸਭ ਤੋਂ ਸੁਗਮ ਮਾਰਗ ਸੰਗੀਤ ਹੀ ਹੈ। ਸੂਫ਼ੀ ਫ਼ਕੀਰਾਂ ਨੇ ਸੰਗੀਤਕ ਉਪਾਸਨਾ ਨੂੰ ਸਮਾਅ ਦਾ ਨਾਮ ਦਿੱਤਾ। ਸੂਫ਼ੀ ਫ਼ਕੀਰਾਂ ਨੇ ਇਸ਼ਟ ਦੇ ਮਿਲਾਪ ਲਈ ਅਤੇ ਆਪਣੇ ਕਲਾਮ ਨੂੰ ਲੋਕਾਂ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਲਈ ਸਮਾਅ ਦੀਆਂ ਮਹਿਫਿਲਾਂ ਦਾ ਸਹਾਰਾ ਲਿਆ।